WEEKLY NEWS PAPER

# ਬੀ ਸੀ ਪੰਜਾਬੀ ਨਿਊਜ਼ ਕੈਨੇਡਾ

BRITISH COLUMBIA : Vancouver, Victoria, Surrey, Nanaimo By: Mangat Media Group

Vol-1 Issue - 02 18 June to 24 June Email: bcpunjabinews@gmail.com Website: www.bcpunjabinews.ca Phone: +1 604 750 4259







## ਫ਼ੀਫ਼ਾ ਵਿਸ਼ਵ ਕੱਪ 2026

# ਕਤਰ ਨੂੰ 6-0 ਨਾਲ ਰੌਂਦ ਕੇ ਕੈਨੇਡਾ ਨੇ ਰਚਿਆ ਇਤਿਹਾਸ

**ਵੈਨਕੂਵਰ, (ਮਲਕੀਤ ਸਿੰਘ)** - ਫ਼ੀਫ਼ਾ ਵਿਸ਼ਵ ਕੱਪ 2026 ਵਿੱਚ ਮੇਜ਼ਬਾਨ ਕੈਨੇਡਾ ਦੀ ਟੀਮ ਨੇ ਵੈਨਕੂਵਰ ਦੇ ਬੀ.ਸੀ. ਪਲੇਸ ਸਟੇਡੀਅਮ ਵਿੱਚ ਕਤਰ ਦੀ ਟੀਮ ਨੂੰ 6-0 ਨਾਲ ਹਰਾ ਕੇ ਇਤਿਹਾਸਕ ਜਿੱਤ ਦਰਜ ਕੀਤੀ ਹੈ। ਇਹ ਕੈਨੇਡਾ ਦੀ ਪੁਰਸ਼ ਫ਼ੀਫ਼ਾ ਵਿਸ਼ਵ ਕੱਪ ਦੇ ਇਤਿਹਾਸ ਵਿੱਚ ਪਹਿਲੀ ਜਿੱਤ ਹੈ

ਕੈਨੇਡੀਅਨ ਟੀਮ ਨੇ ਮੁਕਾਬਲੇ ਦੀ ਸ਼ੁਰੂਆਤ ਤੋਂ ਹੀ ਹਮਲਾਵਰ ਖੇਡ ਦਾ ਪ੍ਰਦਰਸ਼ਨ ਕੀਤਾ ਅਤੇ ਕਤਰ ਦੀ ਟੀਮ ਨੂੰ ਸੰਭਲਣ ਦਾ ਕੋਈ ਮੌਕਾ ਨਹੀਂ ਦਿੱਤਾ। ਕਾਈਲ ਲਾਰਿਨ, ਜੋਨਾਥਨ ਡੇਵਿਡ ਅਤੇ ਸਾਲੀਬਾ ਸਮੇਤ ਕੈਨੇਡਾ ਦੇ ਹਮਲਾਵਰਾਂ ਨੇ ਸ਼ਾਨਦਾਰ ਖੇਡ ਦਿਖਾਉਂਦਿਆਂ ਗੋਲਾਂ ਦੀ ਵਰਖਾ ਕਰਨੀ ਜਾਰੀ ਰੱਖੀ ਕਤਰ ਦੀ ਰੱਖਿਆ ਪੂਰੇ ਮੈਚ ਦੌਰਾਨ ਦਬਾਅ ਹੇਠ ਨਜ਼ਰ ਆਈ।

ਬੀ.ਸੀ. ਪਲੇਸ ਵਿੱਚ ਮੌਜੂਦ ਹਜ਼ਾਰਾਂ ਦਰਸ਼ਕ ਹਰ ਗੋਲ ਨਾਲ ਖੁਸ਼ੀ ਵਿੱਚ ਝੂਮਦੇ ਵੇਖੇ ਗਏ । ਆਖ਼ਰੀ ਸੀਟੀ ਵੱਜਦੇ ਹੀ ਸਟੇਡੀਅਮ ਜੇਤੂ ਨਾਅਰਿਆਂ ਨਾਲ ਗੂੰਜ ਉੱਠਿਆ ਅੱਜ ਦੇ ਇਸ ਮੈਚ ਦੌਰਾਨ ਟੀਮ ਦੇ ਮਿਡਫ਼ੀਲਡਰ ਇਸਮਾਈਲ ਕੋਨੇ ਨੂੰ ਮੈਚ ਖੇਡਦਿਆਂ ਗੰਭੀਰ ਸੱਟ ਲੱਗੀ, ਜਿਸ ਕਾਰਨ ਟੀਮ ਪ੍ਰਬੰਧਨ ਅਤੇ ਪ੍ਰਸ਼ੰਸਕਾਂ ਦੀ ਚਿੰਤਾ ਵਧ ਗਈ ਹੈ।

ਇਸ ਇਤਿਹਾਸਕ ਜਿੱਤ ਨਾਲ ਕੈਨੇਡਾ ਨੇ ਨਾ ਸਿਰਫ਼ ਟੂਰਨਾਮੈਂਟ ਵਿੱਚ ਆਪਣੀ ਪਹਿਲੀ ਜਿੱਤ ਦਰਜ ਕੀਤੀ ਹੈ, ਸਗੋਂ ਅਗਲੇ ਗੇੜ ਵਿੱਚ ਪਹੁੰਚਣ ਦੀਆਂ ਆਪਣੀਆਂ ਉਮੀਦਾਂ ਨੂੰ ਵੀ ਕਾਫ਼ੀ ਮਜ਼ਬੂਤ ਕਰ ਲਿਆ ਹੈ।





### ਪ੍ਰਧਾਨ ਮੰਤਰੀ ਮਾਰਕ ਕਾਰਨੀ ਵੀ ਮਾਣਿਆ ਮੈਚ ਦਾ ਆਨੰਦ

ਮੈਚ ਦੌਰਾਨ ਜਿੱਥੇ ਬੀਸੀ ਪਲੇਸ ਤਕਰੀਬਨ 50 ਹਜਾਰ ਦਰਸ਼ਕਾਂ ਨਾਲ ਪੂਰੀ ਤਰ੍ਹਾਂ ਭਰਿਆ ਨਜ਼ਰ ਆਇਆ ਉੱਥੇ ਵੀਆਈਪੀ ਕੈਬਨ ਵਿੱਚ ਮੈਚ ਦਾ ਆਨੰਦ ਮਾਨਣ ਵਾਲੀਆਂ ਹੋਰਨਾਂ ਸ਼ਖਸ਼ੀਅਤਾਂ 'ਚ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ, ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਪ੍ਰੀਮੀਅਰ ਡੇਵਿਡ ਏਬੀ, ਫੀਫਾ ਦੇ ਪ੍ਰਧਾਨ ਜਿਆਨੀ ਇਨਫਟੀਨੋ ਅਤੇ ਹੁਣ ਕੈਪ ਦੇ ਪ੍ਰਧਾਨ ਵਿਕਟਰ ਮੋਟਾਗਲਿਆਨੀ ਵੀ ਮੌਜੂਦ ਸਨ

## ਵੈਨਕੂਵਰ ਵਿੱਚ ਜਸ਼ਨ : ਹਜ਼ਾਰਾਂ ਕੈਨੇਡੀਅਨਾਂ ਨੇ ਕੱਢਿਆ ਜੋਸ਼ੀਲਾ ਮਾਰਚ





**ਵੈਨਕੂਵਰ, (ਮਲਕੀਤ ਸਿੰਘ)-** ਕੈਨੇਡਾ ਦੀ ਇਤਿਹਾਸਿਕ ਜਿੱਤ ਮਗਰੋ ਵੈਨਕੂਵਰ ਦੇ ਬੀ.ਸੀ. ਪਲੇਸ ਸਟੇਡੀਅਮ ਤੋਂ ਲੈ ਕੇ ਡਾਊਨਟਾਊਨ ਦੀ ਮੁੱਖ ਸੜਕ ਤੱਕ ਹਜ਼ਾਰਾਂ ਪ੍ਰਸ਼ੰਸਕਾਂ ਵੱਲੋਂ ਜਸ਼ਨ ਮਨਾਉਂਦਿਆਂ ਜੋਸ਼ੀਲਾ ਮਾਰਚ ਵੀ ਕੱਢਿਆ ਗਿਆ ਲਾਲ ਰੰਗ ਦੀਆਂ ਜਰਸੀਆਂ ਪਹਿਨੀ ਅਤੇ ਕੈਨੇਡਾ ਦੇ ਰਾਸ਼ਟਰੀ ਝੰਡੇ ਲਹਿਰਾਉਂਦਿਆਂ ਸਮਰਥਕਾਂ ਨੇ ਅੰਗਰੇਜ਼ੀ ਧੁਨਾਂ ਤੇ ਡਾਂਸ ਕੀਤਾ ਅਤੇ 'ਕੈਨੇਡਾ - ਕੈਨੇਡਾ' ਦੇ ਨਾਅਰੇ ਲਗਾਉਦਿਆਂ ਅਤੇ ਇਕ-ਦੂਜੇ ਨੂੰ ਵਧਾਈਆਂ ਦਿੰਦਿਆਂ ਇਸ ਇਤਿਹਾਸਕ ਪਲ ਨੂੰ ਯਾਦਗਾਰ ਬਣਾਇਆ। ਕਈ ਥਾਵਾਂ 'ਤੇ ਧੂੰਏਂ ਵਾਲੀਆਂ ਲਾਲ ਰੌਸ਼ਨੀਆਂ ਨਾਲ ਪੂਰਾ ਮਾਹੌਲ ਦੇਸ਼ਭਗਤੀ ਦੇ ਰੰਗ ਵਿੱਚ ਰੰਗਿਆ ਨਜ਼ਰ ਆਇਆ।

ਮੈਚ ਦੇਖਣ ਲਈ ਦੇਸ਼ ਦੇ ਵੱਖ-ਵੱਖ ਹਿੱਸਿਆਂ ਅਤੇ ਵਿਦੇਸ਼ਾਂ ਤੋਂ ਆਏ ਪ੍ਰਸ਼ੰਸਕਾਂ ਨੇ ਕਿਹਾ ਕਿ ਕੈਨੇਡਾ ਦੀ ਇਸ ਇਤਿਹਾਸਕ ਜਿੱਤ ਦਾ ਰੋਮਾਂਚ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ।
























# ਕੈਨੇਡਾ ਸਰੀ 'ਚ ਪਵਿੱਤਰ ਗੰਗਾ ਸਾਗਰ ਦੀ ਸੱਚੀ ਤੇ ਸੁੱਚੀ ਸੇਵਾ ਕਿਤਾਬ ਦਾ ਰਿਲੀਜ਼ ਸਮਾਰੋਹ

ਨਵਾਬ ਰਾਏ ਕੱਲਾ ਜੀ ਦੀ ਨੌਵੀਂ ਪੀੜੀ ਰਾਏ ਅਜ਼ੀਜ਼ ਉਲ੍ਹਾ ਪਰਿਵਾਰ ਸਮੇਤ ਹੋਏ ਸ਼ਾਮਿਲ
ਸਰੀ ਦੀ ਮੇਅਰ ਬਰਿੰਡਾ ਲੌਕ ਵੀ ਪੁੱਜੀ

ਸਰੀ (ਜੋਗਿੰਦਰ ਸਿੰਘ) ਸਾਹਿਬ ਏ ਕਮਾਲ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਸਮੇਤ ਕਿਲ੍ਹਾ ਅਨੰਦਗੜ੍ਹ ਸਾਹਿਬ ਛੱਡਣ , ਸਰਸਾ ਨਦੀ 'ਤੇ ਪਰਿਵਾਰ ਦਾ ਵਿਛੋੜਾ , ਚਮਕੌਰ ਸਾਹਿਬ ਦੀ ਜੰਗ 'ਚ ਵੱਡੇ ਸਾਹਿਬਜਾਦਿਆਂ ਤੇ ਸਿੰਘਾਂ ਦੀ ਸ਼ਹਾਦਤ ਅਤੇ ਸਰਹੰਦ ਦੀਆਂ ਨੀਹਾਂ 'ਚ ਚਿਣਕੇ ਛੋਟੇ ਸਾਹਿਬਜਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹਾਦਤ ਅਤੇ ਇਹ ਖ਼ਬਰ ਰਾਇਕੋਟ ਦੀ ਧਰਤੀ 'ਤੇ ਨਵਾਬ ਰਾਏ ਕੱਲਾ ਜੀ ਵਲੋਂ ਨੂਰੇ ਮਾਹੀ ਰਾਹੀਂ ਗੁਰੂ ਸਾਹਿਬ ਜੀ ਨੂੰ ਮੰਗਵਾ ਕੇ ਦੇਣਾ ਅਤੇ ਗੁਰੂ ਸਾਹਿਬ ਜੀ ਨੂੰ ਆਪਣੇ ਕੋਲ ਰੱਖ ਕੇ ਸੇਵਾ ਕਰਨਾ ਤੇ ਗੁਰੂ ਸਾਹਿਬ ਜੀ ਵਲੋਂ ਸੇਵਾ ਤੋਂ ਖੁਸ਼ ਹੋ ਕੇ ਨਵਾਬ ਰਾਏ ਕੱਲਾ ਨੂੰ ਨਿਸ਼ਾਨੀਆਂ ਭੇਟ ਕਰਨ ਦੇ ਇਤਿਹਾਸ ਅਤੇ ਰਾਏ ਕੱਲਾ ਜੀ ਦੀ ਨੌਵੀਂ ਪੀੜੀ ਵੱਲੋਂ ਹੁਣ ਤੱਕ ਗੁਰੂ ਸਾਹਿਬ ਜੀ ਦੀ ਪਵਿੱਤਰ ਨਿਸ਼ਾਨੀ 'ਪਵਿੱਤਰ ਗੰਗਾ ਸਾਗਰ' ਨੂੰ ਸੰਭਾਲਣਾ ਅਤੇ ਇਸ ਪਵਿੱਤਰ ਨਿਸ਼ਾਨੀ ਦੀ ਸੇਵਾ ਕਰਨ ਦੇ ਇਤਿਹਾਸ ਨੂੰ ਪੁਰਾਤਨ ਤੇ ਮੌਜੂਦਾ ਸਰੋਤਾਂ 'ਤੇ





ਖੋਜ ਭਰਪੂਰ ਕਿਤਾਬ 'ਪਵਿੱਤਰ ਗੰਗਾ ਸਾਗਰ ਦੀ ਸੱਚੀ ਤੇ ਸੁੱਚੀ ਸੇਵਾ' ਦੇ ਇਤਿਹਾਸਿਕ ਦਸਤਾਵੇਜ਼ ਨੂੰ ਅੱਜ ਕੇਂਦਰੀ ਪੰਜਾਬੀ ਲੇਖਕ ਸਭਾ ਨੌਰਥ ਅਮਰੀਕਾ ਤੇ ਰਾਏਕੋਟ ਇਲਾਕੇ ਦੇ ਲੋਕਾਂ ਵਲੋਂ ਕੈਨੇਡਾ 'ਚ ਇਕ ਸਾਂਝੇ ਸਮਾਗਮ ਦੌਰਾਨ ਰਿਲੀਜ਼ ਕੀਤਾ ਗਿਆ।

ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਮਨੁੱਖਤਾ ਦੀ ਭਲਾਈ, ਜਬਰ ਤੇ ਜ਼ੁਲਮ ਖ਼ਿਲਾਫ ਗੌਰਵਮਈ ਇਤਿਹਾਸ ਅਤੇ ਗੁਰੂ ਸਾਹਿਬ ਜੀ ਦੀ ਰੂਹਾਨੀਅਤ ਵਾਲੀ ਪਗੰਬਰੀ ਹਸਤੀ ਨੂੰ ਯਾਦ ਕੀਤਾ ਤੇ ਰਾਏ ਕੱਲਾ ਜੀ ਦੀ ਮਹਾਨ ਸੇਵਾ ਦੇ ਇਤਿਹਾਸ ਨੂੰ ਵੀ ਰੂ ਬਰੂ ਕੀਤਾ ਙ ਇਸ ਮੌਕੇ ਬੁਲਾਰਿਆਂ ਨੇ ਨਵਾਬ ਰਾਏ ਕੱਲਾ ਜੀ ਦੀ ਨੌਵੀਂ ਪੀੜੀ ਰਾਏ ਅਜ਼ੀਜ਼ ਉਲ੍ਹਾ ਵਲੋਂ ਪਵਿੱਤਰ ਗੰਗਾ ਸਾਗਰ ਨੂੰ ਸੰਭਾਲਣਾ ਅਤੇ ਪੂਰੀ ਦੁਨੀਆਂ 'ਚ ਇਸ ਪਵਿੱਤਰ ਨਿਸ਼ਾਨੀ ਦੇ ਸਿੱਖ ਸੰਗਤਾਂ ਨੂੰ ਦਰਸ਼ਨ ਕਰਵਾਉਣ 'ਤੇ ਧੰਨਵਾਦ ਕੀਤਾ।

ਇਸ ਮੌਕੇ ਰਾਏ ਅਜ਼ੀਜ਼ ਉਲ੍ਹਾ ਜੀ ਵਲੋਂ ਪੂਰੀ ਦੁਨੀਆਂ 'ਚ ਸਿੱਖਾਂ ਅਤੇ ਸਮੁੱਚੇ ਪੰਜਾਬੀ ਭਾਈਚਾਰੇ ਵਲੋਂ ਮਿਲੇ ਮਾਣ ਸਨਮਾਨ ਨੂੰ ਯਾਦ ਕੀਤਾ ਅਤੇ ਗੁਰੂ ਸਾਹਿਬ ਜੀ ਅੱਗੇ ਸ਼ਰਧਾ ਅਰਪਿਤ ਕੀਤੀ, ਉਨ੍ਹਾਂ ਗੁਰੂ ਸਾਹਿਬ ਜੀ ਦੀ ਬਖਸ਼ਿਸ ਪਵਿੱਤਰ ਗੰਗਾ ਸਾਗਰ ਦੀ ਉਨ੍ਹਾਂ ਦੀਆਂ ਪੀੜੀਆਂ ਵਲੋਂ ਸ਼ਰਧਾ ਨਾਲ ਸੇਵਾ ਦੇ ਇਤਿਹਾਸ ਨੂੰ ਵੀ ਦੱਸਿਆਙ ਇਸ ਮੌਕੇ ਰਾਏਕੋਟ ਦੀਆਂ ਸੰਗਤਾਂ ਵਲੋਂ ਰਾਏ ਅਜ਼ੀਜ਼ ਉਲ੍ਹਾ ਜੀ ਨੂੰ ਵਿਸ਼ੇਸ ਤੌਰ 'ਤੇ ਸਨਮਾਨਿਤ ਵੀ ਕੀਤਾ ਙਇਸ ਮੌਕੇ ਰਾਏ ਕੱਲਾ ਜੀ ਦੀ ਦਸਵੀਂ ਪੀੜੀ ਰਾਏ ਮੁਹੰਮਦ ਅਲੀ ਤੇ ਹੋਰ ਪਰਿਵਾਰਕ ਮੈਂਬਰਾਂ ਸਮੇਤ ਸਰੀ ਦੀ ਮੇਅਰ ਬਰਿੰਡਾ ਲੌਕ, ਰਾਏਕੋਟ ਤੋਂ ਹਰਦੇਵ ਸਿੰਘ ਗਰੇਵਾਲ, ਸੁਰਜੀਤ ਸਿੰਘ ਮਾਦੋਪੁਰੀ, ਬੀ. ਸੀ. ਪੰਜਾਬੀ ਪ੍ਰੈਸ ਕਲੱਬ ਦੇ ਪ੍ਰਧਾਨ ਗੁਰਵਿੰਦਰ ਸਿੰਘ ਧਾਲੀਵਾਲ, ਸਿੱਖ ਆਗੂ ਪਿਆਰਾ ਸਿੰਘ ਨੱਤ, ਪ੍ਰਸਿੱਧ ਬਿਜਨਸਮੈਨ ਸੁੱਖੀ ਬਾਠ, ਲੇਖਕ ਕਵਿੰਦਰ ਚਾਂਦ, ਬਲਦੇਵ ਸਿੰਘ ਬਾਠ, ਪ੍ਰਸਿੱਧ ਪੱਤਰਕਾਰ ਹਰਜਿੰਦਰ ਸਿੰਘ ਥਿੰਦ, ਡਾ. ਪਿਆਰਾ ਸਿੰਘ ਗਿੱਲ, ਪ੍ਰੋ. ਕਸ਼ਮੀਰਾ ਸਿੰਘ, ਮਸਟਰ ਗੁਰਦਿਆਲ ਸਿੰਘ ਜੌਹਲ, ਸਮਾਜ ਸੇਵੀ ਰਣਜੀਤ ਸਿੰਘ ਸੋਹੀ, ਪੱਤਰਕਾਰ ਜੋਗਿੰਦਰ ਸਿੰਘ, ਲੇਖਕ ਗੁਰਪ੍ਰੀਤ ਸਿੰਘ ਤਲਵੰਡੀ, ਜਸਬੀਰ ਭਲੂਰੀਆ, ਬਰਜ ਢਾਹਾਂ ਸਮੇਤ ਕਨੇਡਾ ਦੀਆਂ ਅਹਿਮ ਸਖ਼ਸ਼ੀਅਤਾਂ ਤੇ ਰਾਏਕੋਟ ਇਲਾਕੇ ਦੇ ਲੋਕ ਹਾਜ਼ਰ ਸਨ ਙ ਇਸ ਮੌਕੇ ਲੇਖਕ ਡਾ. ਗੁਰਦੇਵ ਸਿੰਘ ਅਤੇ ਪ੍ਰੋ. ਗੁਰਭਜਨ ਗਿੱਲ ਦਾ ਸੁਨੇਹਾ ਵੀ ਸੁਣਾਇਆ।

# ਸਰੀ ਦੇ ਬ੍ਰਿਜਵਿਊ ਵਿੱਚ 48 ਨਵੀਆਂ ਚਾਈਲਡ ਕੇਅਰ ਥਾਵਾਂ ਦਾ ਉਦਘਾਟਨ, ਪਰਿਵਾਰਾਂ ਨੂੰ ਮਿਲੇਗੀ ਵੱਡੀ ਰਾਹਤ

## 48 ਨਵੀਆਂ ਚਾਈਲਡ ਕੇਅਰ ਥਾਵਾਂ ਵਧ ਰਹੇ ਭਾਈਚਾਰੇ ਦੇ ਪਰਿਵਾਰਾਂ ਲਈ ਵੱਡੀ ਸਹਾਇਤਾ ਸਾਬਤ ਹੋਣਗੀਆਂ" — ਮੇਅਰ ਬਰੈਂਡਾ ਲੌਕ



**ਸਰੀ, ਬੀ.ਸੀ.(ਮਹੇਸ਼ ਇੰਦਰ ਸਿੰਘ ਮਾਂਗਟ)** ਸਰੀ ਦੇ ਬ੍ਰਿਜਵਿਊ ਕਮਿਊਨਿਟੀ ਸੈਂਟਰ ਵਿਖੇ "ਰਿਵਰ ਐਂਡ ਵਿਲੋਜ਼ ਅਰਲੀ ਲਰਨਿੰਗ ਐਂਡ ਚਾਈਲਡ ਕੇਅਰ ਸੈਂਟਰ" ਦਾ ਉਦਘਾਟਨ ਕੀਤਾ ਗਿਆ ਹੈ, ਜਿਸ ਨਾਲ ਇਲਾਕੇ ਦੇ ਪਰਿਵਾਰਾਂ ਨੂੰ ਜਲਦੀ ਹੀ 48 ਨਵੀਆਂ ਬਾਲ-ਦੇਖਭਾਲ ਥਾਵਾਂ ਉਪਲਬਧ ਹੋਣਗੀਆਂ। ਇਨ੍ਹਾਂ ਵਿੱਚ 24 ਥਾਵਾਂ ਛੋਟੇ ਬੱਚਿਆਂ ਲਈ ਅਤੇ 24 ਥਾਵਾਂ 30 ਮਹੀਨਿਆਂ ਤੋਂ ਸਕੂਲ ਉਮਰ ਤੱਕ ਦੇ ਬੱਚਿਆਂ ਲਈ ਹੋਣਗੀਆਂ।

ਸਰੀ ਦੀ ਮੇਅਰ ਬਰੈਂਡਾ ਲੌਕ ਨੇ ਕਿਹਾ ਕਿ ਇਹ ਨਵੀਆਂ ਥਾਵਾਂ ਵਧ ਰਹੇ ਭਾਈਚਾਰੇ ਦੇ ਪਰਿਵਾਰਾਂ ਲਈ ਵੱਡੀ ਸਹਾਇਤਾ ਸਾਬਤ ਹੋਣਗੀਆਂ। ਉਨ੍ਹਾਂ ਦੱਸਿਆ ਕਿ ਪਿਛਲੇ ਛੇ ਮਹੀਨਿਆਂ ਦੌਰਾਨ ਸਰੀ ਵਿੱਚ ਕਰੀਬ 150 ਨਵੀਆਂ ਚਾਈਲਡ ਕੇਅਰ ਥਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਇਸ ਪ੍ਰੋਜੈਕਟ ਲਈ Child Care BC New Spaces Fund ਰਾਹੀਂ ਸੂਬਾਈ ਅਤੇ ਫੈਡਰਲ ਸਰਕਾਰ ਵੱਲੋਂ 900,000 ਦੀ ਸਹਾਇਤਾ ਪ੍ਰਾਪਤ ਹੋਈ ਹੈ।ਸਰੀ ਸੈਂਟਰ ਤੋਂ ਸੰਸਦ ਮੈਂਬਰ ਰਣਦੀਪ ਸਰਾਏ ਅਤੇ ਸਿੱਖਿਆ ਤੇ ਬਾਲ ਸੰਭਾਲ ਮੰਤਰੀ ਲੀਜ਼ਾ ਬੇਅਰ ਨੇ ਕਿਹਾ ਕਿ ਕਿਫ਼ਾਇਤੀ ਅਤੇ ਉੱਚ-ਮਿਆਰੀ ਚਾਈਲਡ ਕੇਅਰ ਸੇਵਾਵਾਂ ਬੱਚਿਆਂ ਦੇ ਵਿਕਾਸ ਅਤੇ ਮਾਪਿਆਂ ਦੀ ਸਿੱਖਿਆ ਤੇ ਰੋਜ਼ਗਾਰ ਦੇ ਮੌਕਿਆਂ ਨੂੰ ਮਜ਼ਬੂਤ ਬਣਾਉਂਦੀਆਂ ਹਨ।

ਇਸ ਕੇਂਦਰ ਦਾ ਸੰਚਾਲਨ ਮੈਟਿਸ ਫੈਮਲੀ ਸਰਵਿਸਿਜ਼ ਵੱਲੋਂ ਕੀਤਾ ਜਾਵੇਗਾ, ਜੋ ਗੈਦਰਿੰਗ ਦ ਸਰਕਲ ਸੋਸਾਇਟੀ ਦੇ ਸਹਿਯੋਗ ਨਾਲ ਇਸ ਗਰਮੀ ਦੌਰਾਨ ਸ਼ੁਰੂ ਹੋਣ ਦੀ ਉਮੀਦ ਹੈ। ਸੰਸਥਾ ਅਨੁਸਾਰ ਕੇਂਦਰ ਵਿੱਚ ਸਭ ਨੂੰ ਸ਼ਾਮਲ ਕਰਨ ਵਾਲਾ ਅਤੇ ਸਭਿਆਚਾਰਕ ਮੁੱਲਾਂ ਨਾਲ ਜੁੜਿਆ ਸੁਰੱਖਿਅਤ ਸਿੱਖਣ ਮਾਹੌਲ ਪ੍ਰਦਾਨ ਕੀਤਾ ਜਾਵੇਗਾ।ਜ਼ਿਕਰਯੋਗ ਹੈ ਕਿ Child Care BC New Spaces Fund Aqy UBCM ਪ੍ਰੋਗਰਾਮਾਂ ਰਾਹੀਂ ਸਰੀ ਦੀਆਂ ਵੱਖ-ਵੱਖ ਸਹੂਲਤਾਂ ਵਿੱਚ ਕੁੱਲ 369 ਨਵੀਆਂ ਲਾਇਸੈਂਸਸ਼ੁਦਾ ਚਾਈਲਡ ਕੇਅਰ ਥਾਵਾਂ ਬਣਾਈਆਂ ਜਾਣਗੀਆਂ, ਜਿਨ੍ਹਾਂ ਲਈ $20.4 ਮਿਲੀਅਨ ਤੋਂ ਵੱਧ ਦੀ ਸਾਂਝੀ ਫੰਡਿੰਗ ਮਨਜ਼ੂਰ ਕੀਤੀ ਗਈ ਹੈ।






# ਕੈਨੇਡਾ ਦੌਰੇ 'ਤੇ ਪਹੁੰਚੇ ਅਕਾਲੀ ਯੂਥ ਆਗੂਆਂ ਦਾ ਲੈਂਗਲੀ ਵਿੱਚ ਭਰਵਾਂ ਸਵਾਗਤ, ਪੰਜਾਬ ਦੀ ਬਿਹਤਰੀ ਲਈ ਅਕਾਲੀ ਦਲ ਦਾ ਸਾਥ ਦੇਣ ਦੀ ਅਪੀਲ

## ਕੈਨੇਡਾ ਦੌਰੇ 'ਤੇ ਆਏ ਅਕਾਲੀ ਆਗੂਆਂ ਨੇ ਵਰਕਰਾਂ ਨੂੰ ਕੀਤਾ ਸੰਬੋਧਨ, ਪਾਰਟੀ ਨੂੰ ਮਜ਼ਬੂਤ ਕਰਨ ਦਾ ਦਿੱਤਾ ਸੱਦਾ





**ਲੈਂਗਲੀ/ਸਰੀ, (ਮਹੇਸ਼ਇੰਦਰ ਸਿੰਘ ਮਾਂਗਟ)** — ਬ੍ਰਿਟਿਸ਼ ਕੋਲੰਬੀਆ ਦੇ ਲੈਂਗਲੀ ਖੇਤਰ ਵਿੱਚ ਸਥਾਨਕ ਅਕਾਲੀ ਵਰਕਰਾਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਇੱਕ ਵਿਸ਼ਾਲ ਰੈਲੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪੰਜਾਬ ਤੋਂ ਕੈਨੇਡਾ ਦੌਰੇ 'ਤੇ ਆਏ ਅਕਾਲੀ ਆਗੂਆਂ ਅਤੇ ਪਾਰਟੀ ਦੇ ਸਥਾਨਕ ਆਗੂਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਬੁਲਾਰਿਆਂ ਨੇ ਪੰਜਾਬ ਦੇ ਮੌਜੂਦਾ ਰਾਜਨੀਤਿਕ ਹਾਲਾਤਾਂ ਅਤੇ ਸੂਬਾ ਸਰਕਾਰ ਦੀਆਂ ਨੀਤੀਆਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ।

ਰੈਲੀ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਆਗੂਆਂ ਨੇ ਦਾਅਵਾ ਕੀਤਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਪੂਰੀ ਤਰ੍ਹਾਂ ਖਰੀ ਨਹੀਂ ਉਤਰੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕੀਤੇ ਗਏ ਕਈ ਵਾਅਦੇ ਅਜੇ ਤੱਕ ਪੂਰੇ ਨਹੀਂ ਹੋਏ, ਜਿਸ ਕਾਰਨ ਲੋਕਾਂ ਵਿੱਚ ਨਿਰਾਸ਼ਾ ਦਾ ਮਾਹੌਲ ਹੈ। ਬੁਲਾਰਿਆਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਅਤੇ ਪੰਜਾਬੀਅਤ ਦੇ ਹੱਕਾਂ ਦੀ ਪਹਿਰੇਦਾਰ ਪਾਰਟੀ ਹੈ ਅਤੇ ਸੂਬੇ ਦੇ ਹਿੱਤਾਂ ਲਈ ਲਗਾਤਾਰ ਸੰਘਰਸ਼ ਕਰਦੀ ਆ ਰਹੀ ਹੈ।

ਆਗੂਆਂ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਪਾਰਟੀ ਨੂੰ ਹੋਰ ਮਜ਼ਬੂਤ ਬਣਾਉਣ ਲਈ ਵਰਕਰਾਂ ਅਤੇ ਸਮਾਜ ਦੇ ਹਰ ਵਰਗ ਦੇ ਸਹਿਯੋਗ ਦੀ ਲੋੜ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਮਜ਼ਬੂਤੀ ਨਾਲ ਉਭਰੇਗਾ।

ਰੈਲੀ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਅਕਾਲੀ ਆਗੂ ਗੁਰਪ੍ਰੀਤ ਸਿੰਘ ਝੱਬਰ, ਬਰਜਿੰਦਰ ਸਿੰਘ ਮੱਖਣ ਬਰਾੜ, ਪਰਮਜੀਤ ਸਿੰਘ ਢਿੱਲੋਂ, ਜਸਪ੍ਰੀਤ ਸਿੰਘ ਮਾਹਲਾ, ਐਡਵੋਕੇਟ ਰਾਜਕਮਲ ਸਿੰਘ, ਮਨਪ੍ਰੀਤ ਸਿੰਘ ਝੱਬਰ, ਸਤਵਿੰਦਰ ਪਾਲ ਸਿੰਘ, ਸ਼ਰਨਜੀਤ ਸਿੰਘ ਢਿੱਲੋਂ, ਹਰਜਾਪ ਸਿੰਘ ਸੰਘਾ, ਸਤਵਿੰਦਰ ਸਿੰਘ ਢੱਟ, ਗੁਰਬਖਸ਼ ਸਿੰਘ ਬਾਗੀ, ਪ੍ਰਸਿੱਧ ਗਾਇਕ ਕੇ.ਐੱਸ. ਮੱਖਣ ਅਤੇ ਬਲਵਿੰਦਰ ਸਿੰਘ ਕਾਹਲਵਾਂ ਸਮੇਤ ਕਈ ਆਗੂਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ।

ਇਸ ਮੌਕੇ ਅਕਾਲੀ ਆਗੂ ਪਰਮਬੰਸ ਸਿੰਘ ਬੰਟੀ ਰਮਾਣਾ ਨੇ ਵੀ ਵੀਡੀਓ ਕਾਨਫਰੰਸ ਰਾਹੀਂ ਵਰਕਰਾਂ ਨੂੰ ਸੰਬੋਧਨ ਕੀਤਾ। ਸਮਾਗਮ ਵਿੱਚ ਗੁਰਦੀਪ ਪੈਂਥਰ, ਬੇਅੰਤ ਕੌਰ ਖਹਿਰਾ, ਸੁਰਿੰਦਰ ਪਾਲ ਸਿੰਘ ਔਲਖ, ਜਗਜੀਤ ਸਿੰਘ ਢਿੱਲੋਂ (ਜੀਤਾ ਦੀਵਾਨੇ), ਵਿਕੀ ਧਾਲੀਵਾਲ, ਹਰਜੋਤ ਸੰਧੂ, ਲਖਵੀਰ ਮਾਨ ਰਾਜੇਆਣਾ, ਹਰਬਖਸ਼ ਰਾਏ ਧੂਰਕੋਟ, ਰਣਜੀਤ ਸੰਧੂ ਕਪੂਰੇ, ਭਾਗ ਸਿੰਘ, ਕੁਲਵੰਤ ਬਾਪਲਾ, ਗੁਰਮੀਤ ਰਾਏ, ਹਰਦੀਪ ਹੈਰੀ ਮਹਲਕੱਲਾ, ਹਰਦੀਪ ਪਰਮਾਰ ਅਤੇ ਹਰਦਿਆਲ ਥਿੰਦ ਸਮੇਤ ਵੱਡੀ ਗਿਣਤੀ ਵਿੱਚ ਅਕਾਲੀ ਵਰਕਰ ਹਾਜ਼ਰ ਸਨ।

ਰੈਲੀ ਦੌਰਾਨ ਵਰਕਰਾਂ ਨੇ ਪਾਰਟੀ ਦੀਆਂ ਨੀਤੀਆਂ ਅਤੇ ਭਵਿੱਖੀ ਰਣਨੀਤੀ ਬਾਰੇ ਵੀ ਚਰਚਾ ਕੀਤੀ ਅਤੇ ਪੰਜਾਬ ਦੇ ਮਸਲਿਆਂ ਨੂੰ ਲੈ ਕੇ ਆਪਣੀ ਵਚਨਬੱਧਤਾ ਦੁਹਰਾਈ।

# ਸੰਪਾਦਕੀ

## ਏ.ਆਈ. 'ਤੇ ਲਗਾਮ – ਸਮੇਂ ਦੀ ਲੋੜ!




ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦਾ ਨਵਾਂ ਕਾਰਜਕਾਰੀ ਹੁਕਮ ਮਸਨੂਈ ਬੁੱਧੀ ਯਾਨੀ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਨਿਯਮਬੱਧ ਕਰਨ ਵੱਲ ਉਨ੍ਹਾਂ ਦੀ ਸਰਕਾਰ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਕਦਮ ਹੈ। ਇਹ ਉਸ ਪੁਰਾਣੀ ਨੀਤੀ ਦੇ ਬਿਲਕੁਲ ਉਲਟ ਹੈ, ਜਿਸ ਤਹਿਤ ਚੀਨ ਨੂੰ ਪਛਾੜਨ ਲਈ ਅਮਰੀਕੀ ਤਕਨੀਕੀ ਕੰਪਨੀਆਂ ਨੂੰ ਪੂਰੀ ਖੁੱਲ੍ਹ ਦਿੱਤੀ ਗਈ ਸੀ। ਇਸ ਨਵੇਂ ਫ਼ੈਸਲੇ ਤਹਿਤ ਹੁਣ ਤਕਨੀਕੀ ਕੰਪਨੀਆਂ ਆਪਣੇ ਨਵੇਂ ਏ ਆਈ ਮਾਡਲਾਂ ਨੂੰ ਜਨਤਕ ਕਰਨ ਤੋਂ ਪਹਿਲਾਂ ਸਰਕਾਰ ਨੂੰ ਉਨ੍ਹਾਂ ਦੀ ਜਾਂਚ-ਪੜਤਾਲ ਲਈ ਆਪਣੀ ਮਰਜ਼ੀ ਨਾਲ 30 ਦਿਨਾਂ ਤੱਕ ਦਾ ਸਮਾਂ ਦੇਣਗੀਆਂ। ਇਸ ਤੋਂ ਇਲਾਵਾ ਇੱਕ ਨਿਗਰਾਨ ਸੰਸਥਾ ਇਨ੍ਹਾਂ ਏ ਆਈ ਮਾਡਲਾਂ ਵਿੱਚ ਸੁਰੱਖਿਆ ਪੱਖੋਂ ਰਹਿ ਗਈਆਂ ਖ਼ਾਮੀਆਂ ਦੀ ਵੀ ਸਮੀਖਿਆ ਕਰੇਗੀ। ਉੱਪਰੋਂ ਦੇਖਿਆਂ ਤਾਂ ਲੱਗਦਾ ਹੈ ਕਿ ਇਹ ਹਲਕੀ-ਫੁਲਕੀ ਜਾਂਚ ਉਸ ਸਖ਼ਤ ਤਜਵੀਜ਼ ਦੇ ਮੁਕਾਬਲੇ ਕੁਝ ਵੀ ਨਹੀਂ ਹੈ, ਜਿਸ ਵਿੱਚ ਸਾਰੇ ਵੱਡੇ ਏ ਆਈ ਮਾਡਲਾਂ ਨੂੰ ਸਿੱਧਾ ਸਰਕਾਰ ਦੇ ਹੱਥਾਂ ਵਿੱਚ ਦੇਣ ਅਤੇ ਕਾਨੂੰਨੀ ਤੌਰ 'ਤੇ ਜ਼ਰੂਰੀ ਜਾਂਚ ਦੀ ਗੱਲ ਕਹੀ ਗਈ ਸੀ ਕਿਉਂਕਿ ਇਨ੍ਹਾਂ ਵੱਡੀਆਂ ਟੈੱਕ ਕੰਪਨੀਆਂ 'ਤੇ ਅੱਖਾਂ ਬੰਦ ਕਰਕੇ ਭਰੋਸਾ ਨਹੀਂ ਕੀਤਾ ਜਾ ਸਕਦਾ ਕਿ ਉਹ ਆਪਣੀ ਮਰਜ਼ੀ ਨਾਲ ਖ਼ੁਦ 'ਤੇ ਕੋਈ ਰੋਕ ਲਗਾਉਣਗੀਆਂ। ਦੂਜੇ ਪਾਸੇ ਇਹ ਦਲੀਲਾਂ ਵੀ ਜ਼ੋਰ ਫੜ ਰਹੀਆਂ ਹਨ ਕਿ ਅਜਿਹੀ ਸਖ਼ਤੀ ਨਾਲ ਅਮਰੀਕਾ ਦੀ ਤਕਨੀਕੀ ਤਾਕਤ ਕਮਜ਼ੋਰ ਪੈ ਸਕਦੀ ਹੈ। ਸ਼ਾਇਦ ਇਸੇ ਕਰਕੇ ਟਰੰਪ ਨੇ ਬਹੁਤ ਸਾਵਧਾਨੀ ਭਰਿਆ ਰੁਖ਼ ਅਪਣਾਇਆ ਹੈ। ਭਾਵੇਂ ਇਸ ਫ਼ੈਸਲੇ ਵਿੱਚ ਕੁਝ ਖ਼ਾਮੀਆਂ ਜ਼ਰੂਰ ਹਨ, ਪਰ ਫਿਰ ਵੀ ਇਹ ਸਹੀ ਦਿਸ਼ਾ ਵੱਲ ਪੁੱਟਿਆ ਗਿਆ ਇੱਕ ਕਦਮ ਹੈ।

ਏ ਆਈ ਦੀ ਸੁਰੱਖਿਆ ਅਤੇ ਨਵੀਂ ਖੋਜ ਵਿਚਾਲੇ ਸੰਤੁਲਨ ਬਣਾਉਣ ਲਈ ਇੱਕ ਪੱਕੇ ਸਰਕਾਰੀ ਨਿਗਰਾਨ ਤੰਤਰ ਦੀ ਲੋੜ ਹੁਣ ਪੂਰੀ ਦੁਨੀਆ ਵਿੱਚ ਚਰਚਾ ਦਾ ਵਿਸ਼ਾ ਬਣ ਚੁੱਕੀ ਹੈ। ਖ਼ਾਸ ਕਰਕੇ 'ਐਂਥਰੋਪਿਕ' ਕੰਪਨੀ ਵੱਲੋਂ ਆਪਣੇ ਨਵੇਂ ਏ ਆਈ ਮਾਡਲ ਦੇ ਐਲਾਨ ਮਗਰੋਂ ਇਹ ਬਹਿਸ ਹੋਰ ਤਿੱਖੀ ਹੋ ਗਈ ਹੈ। ਕੰਪਨੀ ਨੇ ਅਪਰੈਲ ਵਿੱਚ ਦੱਸਿਆ ਸੀ ਕਿ ਉਨ੍ਹਾਂ ਦਾ 'ਮਾਈਥੋਸ' ਨਾਂ ਦਾ ਨਵਾਂ ਏ ਆਈ ਮਾਡਲ ਸਾਈਬਰ ਸੁਰੱਖਿਆ ਦੀਆਂ ਖ਼ਾਮੀਆਂ ਨੂੰ ਲੱਭਣ ਅਤੇ ਉਨ੍ਹਾਂ ਦਾ ਗ਼ਲਤ ਫ਼ਾਇਦਾ ਉਠਾਉਣ ਦੇ ਸਮਰੱਥ ਹੈ, ਜੋ ਅੱਗੇ ਚੱਲ ਕੇ ਇੱਕ ਵੱਡੀ ਮੁਸੀਬਤ ਦਾ ਸਬੱਬ ਬਣ ਸਕਦਾ ਹੈ। ਜਿਉਂ-ਜਿਉਂ ਦੁਨੀਆ ਭਰ ਦੀਆਂ ਸਰਕਾਰਾਂ ਅਤੇ ਕੰਪਨੀਆਂ ਆਪਣੇ ਸੌਫਟਵੇਅਰ ਸਿਸਟਮਾਂ ਨੂੰ ਸੁਰੱਖਿਅਤ ਕਰਨ ਅਤੇ ਏ ਆਈ 'ਤੇ ਲਗਾਮ ਕੱਸਣ ਲਈ ਹੱਥ-ਪੈਰ ਮਾਰ ਰਹੀਆਂ ਹਨ, ਉਵੇਂ-ਉਵੇਂ ਨੌਕਰੀਆਂ ਜਾਣ ਦੇ ਡਰ ਅਤੇ ਇਸ ਦੀ ਅੰਨ੍ਹੇਵਾਹ ਗ਼ਲਤ ਵਰਤੋਂ ਨੇ ਆਮ ਲੋਕਾਂ ਦੀ ਸੋਚ ਨੂੰ ਬਦਲਣਾ ਸ਼ੁਰੂ ਕਰ ਦਿੱਤਾ ਹੈ।

ਇਸ ਤਾਕਤਵਰ ਤਕਨੀਕ ਨੂੰ ਹੁਣ ਫ਼ਾਇਦੇ ਦੀ ਥਾਂ ਨੁਕਸਾਨ ਦੇ ਰੂਪ ਵਿੱਚ ਜ਼ਿਆਦਾ ਦੇਖਿਆ ਜਾ ਰਿਹਾ ਹੈ ਅਤੇ ਇਸ ਗੱਲ ਦੀ ਗੰਭੀਰਤਾ ਦਾ ਅੰਦਾਜ਼ਾ ਇਸੇ ਤੋਂ ਲਗਾਇਆ ਜਾ ਸਕਦਾ ਹੈ ਕਿ ਖ਼ੁਦ ਇਸਾਈਆਂ ਦੇ ਸਰਵਉੱਚ ਧਰਮ ਗੁਰੂ ਪੋਪ ਨੇ ਵੀ ਬੜੇ ਸਾਫ਼ ਸ਼ਬਦਾਂ ਵਿੱਚ ਇਸ ਖ਼ਤਰੇ ਵੱਲ ਇਸ਼ਾਰਾ ਕੀਤਾ ਹੈ।

ਭਾਰਤ ਲਈ ਅਮਰੀਕਾ ਦੀ ਇਸ ਰਣਨੀਤੀ ਤੋਂ ਸਭ ਤੋਂ ਵੱਡਾ ਸਬਕ ਇਹ ਹੈ ਕਿ ਸਾਨੂੰ ਵੀ ਸਾਈਬਰ ਸੁਰੱਖਿਆ ਅਤੇ ਏ ਆਈ ਦੇ ਮਾਹਿਰਾਂ ਦੀ ਵੱਡੇ ਪੱਧਰ 'ਤੇ ਭਰਤੀ ਕਰਨੀ ਚਾਹੀਦੀ ਹੈ। ਸਾਡੇ ਦੇਸ਼ ਦੇ ਮੁੱਖ ਢਾਂਚੇ ਨੂੰ ਚਲਾਉਣ ਵਾਲੇ ਅਹਿਮ ਸਰਕਾਰੀ ਅਤੇ ਜਨਤਕ ਅਦਾਰਿਆਂ ਦੇ ਸਾਈਬਰ ਸੁਰੱਖਿਆ ਪ੍ਰਬੰਧਾਂ ਨੂੰ ਮਜ਼ਬੂਤ ਕਰਨਾ ਇਸ ਵੇਲੇ ਸਭ ਤੋਂ ਵੱਡੀ ਅਤੇ ਲਾਜ਼ਮੀ ਲੋੜ ਹੈ।

# ਡਰੋਨ – ਆਧੁਨਿਕ ਯੁੱਗ ਦਾ ਸਭ ਤੋਂ ਵੱਡਾ ਖ਼ਤਰਾ!



ਤੇਰ੍ਹਵੀਂ ਸਦੀ ਵਿੱਚ ਇੰਗਲਿਸ਼ ਲੌਂਗਬੋਅ (ਇੰਗਲੈਂਡ ਤੇ ਵੇਲਜ਼ 'ਚ ਮੱਧਕਾਲ ਦੌਰਾਨ ਵਰਤੀ ਜਾਂਦੀ ਵੱਡੀ ਕਮਾਨ/ਧਨੁਸ਼) ਇੱਕ ਖ਼ੌਫ਼ਨਾਕ ਹਥਿਆਰ ਵਜੋਂ ਉੱਭਰੀ। ਇਸ ਕਮਾਨ ਨੂੰ 13ਵੀਂ ਤੋਂ 15ਵੀਂ ਸਦੀ ਦਰਮਿਆਨ ਇੰਗਲੈਂਡ ਦੇ ਫ਼ੌਜੀ ਦਬਦਬੇ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਨੇ ਮੱਧਕਾਲੀ ਜੰਗ ਦੇ ਇਤਿਹਾਸ ਵਿੱਚ ਇੱਕ ਨਵਾਂ ਮੋੜ ਲਿਆਂਦਾ, ਇੰਗਲੈਂਡ ਦੀ ਫ਼ੌਜੀ ਤਾਕਤ ਲੋਹੇ ਦੇ ਬਖ਼ਤਰਬੰਦ ਕੱਪੜੇ ਪਾਉਣ ਵਾਲੇ ਕੁਲੀਨ ਵਰਗ ਦੇ ਹੱਥਾਂ ਵਿੱਚੋਂ ਨਿਕਲ ਕੇ ਸਾਧਾਰਨ ਤੀਰਅੰਦਾਜ਼ਾਂ ਦੇ ਹੱਥਾਂ ਵਿੱਚ ਚਲੀ ਗਈ। ਇਹ ਬਦਲਾਅ ਐਨਾ ਵੱਡਾ ਸੀ ਕਿ ਐਡਵਰਡ (ਤੀਜੇ) ਨੇ ਇੱਕ ਸ਼ਾਹੀ ਫ਼ਰਮਾਨ ਜਾਰੀ ਕੀਤਾ ਕਿ "... ਹਰੇਕ ਤੰਦਰੁਸਤ ਵਿਅਕਤੀ ਐਤਵਾਰ ਅਤੇ ਛੁੱਟੀ ਵਾਲੇ ਦਿਨ ਤੀਰਅੰਦਾਜ਼ੀ ਦਾ ਅਭਿਆਸ ਕਰੇਗਾ ਅਤੇ ਬਾਕੀ ਸਾਰੀਆਂ ਖੇਡਾਂ 'ਤੇ ਪਾਬੰਦੀ ਹੋਵੇਗੀ।"

'ਐਜਿਨਕੋਰਟ ਦੀ ਜੰਗ' (1415) ਤਾਕਤ ਦੇ ਇਸ ਬਦਲਾਅ ਦੀ ਸਭ ਤੋਂ ਉੱਤਮ ਮਿਸਾਲ ਹੈ, ਜਿੱਥੇ ਲਗਪਗ 7,000 ਸਿਪਾਹੀਆਂ ਦੀ ਛੋਟੀ ਜਿਹੀ ਅੰਗਰੇਜ਼ ਫ਼ੌਜ ਨੇ (ਜਿਸ ਵਿੱਚ 5,000 ਤੀਰਅੰਦਾਜ਼ ਸਨ) ਬਖ਼ਤਰਬੰਦ ਘੋੜਸਵਾਰਾਂ ਵਾਲੀ ਬਹੁਤ ਵੱਡੀ ਫ਼ਰਾਂਸੀਸੀ ਫ਼ੌਜ (ਜਿਸ ਦੀ ਗਿਣਤੀ ਲਗਪਗ 20,000 ਸੀ) ਨੂੰ ਕਰਾਰੀ ਹਾਰ ਦਿੱਤੀ। ਇਸ ਵੱਡੀ ਕਮਾਨ (ਲੌਂਗਬੋਅ) ਨੇ ਆਮ ਲੋਕਾਂ ਨੂੰ ਫ਼ੌਜੀ ਤਾਕਤ ਦਾ ਅਹਿਮ ਹਿੱਸਾ ਬਣਾ ਦਿੱਤਾ ਅਤੇ ਇਸ ਨੇ ਵਪਾਰ ਤੇ ਦਸਤਕਾਰੀ ਦੀ ਆਰਥਿਕਤਾ ਨੂੰ ਹੁਲਾਰਾ ਦਿੱਤਾ। ਸ਼ੇਕਸਪੀਅਰ ਨੇ ਐਜਿਨਕੋਰਟ ਦੀ ਜੰਗ ਤੋਂ ਪਹਿਲਾਂ ਰਾਜਾ ਹੈਨਰੀ (ਪੰਜਵੇਂ) ਦੇ ਭਾਸ਼ਣ ਰਾਹੀਂ ਇਸ ਤਬਦੀਲੀ ਨੂੰ ਹਮੇਸ਼ਾ ਲਈ ਅਮਰ ਕਰ ਦਿੱਤਾ: "ਅਸੀਂ ਕੁਝ ਲੋਕ, ਅਸੀਂ ਖ਼ੁਸ਼ਕਿਸਮਤ ਲੋਕ, ਅਸੀਂ ਭਰਾਵਾਂ ਦੀ ਇੱਕ ਟੋਲੀ ਹਾਂ; ਕਿਉਂਕਿ ਜੋ ਅੱਜ ਮੇਰੇ ਨਾਲ ਆਪਣਾ ਖ਼ੂਨ ਵਹਾਏਗਾ, ਉਹ ਮੇਰਾ ਭਰਾ ਬਣ ਜਾਵੇਗਾ; ਚਾਹੇ ਉਹ ਕਿੰਨਾ ਵੀ ਸਾਧਾਰਨ ਕਿਉਂ ਨਾ ਹੋਵੇ, ਇਹ ਦਿਨ ਉਸ ਦਾ ਰੁਤਬਾ ਉੱਚਾ ਕਰ ਦੇਵੇਗਾ।" ਅੱਜ ਦੇ ਦੌਰ ਵਿੱਚ ਡਰੋਨ ਇੱਕ ਖ਼ੌਫ਼ਨਾਕ ਹਥਿਆਰ ਬਣ ਕੇ ਉੱਭਰਿਆ ਹੈ। ਇਹ ਆਧੁਨਿਕ ਜੰਗ ਦੇ ਰੂਪ ਨੂੰ ਬਦਲ ਰਿਹਾ ਹੈ, ਜਿੱਥੇ ਬਹੁਤ ਛੋਟੇ ਦੇਸ਼ ਵੀ ਮਹਾਸ਼ਕਤੀਆਂ ਦੀ ਫ਼ੌਜੀ ਤਾਕਤ ਨੂੰ ਵੰਗਾਰ ਅਤੇ ਉਨ੍ਹਾਂ ਦੇ ਹੰਕਾਰ ਨੂੰ ਮਿੱਟੀ ਵਿੱਚ ਮਿਲਾ ਰਹੇ ਹਨ। ਅਸੀਂ ਰੂਸ-ਯੂਕਰੇਨ ਜੰਗ ਅਤੇ ਅਮਰੀਕਾ-ਇਜ਼ਰਾਈਲ-ਇਰਾਨ ਟਕਰਾਅ ਵਿੱਚ ਇਹ ਪ੍ਰਤੱਖ ਦੇਖ ਚੁੱਕੇ ਹਾਂ। ਡੇਵਿਡ ਨੇ ਗੋਲਾਯਥ ਨੂੰ ਸਫ਼ਲਤਾਪੂਰਵਕ ਟੱਕਰ ਦਿੱਤੀ ਹੈ ਕਿਉਂਕਿ ਹੁਣ ਡੇਵਿਡ ਦੇ ਹੱਥ ਵਿੱਚ ਇੱਕ ਨਵੀਂ ਗੁਲੇਲ ਹੈ, ਜਿਸ ਨੂੰ 'ਡਰੋਨ' ਕਿਹਾ ਜਾਂਦਾ ਹੈ। ਸਸਤੇ ਅਤੇ ਵੱਡੇ ਪੱਧਰ 'ਤੇ ਤਿਆਰ ਕੀਤੇ ਗਏ ਡਰੋਨਾਂ ਨੇ ਵੱਡੀਆਂ-ਵੱਡੀਆਂ ਫ਼ੌਜਾਂ ਤੇ ਜੰਗੀ ਬੇੜਿਆਂ ਨੂੰ ਉਲਝਾ ਕੇ ਰੱਖ ਦਿੱਤਾ ਹੈ ਅਤੇ ਉਨ੍ਹਾਂ ਦੀ ਰਫ਼ਤਾਰ ਨੂੰ ਬਰੇਕਾਂ ਲਗਾ ਦਿੱਤੀਆਂ ਹਨ।

ਅਸੀਂ ਰੂਸ ਦੀ ਉਦਾਹਰਣ ਦੇਖੀਏ। ਰੂਸ ਲੰਮੇ ਸਮੇਂ ਤੋਂ ਯੂਕਰੇਨ 'ਤੇ ਹਮਲਾ ਕਰਨ ਅਤੇ ਉਸ ਨੂੰ ਆਪਣੇ ਨਾਲ ਰਲਾਉਣ ਦੀ ਯੋਜਨਾ ਬਣਾ ਰਿਹਾ ਸੀ। ਉਸ ਨੂੰ ਅਜਿਹਾ ਕਰਨ ਦਾ ਬਹਾਨਾ ਨਾਟੋ ਦੇ ਲਗਾਤਾਰ ਹੋ ਰਹੇ ਪਸਾਰ ਤੋਂ ਮਿਲਿਆ, ਜਿਸ ਨੇ ਯੂਕਰੇਨ ਨੂੰ ਆਪਣਾ ਮੈਂਬਰ ਦੇਸ਼ ਬਣਾਉਣ ਦੀ ਧਮਕੀ ਦਿੱਤੀ ਸੀ ਤਾਂ ਜੋ ਰੂਸ ਦੀਆਂ ਸਰਹੱਦਾਂ ਤੱਕ ਪਹੁੰਚਿਆ ਜਾ ਸਕੇ। ਰੂਸੀਆਂ ਨੇ ਇਸ ਮੁਹਿੰਮ ਨੂੰ 'ਵਿਸ਼ੇਸ਼ ਫ਼ੌਜੀ ਕਾਰਵਾਈ' ਦਾ ਨਾਂ ਦਿੱਤਾ ਜੋ ਕਿ ਪੈਦਲ ਫ਼ੌਜ, ਤੋਪਖਾਨੇ, ਹਵਾਈ ਫ਼ੌਜ ਅਤੇ ਜਲ ਸੈਨਾ ਦੁਆਰਾ ਕੀਤਾ ਗਿਆ ਇੱਕ ਪੂਰਨ ਹਮਲਾ ਸੀ।

ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਦਾਅਵਾ ਕੀਤਾ ਸੀ ਕਿ ਇਹ ਕਾਰਵਾਈ ਕੁਝ ਹੀ ਦਿਨਾਂ ਵਿੱਚ ਮੁਕੰਮਲ ਹੋ ਜਾਵੇਗੀ। ਟੀਵੀ ਚੈਨਲਾਂ 'ਤੇ ਯੂਕਰੇਨ ਵੱਲ ਵਧਦੇ ਰੂਸੀ ਬਖ਼ਤਰਬੰਦ ਵਾਹਨਾਂ ਦੇ ਅੰਤਹੀਣ ਕਾਫ਼ਲੇ ਸਾਫ਼ ਦਿਖਾਈ ਦੇ ਰਹੇ ਸਨ, ਪਰ ਰੂਸ ਨੇ ਦੁਸ਼ਮਣ ਨੂੰ ਕਮਜ਼ੋਰ ਸਮਝਣ ਦੀ ਭੁੱਲ ਕਰ ਦਿੱਤੀ। ਇਸ ਜੰਗ ਵਿੱਚ ਯੂਕਰੇਨ ਨੂੰ ਅਮਰੀਕਾ ਅਤੇ ਨਾਟੋ ਵੱਲੋਂ ਹਥਿਆਰਾਂ, ਗੋਲਾ-ਬਾਰੂਦ ਅਤੇ ਖ਼ੁਫ਼ੀਆ ਜਾਣਕਾਰੀ ਦੀ ਭਰਪੂਰ ਮਦਦ ਮਿਲ ਰਹੀ ਸੀ।

ਹੌਲੀ-ਹੌਲੀ ਰੂਸੀ ਫ਼ੌਜ ਇਸ ਦਲਦਲ ਵਿੱਚ ਫਸ ਗਈ ਅਤੇ ਉਸ ਨੂੰ ਭਾਰੀ ਜਾਨੀ-ਮਾਲੀ ਨੁਕਸਾਨ ਝੱਲਣਾ ਪਿਆ। ਯੂਕਰੇਨ ਨੇ ਸ਼ੁਰੂਆਤੀ ਪਛਾੜ ਤੋਂ ਉੱਭਰਦਿਆਂ ਵਿਸ਼ਾਲ ਰੂਸੀ ਫ਼ੌਜ ਦੇ ਕਦਮ ਰੋਕ ਦਿੱਤੇ। ਅਖ਼ਬਾਰ 'ਦਿ ਹਿੰਦੂ' ਦੇ ਇੱਕ ਹਾਲੀਆ ਲੇਖ ਮੁਤਾਬਿਕ ਯੂਕਰੇਨ ਨੇ ਆਮ ਨਾਗਰਿਕਾਂ ਦੀ ਵਰਤੋਂ ਵਾਲੇ ਵਪਾਰਕ ਡਰੋਨਾਂ ਨੂੰ ਬਹੁਤ ਤੇਜ਼ੀ ਨਾਲ ਜਾਸੂਸੀ ਅਤੇ ਹਮਲਾਵਰ ਹਥਿਆਰਾਂ ਵਿੱਚ ਬਦਲ ਦਿੱਤਾ। ਛੋਟੇ ਕੁਆਡਕਾਪਟਰ ਅਤੇ ਐੱਫ ਪੀ ਵੀ (ਫਰਸਟ ਪਰਸਨ ਵਿਊ) ਡਰੋਨਾਂ ਨੂੰ ਘੱਟ ਲਾਗਤ ਵਾਲੇ ਸਟੀਕ ਨਿਸ਼ਾਨਾ ਲਗਾਉਣ ਵਾਲੇ ਮਾਰੂ ਹਥਿਆਰਾਂ ਵਜੋਂ ਜੰਗ ਵਿੱਚ ਉਤਾਰਿਆ ਗਿਆ।

ਇਹ ਡਰੋਨ ਤਬਾਹੀ ਦਾ ਵੱਡਾ ਜ਼ਰੀਆ ਬਣੇ ਅਤੇ ਸਾਲ 2024 ਤੱਕ ਇਨ੍ਹਾਂ ਨੂੰ ਯੂਕਰੇਨੀ ਫ਼ੌਜ ਦੇ ਹਰ ਹਿੱਸੇ ਵਿੱਚ ਪੂਰੀ ਤਰ੍ਹਾਂ ਸ਼ਾਮਿਲ ਕਰ ਲਿਆ ਗਿਆ। ਸੰਖੇਪ ਵਿੱਚ ਕਹੀਏ ਤਾਂ ਡਰੋਨਾਂ ਨੇ ਜੰਗ ਦਾ ਪਾਸਾ ਹੀ ਪਲਟ ਦਿੱਤਾ। ਕਦੇ ਬਚਾਅ ਦੀ ਸਥਿਤੀ ਵਿੱਚ ਪਿੱਛੇ ਹਟ ਰਿਹਾ ਯੂਕਰੇਨ ਅੱਜ ਰੂਸ ਦੇ ਅੰਦਰ ਤੱਕ ਤੇਲ ਡਿੱਪੂਆਂ, ਹਵਾਈ ਅੱਡਿਆਂ, ਜੰਗੀ ਜਹਾਜ਼ਾਂ ਅਤੇ ਮਾਸਕੋ ਤੇ ਸੇਂਟ ਪੀਟਰਸਬਰਗ ਵਰਗੇ ਸ਼ਹਿਰਾਂ 'ਤੇ ਸਿੱਧੇ ਹਮਲੇ ਕਰ ਰਿਹਾ ਹੈ। ਰੂਸ ਦੀ ਤਿੰਨ ਦਿਨਾਂ ਦੀ ਇਹ ਕਾਰਵਾਈ ਹੁਣ ਇੱਕ ਅਜਿਹੀ ਲੰਮੀ ਜੰਗ ਵਿੱਚ ਬਦਲ ਚੁੱਕੀ ਹੈ, ਜੋ ਆਪਣੇ ਪੰਜਵੇਂ ਸਾਲ ਵਿੱਚ ਦਾਖ਼ਲ ਹੋ ਗਈ ਹੈ।

ਇਸੇ ਸੰਦਰਭ ਵਿੱਚ ਅਮਰੀਕਾ-ਇਜ਼ਰਾਈਲ ਦੀ ਇਰਾਨ ਨਾਲ ਜੰਗ ਦਾ ਜ਼ਿਕਰ ਕਰਨਾ ਵੀ ਵਾਜਬ ਹੋਵੇਗਾ।

ਅਮਰੀਕਾ ਨੇ ਖਾੜੀ ਖੇਤਰ ਵਿੱਚ ਆਪਣੇ ਵੱਡੇ ਜੰਗੀ ਬੇੜੇ ਅਤੇ ਫ਼ੌਜਾਂ ਤਾਇਨਾਤ ਕਰਕੇ ਇਰਾਨ ਨੂੰ ਬਿਨਾਂ ਸ਼ਰਤ ਆਤਮ-ਸਮਰਪਣ ਕਰਨ ਲਈ ਕਿਹਾ। ਇਸ ਤੋਂ ਬਾਅਦ ਅਮਰੀਕਾ ਅਤੇ ਇਜ਼ਰਾਈਲ ਨੇ ਹਵਾਈ ਹਮਲਿਆਂ ਰਾਹੀਂ ਇਰਾਨ ਦੀ ਅਧਿਆਤਮਕ, ਫ਼ੌਜੀ ਅਤੇ ਖ਼ੁਫ਼ੀਆ ਲੀਡਰਸ਼ਿਪ ਦਾ ਖ਼ਾਤਮਾ ਕਰ ਦਿੱਤਾ ਅਤੇ ਇਰਾਨ ਨੂੰ ਨਕਸ਼ੇ ਤੋਂ ਮਿਟਾਉਣ ਦੀ ਧਮਕੀ ਦਿੱਤੀ। ਦਰਅਸਲ, ਅਮਰੀਕਾ ਇਰਾਨੀਆਂ ਦੇ ਸੱਭਿਆਚਾਰਕ ਜਜ਼ਬੇ, ਇਤਿਹਾਸ ਅਤੇ ਲੱਖਾਂ ਡਰੋਨਾਂ ਤੇ ਮਿਜ਼ਾਈਲਾਂ ਦੇ ਨਿਰਮਾਣ ਵਿੱਚ ਉਨ੍ਹਾਂ ਦੀ ਤਰੱਕੀ ਨੂੰ ਭੁੱਲ ਗਿਆ। ਇਰਾਨ ਕੋਲ ਲੀਡਰਸ਼ਿਪ ਦੀਆਂ ਅਗਲੀਆਂ ਸਫ਼ਾਂ ਅਤੇ ਰਣਨੀਤਕ ਸੂਝ-ਬੂਝ ਮੌਜੂਦ ਸੀ। ਨਤੀਜੇ ਵਜੋਂ, ਅਮਰੀਕਾ ਦੇ ਹੰਕਾਰ ਨੂੰ ਫਿਰ ਮਾਤ ਮਿਲੀ। ਇਰਾਨ ਨੇ ਡਰੋਨਾਂ ਅਤੇ ਮਿਜ਼ਾਈਲਾਂ ਨਾਲ ਖਾੜੀ ਦੇਸ਼ਾਂ ਵਿੱਚ ਅਮਰੀਕੀ ਟਿਕਾਣਿਆਂ 'ਤੇ ਜ਼ੋਰਦਾਰ ਹਮਲੇ ਕੀਤੇ। ਇਜ਼ਰਾਈਲ ਨੂੰ ਵੀ ਇਨ੍ਹਾਂ ਹਮਲਿਆਂ ਦਾ ਸੇਕ ਝੱਲਣਾ ਪਿਆ। ਡਰੋਨ ਅਤੇ ਮਿਜ਼ਾਈਲ ਹਮਲਿਆਂ ਦੇ ਡਰੋਂ ਵਪਾਰਕ ਜਹਾਜ਼ਾਂ ਲਈ ਹੋਰਮੁਜ਼ ਜਲਡਮਰੂ ਨੂੰ ਬੰਦ ਕਰਨਾ ਇਰਾਨ ਦਾ ਇੱਕ ਵੱਡਾ ਰਣਨੀਤਕ ਦਾਅ ਸੀ, ਜਿਸ ਨੇ ਪੂਰੀ ਦੁਨੀਆ ਦੀ ਆਰਥਿਕਤਾ ਨੂੰ ਗੋਡਿਆਂ ਪਰਨੇ ਕਰ ਦਿੱਤਾ। ਇੱਕ ਵਾਰ ਫਿਰ ਇੱਕ ਦ੍ਰਿੜ੍ਹ ਫ਼ੌਜ ਦੇ ਹੱਥਾਂ ਵਿੱਚ ਮੌਜੂਦ ਸਸਤੇ ਅਤੇ ਆਮ ਡਰੋਨਾਂ ਨੇ ਆਪਣੀ ਤਾਕਤ ਤੋਂ ਕਿਤੇ ਵੱਡਾ ਮਾਅਰਕਾ ਮਾਰਦਿਆਂ ਇੱਕ ਮਹਾਸ਼ਕਤੀ ਅਤੇ ਉਸ ਦੀ ਸਮੁੱਚੀ ਫ਼ੌਜੀ ਮਸ਼ੀਨਰੀ ਦੀ ਰਫ਼ਤਾਰ ਨੂੰ ਬਰੇਕਾਂ ਲਗਾ ਦਿੱਤੀਆਂ।

ਡਰੋਨਾਂ ਦੁਆਰਾ ਸੰਚਾਲਿਤ ਇਸ 'ਆਸਮਾਨੀ ਯੁੱਧ' ਨੇ ਜੰਗ ਦੇ ਮੈਦਾਨ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਇਤਿਹਾਸ ਗਵਾਹ ਹੈ ਕਿ ਅਜਿਹੀਆਂ ਤਬਦੀਲੀਆਂ ਹਮੇਸ਼ਾ ਸਿਆਸੀ, ਸਮਾਜਿਕ ਅਤੇ ਆਰਥਿਕ ਉਲਟਫੇਰ ਲੈ ਕੇ ਆਉਂਦੀਆਂ ਹਨ। 'ਇੰਗਲਿਸ਼ ਲੌਂਗਬੋਅ' ਇਸ ਦੀ ਵੱਡੀ ਮਿਸਾਲ ਸੀ। ਇਤਿਹਾਸ ਵਿੱਚ ਅਜਿਹੀਆਂ ਕਈ ਹੋਰ ਉਦਾਹਰਨਾਂ ਮਿਲਦੀਆਂ ਹਨ ਜਿਵੇਂ ਮੰਗੋਲਾਂ ਦੇ ਧਨੁਸ਼, ਬਾਰੂਦ ਦੀ ਖੋਜ ਅਤੇ ਲੀ-ਐਨਫੀਲਡ ਰਾਈਫਲ। ਜਦੋਂ ਵੀ ਤਾਕਤ ਦਾ ਸੰਤੁਲਨ ਵਿਗੜਦਾ ਹੈ, ਪੁਰਾਣੀ ਵਿਵਸਥਾ ਟੁੱਟਦੀ ਹੈ ਅਤੇ ਨਵੇਂ ਸਾਮਰਾਜ ਤੇ ਗੱਠਜੋੜ ਉੱਭਰਦੇ ਹਨ। ਇਹ ਕਹਿਣਾ ਮੁਸ਼ਕਿਲ ਹੈ ਕਿ ਇਸ ਪ੍ਰਕਿਰਿਆ ਵਿੱਚ ਕਿੰਨਾ ਸਮਾਂ ਲੱਗੇਗਾ, ਪਰ ਬਦਲਾਅ ਅਟੱਲ ਹੈ।

ਇਹ ਸਥਿਤੀ ਸਾਨੂੰ ਇਸ ਸਵਾਲ ਵੱਲ ਲੈ ਕੇ ਆਉਂਦੀ ਹੈ ਕਿ ਇਸ ਸਭ ਦਾ ਭਾਰਤ 'ਤੇ ਕੀ ਅਸਰ ਪਵੇਗਾ? ਮੈਂ ਆਪਣੇ ਪਿਛਲੇ ਲੇਖਾਂ ਵਿੱਚ ਚੀਨ-ਪਾਕਿਸਤਾਨ-ਬੰਗਲਾਦੇਸ਼ ਦੇ ਉੱਭਰ ਰਹੇ ਗੱਠਜੋੜ ਦਾ ਜ਼ਿਕਰ ਕੀਤਾ ਹੈ। ਅਮਰੀਕਾ ਅਤੇ ਚੀਨ ਉੱਪਰ ਪਾਕਿਸਤਾਨ ਦਾ ਪ੍ਰਭਾਵ ਜਿਉਂ-ਜਿਉਂ ਵਧੇਗਾ, ਤਿਉਂ-ਤਿਉਂ ਉਸ ਦੀਆਂ ਲਾਲਸਾਵਾਂ ਵੀ ਵਧਣਗੀਆਂ (ਜਿਸ ਦਾ ਪ੍ਰਗਟਾਵਾ ਉਹ ਜੰਮੂ-ਕਸ਼ਮੀਰ ਦੇ ਸੰਦਰਭ ਵਿੱਚ ਕਈ ਵਾਰ ਕਰ ਚੁੱਕਾ ਹੈ)। ਦੂਜੇ ਪਾਸੇ, ਚੀਨ ਨੂੰ ਅਮਰੀਕਾ ਅਤੇ ਰੂਸ ਦੀਆਂ ਰਣਨੀਤਕ ਗ਼ਲਤੀਆਂ ਦਾ ਸਿੱਧਾ ਫ਼ਾਇਦਾ ਮਿਲ ਰਿਹਾ ਹੈ। ਚੀਨ ਦਾ ਰਵੱਈਆ ਲੱਦਾਖ਼, ਉੱਤਰ-ਪੂਰਬ ਦੇ ਨਾਲ-ਨਾਲ ਭਾਰਤ ਨਾਲ ਵਪਾਰ ਦੇ ਮਾਮਲੇ ਵਿੱਚ ਅਜੇ ਵੀ ਹਮਲਾਵਰ ਹੈ।

ਇੱਕੀਵੀਂ ਸਦੀ ਮਸਨੂਈ ਬੁੱਧੀ (ਆਰਟੀਫੀਸ਼ੀਅਲ ਇੰਟੈਲੀਜੈਂਸ), ਰੋਬੋਟਿਕਸ, ਡਰੋਨ ਅਤੇ ਊਰਜਾ ਤਬਦੀਲੀ ਦਾ ਦੌਰ ਹੈ, ਜਿੱਥੇ ਨਵੇਂ ਫ਼ੌਜੀ ਅਤੇ ਆਰਥਿਕ ਗੱਠਜੋੜ ਬਣ ਰਹੇ ਹਨ। ਅਮਰੀਕਾ ਨੇ ਮੁਕਤ ਵਪਾਰ ਦੀ ਪੁਰਾਣੀ ਆਲਮੀ ਵਿਵਸਥਾ ਨੂੰ ਖ਼ਤਮ ਕਰ ਕੇ ਇਸ ਨਵੇਂ ਬਦਲਾਅ ਦੀ ਕਮਾਨ ਸੰਭਾਲ ਲਈ ਹੈ। ਬੇਸ਼ੱਕ, ਚੀਨ ਦੀ ਉਦਯੋਗਿਕ ਅਤੇ ਵਪਾਰਕ ਤਾਕਤ ਨੇ ਹੀ ਅਮਰੀਕਾ ਨੂੰ ਇਹ ਕਦਮ ਚੁੱਕਣ ਲਈ ਮਜਬੂਰ ਕੀਤਾ ਹੈ।

18ਵੀਂ ਅਤੇ 19ਵੀਂ ਸਦੀ ਵਿੱਚ ਦੁਨੀਆ ਦੇ ਸਰੋਤਾਂ 'ਤੇ ਕਬਜ਼ਾ ਕਰਨ ਲਈ ਬਸਤੀਵਾਦੀਆਂ ਦੀ ਦੌੜ ਲੱਗੀ ਹੋਈ ਸੀ। ਅੱਜ ਇੱਕ ਵਾਰ ਫਿਰ ਤਾਕਤ ਦਾ ਪਹੀਆ ਘੁੰਮ ਰਿਹਾ ਹੈ ਅਤੇ ਮਹਾਸ਼ਕਤੀਆਂ ਦੁਨੀਆ 'ਤੇ ਦਬਦਬਾ ਬਣਾਉਣ ਲਈ ਆਹਮੋ-ਸਾਹਮਣੇ ਹਨ। ਇਸ ਉਥਲ-ਪੁਥਲ ਦੇ ਦੌਰ ਵਿੱਚ ਭਾਰਤ ਨੂੰ ਬਹੁਤ ਤੇਜ਼ੀ ਨਾਲ ਆਪਣੀ ਦਿਸ਼ਾ ਤੈਅ ਕਰਨੀ ਪਵੇਗੀ। ਸਾਡੀ ਆਰਥਿਕਤਾ ਮੱਧ-ਆਮਦਨ ਦੇ ਜਾਲ ਵਿੱਚ ਫਸ ਰਹੀ ਹੈ, ਜਿੱਥੇ ਵਿਕਾਸ ਤਾਂ ਹੋ ਰਿਹਾ ਹੈ ਪਰ ਰੁਜ਼ਗਾਰ 'ਚ ਵਾਧਾ ਨਹੀਂ ਹੋ ਰਿਹਾ। ਸਾਡੇ ਬਹੁਤੇ ਡਿਗਰੀਧਾਰੀ ਨੌਜਵਾਨਾਂ ਦੀ ਆਮਦਨ, ਟੈਕਸ ਦੀ ਹੱਦ ਤੋਂ ਵੀ ਘੱਟ ਹੈ ਅਤੇ ਉਨ੍ਹਾਂ ਨੂੰ ਮਹਿੰਗਾਈ ਦੀ ਮਾਰ ਝੱਲਣੀ ਪੈ ਰਹੀ ਹੈ। ਬੇਰੁਜ਼ਗਾਰੀ ਅਤੇ ਮਹਿੰਗਾਈ ਦਾ ਇਹ ਸੁਮੇਲ ਬੇਹੱਦ ਘਾਤਕ ਹੈ, ਜਿਸ ਦਾ ਫ਼ਾਇਦਾ ਦੇਸ਼ ਵਿਰੋਧੀ ਅਨਸਰ ਅੰਦਰੂਨੀ ਕਲੇਸ਼ ਪੈਦਾ ਕਰਨ ਲਈ ਉਠਾ ਸਕਦੇ ਹਨ। ਐੱਫ ਪੀ ਵੀ ਡਰੋਨਾਂ ਨੇ ਦਿਖਾ ਦਿੱਤਾ ਹੈ ਕਿ ਇੱਕ ਬੰਦਾ ਵੀ ਕਿੰਨੀ ਵੱਡੀ ਤਬਾਹੀ ਮਚਾ ਸਕਦਾ ਹੈ।

ਜੰਮੂ ਕਸ਼ਮੀਰ, ਪੰਜਾਬ, ਰਾਜਸਥਾਨ, ਗੁਜਰਾਤ ਅਤੇ ਉੱਤਰ-ਪੂਰਬ ਦੀਆਂ ਸਰਹੱਦਾਂ ਰਾਹੀਂ ਹਥਿਆਰਾਂ, ਗੋਲਾ-ਬਾਰੂਦ ਅਤੇ ਨਸ਼ਿਆਂ ਦੀ ਤਸਕਰੀ ਲਈ ਡਰੋਨਾਂ ਦੀ ਲਗਾਤਾਰ ਵਰਤੋਂ ਕੀਤੀ ਜਾ ਰਹੀ ਹੈ। ਉੱਤਰ-ਪੂਰਬ ਅਤੇ ਜੰਮੂ ਕਸ਼ਮੀਰ ਵਰਗੇ ਸੰਵੇਦਨਸ਼ੀਲ ਇਲਾਕਿਆਂ ਦੇ ਆਪਸੀ ਮੱਤਭੇਦਾਂ ਨੂੰ ਸਾਰਿਆਂ ਦੀ ਸ਼ਮੂਲੀਅਤ ਅਤੇ ਵਿਕਾਸ ਦੀ ਭਾਵਨਾ ਨਾਲ ਹੱਲ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਸਾਡੇ ਕੋਲ ਕੋਈ ਹੋਰ ਰਾਹ ਨਹੀਂ ਹੈ। ਦੇਸ਼ ਨੂੰ ਅੰਦਰੂਨੀ ਤੌਰ 'ਤੇ ਇਕਜੁੱਟ ਹੋ ਕੇ ਰਣਨੀਤਕ ਭਾਈਵਾਲੀ ਅਤੇ ਕੂਟਨੀਤੀ ਰਾਹੀਂ ਆਪਣੇ ਕੌਮਾਂਤਰੀ ਗੱਠਜੋੜ ਮਜ਼ਬੂਤ ਕਰਨ ਦੀ ਲੋੜ ਹੈ।

ਰੂਸ ਅਤੇ ਅਮਰੀਕਾ ਦੇ ਮੌਜੂਦਾ ਤਜਰਬਿਆਂ ਤੋਂ ਸਬਕ ਲੈਂਦਿਆਂ ਭਾਰਤ ਨੂੰ ਆਪਣੀਆਂ ਮੌਜੂਦਾ ਅਤੇ ਭਵਿੱਖੀ ਫ਼ੌਜੀ ਰਣਨੀਤੀਆਂ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਫ਼ੌਜ ਵਿੱਚ ਨਵੇਂ ਹਥਿਆਰਾਂ ਅਤੇ ਡਰੋਨ ਵਿਰੋਧੀ ਪ੍ਰਣਾਲੀਆਂ ਨੂੰ ਤੁਰੰਤ ਸ਼ਾਮਿਲ ਕਰਨਾ ਸਮੇਂ ਦੀ ਮੁੱਖ ਮੰਗ ਹੈ।






# ਖਾਲਸਾ ਏਡ ਦੀ ਸਹਾਇਤਾ ਨਾਲ ਲੈਬਨਾਨ ਤੋਂ ਪੰਜ ਪੰਜਾਬੀ ਵਾਪਸੀ




ਖ਼ਾਲਸਾ ਏਡ ਸਦਕਾ ਲੈਬਨਾਨ ਵਿੱਚ ਫਸੇ ਪੰਜਾਬ ਦੇ ਪੰਜ ਨੌਜਵਾਨ ਸੁਰੱਖਿਅਤ ਵਤਨ ਪਰਤ ਆਏ ਹਨ। ਇਹ ਨੌਜਵਾਨ ਅਮਰੀਕਾ-ਇਰਾਨ ਤਣਾਅ ਕਾਰਨ ਲੈਬਨਾਨ ਵਿੱਚ ਫਸੇ ਸਨ।

ਇਸ ਸਬੰਧੀ ਖ਼ਾਲਸਾ ਏਡ (ਭਾਰਤ) ਦੇ ਟਰੱਸਟੀ ਜਸਪ੍ਰੀਤ ਸਿੰਘ ਦਾਰੀਆ ਨੇ ਦੱਸਿਆ ਕਿ ਖਾੜੀ ਵਿੱਚ ਵਧੇ ਤਣਾਅ ਕਾਰਨ ਕਈ ਵਿਦੇਸ਼ੀ ਨਾਗਰਿਕਾਂ ਵਾਂਗ ਪੰਜਾਬ ਦੇ ਇਹ ਨੌਜਵਾਨ ਵੀ ਮੁਸ਼ਕਲ ਹਾਲਾਤ ਦਾ ਸਾਹਮਣਾ ਕਰ ਰਹੇ ਸਨ ਤੇ ਲੰਬੇ ਸਮੇਂ ਤੋਂ ਆਪਣੇ ਘਰ ਪਰਤਣ ਦੀ ਉਡੀਕ ਕਰ ਰਹੇ ਸਨ। ਖ਼ਾਲਸਾ ਏਡ ਦੇ ਮੁਖੀ ਰਵੀ ਸਿੰਘ ਲੈਬਨਾਨ ਵਿੱਚ ਚੱਲ ਰਹੇ ਮਨੁੱਖਤਾ ਸੇਵਾ ਅਤੇ ਰਾਹਤ ਕਾਰਜਾਂ ਦੌਰਾਨ ਬੈਰੂਤ ਵਿਚਲੇ ਗੁਰਦੁਆਰੇ ਵਿਚ ਇਨ੍ਹਾਂ ਨੌਜਵਾਨਾਂ ਨੂੰ ਮਿਲੇ। ਗੱਲਬਾਤ ਦੌਰਾਨ ਨੌਜਵਾਨਾਂ ਨੇ ਆਪਣੇ ਵਤਨ ਵਾਪਸੀ ਸਬੰਧੀ ਦਰਪੇਸ਼ ਮੁਸ਼ਕਲਾਂ ਬਾਰੇ ਜਾਣੂ ਕਰਵਾਇਆ ਸੀ। ਉਨ੍ਹਾਂ ਤੁਰੰਤ ਮਾਮਲੇ ਨੂੰ ਤਰਜੀਹ ਦੇ ਆਧਾਰ ’ਤੇ ਵਿਦੇਸ਼ ਮੰਤਰਾਲੇ ਕੋਲ ਰੱਖਿਆ। ਜਸਪ੍ਰੀਤ ਸਿੰਘ ਦਹੀਆ ਨੇ ਦੱਸਿਆ ਕਿ ਰਵੀ ਸਿੰਘ ਤੋਂ ਪ੍ਰਾਪਤ ਜਾਣਕਾਰੀ ਉਪਰੰਤ ਉਨ੍ਹਾਂ ਨੇ ਤੁਰੰਤ ਭਾਰਤ ਸਰਕਾਰ ਦੇ ਸਾਬਕਾ ਵਿਦੇਸ਼ ਸਕੱਤਰ ਅਤੇ ਮੌਜੂਦਾ ਰਾਜਪਾਲ ਤਰਨਜੀਤ ਸਿੰਘ ਸੰਧੂ ਨਾਲ ਸੰਪਰਕ ਕੀਤਾ। ਉਨ੍ਹਾਂ ਦੇ ਸਹਿਯੋਗ ਨਾਲ ਭਾਰਤ ਸਰਕਾਰ ਅਤੇ ਬੈਰੂਤ ਸਥਿਤ ਭਾਰਤੀ ਦੂਤਘਰ ਨਾਲ ਲੋੜੀਂਦਾ ਤਾਲਮੇਲ ਸਥਾਪਤ ਕੀਤਾ ਗਿਆ। ਸਾਰੀਆਂ ਜ਼ਰੂਰੀ ਪ੍ਰਕਿਰਿਆਵਾਂ ਪੂਰੀਆਂ ਹੋਣ ਤੋਂ ਬਾਅਦ ਖ਼ਾਲਸਾ ਏਡ, ਭਾਰਤੀ ਦੂਤਘਰ ਅਤੇ ਤਰਨਜੀਤ ਸਿੰਘ ਸੰਧੂ ਦੇ ਸਹਿਯੋਗ ਨਾਲ ਇਨ੍ਹਾਂ ਪੰਜਾਂ ਨੌਜਵਾਨਾਂ ਹਰਜਿੰਦਰ ਕੁਮਾਰ ਜਲੰਧਰ, ਦਲਬੀਰ ਸਿੰਘ ਜਲੰਧਰ, ਕਰਮ ਸਿੰਘ ਪਟਿਆਲਾ, ਜਸਪ੍ਰੀਤ ਸਿੰਘ ਪਟਿਆਲਾ ਅਤੇ ਬਚਿੱਤਰ ਸਿੰਘ ਹੁਸ਼ਿਆਰਪੁਰ ਦੀ ਸੁਰੱਖਿਅਤ ਵਤਨ ਵਾਪਸੀ ਸੰਭਵ ਹੋ ਸਕੀ।

ਵਤਨ ਪਰਤਣ ਉਪਰੰਤ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਖਾਲਸਾ ਏਡ, ਰਵੀ ਸਿੰਘ, ਜਸਪ੍ਰੀਤ ਸਿੰਘ ਦਹੀਆ, ਬੈਰੂਤ ਸਥਿਤ ਭਾਰਤੀ ਦੂਤਘਰ ਅਤੇ ਤਰਨਜੀਤ ਸਿੰਘ ਸੰਧੂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਮੇਂ ਸਿਰ ਕੀਤੇ ਯਤਨ ਨੇ ਉਨ੍ਹਾਂ ਨੂੰ ਆਪਣੇ ਪਰਿਵਾਰਾਂ ਨਾਲ ਮੁੜ ਮਿਲਣ ਦਾ ਮੌਕਾ ਦਿੱਤਾ।

# ਸ਼੍ਰੋਮਣੀ ਕਮੇਟੀ ਨੇ ਅਮਰੀਕਾ ਦੀ ਸੰਗਤ ਤੋਂ ਸਹਿਯੋਗ ਦੀ ਅਪੀਲ

S.G.P.C.

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਅਮਰੀਕਾ ਦੌਰੇ ’ਤੇ ਗਏ ਉੱਚ ਪੱਧਰੀ ਵਫ਼ਦ ਨੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿੱਚ ਨਤਮਸਤਕ ਹੋ ਕੇ ਸੰਗਤ ਨਾਲ ਮੁਲਾਕਾਤ ਕੀਤੀ। ਵਫ਼ਦ ਨੇ ਸੰਗਤ ਨੂੰ ਮਰਹੂਮ ਦੀਦਾਰ ਸਿੰਘ ਬੈਂਸ ਵੱਲੋਂ ਯੂਬਾਸਿਟੀ ਵਿੱਚ ਦਿੱਤੀ ਜ਼ਮੀਨ ’ਤੇ ਸ਼੍ਰੋਮਣੀ ਕਮੇਟੀ ਵੱਲੋਂ ਸਥਾਪਤ ਕੀਤੀ ਜਾ ਰਹੀ ਪ੍ਰੈੱਸ ਅਤੇ ਧਰਮ ਪ੍ਰਚਾਰ ਕੇਂਦਰ ਬਾਰੇ ਜਾਣਕਾਰੀ ਦਿੱਤੀ ਤੇ ਸਥਾਨਕ ਸਿੱਖ ਜਥੇਬੰਦੀਆਂ ਅਤੇ ਸੰਗਤ ਨੂੰ ਇਸ ਕਾਰਜ ਲਈ ਸਹਿਯੋਗ ਦੇਣ ਦੀ ਅਪੀਲ ਕੀਤੀ।

ਵਫ਼ਦ ਨੇ ਕੈਲੀਫੋਰਨੀਆ ਦੇ ਲੈਥਰੋਪ ਵਿੱਚ ਦਲ ਬਾਬਾ ਬਿਧੀਚੰਦ ਸੰਪਰਦਾ ਦੇ ਅਸਥਾਨ, ਦਮਦਮੀ ਟਕਸਾਲ ਦੇ ਪ੍ਰਬੰਧ ਵਾਲੇ ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟਿੱਕਾ ਅਤੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰੈਜ਼ਨੋ ਸਮੇਤ ਹੋਰ ਧਾਰਮਿਕ ਅਸਥਾਨਾਂ ਦੇ ਦੌਰੇ ਕੀਤੇ। ਫਰੈਜ਼ਨੋ ਵਿੱਚ ਸੰਗਤ ਨੂੰ ਧਾਮੀ ਨੇ ਕਿਹਾ ਕਿ ਵਿਦੇਸ਼ੀ ਸਿੱਖਾਂ ਨੇ ਆਪਣੀ ਮਿਹਨਤ, ਸਮਰਪਣ ਅਤੇ ਗੁਰੂ ਘਰ ਨਾਲ ਜੁੜਾਅ ਸਦਕਾ ਵਿਸ਼ਵ ਭਰ ਵਿੱਚ ਸਿੱਖੀ ਦੀ ਵਿਲੱਖਣ ਪਛਾਣ ਬਣਾਈ ਹੈ। ਸੰਸਥਾ ਸਿੱਖ ਧਰਮ ਦੇ ਪ੍ਰਚਾਰ, ਗੁਰਮਤਿ ਸਿਧਾਂਤਾਂ ਦੇ ਪਸਾਰ ਅਤੇ ਨੌਜਵਾਨੀ ਨੂੰ ਵਿਰਸੇ ਨਾਲ ਜੋੜਨ ਲਈ ਲਗਾਤਾਰ ਕੋਸ਼ਿਸ਼ਾਂ ਕਰ ਰਹੀ ਹੈ। ਉਨ੍ਹਾਂ ਧਰਮ ਪ੍ਰਚਾਰ ਲਈ ਦਮਦਮੀ ਟਕਸਾਲ ਅਤੇ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਦੀ ਅਗਵਾਈ ਹੇਠ ਦਲ ਬਾਬਾ ਬਿਧੀਚੰਦ ਸੰਪ੍ਰਦਾ ਵੱਲੋਂ ਮਿਲ ਰਹੇ ਸਹਿਯੋਗ ਲਈ ਧੰਨਵਾਦ ਕੀਤਾ।

# ਕੇਂਦਰ ਮੀਥੇਨੌਲ ਨੂੰ ਨਿਯਮਤ ਕਰਨ ਲਈ ਕਾਨੂੰਨ ਬਣਾਵੇ: ਚੀਮਾ

ਪੰਜਾਬ ਸਰਕਾਰ ਨੇ ਮੀਥੇਨੌਲ ਅਲਕੋਹਲ (ਮੀਥੇਨੌਲ) ਨੂੰ ਨਿਯਮਤ ਕਰਨ ਲਈ ਕੇਂਦਰ ਸਰਕਾਰ ਤੋਂ ਕਾਨੂੰਨ ਬਣਾਉਣ ਦੀ ਮੰਗ ਕੀਤੀ ਹੈ ਤਾਂ ਜੋ ਮੀਥੇਨੌਲ ਦੀ ਵਰਤੋਂ ਜ਼ਹਿਰੀ ਸ਼ਰਾਬ ਬਣਾਉਣ ਤੇ ਹੋਰ ਗਲਤ ਕੰਮਾਂ ਵਿੱਚ ਨਾ ਕੀਤੀ ਜਾ ਸਕੇ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਚੰਡੀਗੜ੍ਹ ਵਿਖੇ ਕਰ ਤੇ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਕਿਹਾ ਕਿ ਦੇਸ਼ ’ਚ ਵਰਤੀ ਜਾਣ ਵਾਲੀ ਲਗਪਗ 90 ਪ੍ਰਤੀਸ਼ਤ ਮੀਥੇਨੌਲ ਵਿਦੇਸ਼ਾਂ ਤੋਂ ਦਰਾਮਦ ਕੀਤੀ ਜਾਂਦੀ ਹੈ, ਜੋ ਵੱਖ-ਵੱਖ ਬੰਦਰਗਾਹਾਂ ਅਤੇ ਕਸਟਮ ਪੁਆਇੰਟਾਂ ਰਾਹੀਂ ਦੇਸ਼ ਵਿੱਚ ਦਾਖਲ ਹੋਣ ਤੋਂ ਬਾਅਦ ਇਹ ਖ਼ਤਰਨਾਕ ਰਸਾਇਣ ਆਪਣੇ ਨਿਰਧਾਰਤ ਉਦਯੋਗਿਕ ਖਪਤਕਾਰਾਂ ਤੱਕ ਪਹੁੰਚਣ ਤੋਂ ਪਹਿਲਾਂ ਕਈ ਰਾਜਾਂ ਦੀਆਂ ਸਰਹੱਦਾਂ ਨੂੰ ਪਾਰ ਕਰਦਾ ਹੈ।

ਸ੍ਰੀ ਚੀਮਾ ਨੇ ਕਿਹਾ ਕਿ ਇਹ ਰਸਾਇਣ ਔਨਲਾਈਨ ਪਲੇਟਫਾਰਮ ਰਾਹੀਂ ਆਸਾਨੀ ਨਾਲ ਖਰੀਦਿਆ ਤੇ ਵੇਚਿਆ ਜਾਂਦਾ ਹੈ। ਉਨ੍ਹਾਂ ਆਬਕਾਰੀ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਉਹ ਇਸ ਮਹੱਤਵਪੂਰਨ ਜਨਤਕ ਸੁਰੱਖਿਆ ਮੁੱਦੇ ’ਤੇ ਪਹਿਲਾਂ ਭੇਜੇ ਗਏ ਉੱਚ-ਪੱਧਰੀ ਪੱਤਰ-ਵਿਹਾਰ ਦੇ ਸਬੰਧ ਵਿੱਚ ਕੇਂਦਰੀ ਮੰਤਰਾਲੇ ਦੇ ਅਧਿਕਾਰੀਆਂ ਨਾਲ ਰਾਬਤਾ ਕਾਇਮ ਕਰਨ।

# ਇਤਰਾਜ਼ਯੋਗ ਵੀਡੀਓ ਮਾਮਲਾ: ‘ਆਪ’ ਵੱਲੋਂ ਦੋ ਲੈਬ ਰਿਪੋਰਟਾਂ ਪੇਸ਼; ਦਾਅਵਾ—ਵੀਡੀਓ ਵਿੱਚ ਭਗਵੰਤ ਮਾਨ ਨਹੀਂ



ਆਮ ਆਦਮੀ ਪਾਰਟੀ ਨੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਜੋੜੀ ਗਈ ਵਿਵਾਦਤ ਵੀਡੀਓ ਦੇ ਮਾਮਲੇ ਵਿੱਚ ਉੱਚ ਪੱਧਰੀ ਜਾਂਚ ਦੀ ਮੰਗ ਕਰਦਿਆਂ ਐਲਾਨ ਕੀਤਾ ਹੈ ਕਿ ਪਾਰਟੀ ਦਾ ਇੱਕ ਵਫ਼ਦ ਅੱਜ ਡੀਜੀਪੀ ਪੰਜਾਬ ਨੂੰ ਮਿਲੇਗਾ। ਇਸ ਸਬੰਧੀ ਮੁਹਾਲੀ ਵਿੱਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਪਾਰਟੀ ਦੇ ਬੁਲਾਰੇ ਬਲਤੇਜ ਪੰਨੂ ਨੇ ਪ੍ਰੈਸ ਕਾਨਫਰੰਸ ਕਰਕੇ ਅਕਾਲੀ ਦਲ ਉੱਤੇ ਗੰਭੀਰ ਦੋਸ਼ ਲਗਾਏ।

ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਬਦਨਾਮ ਕਰਨ ਲਈ ਇੱਕ ਵੱਡੀ ਸਾਜ਼ਿਸ਼ ਰਚੀ ਗਈ ਅਤੇ ਵਿਵਾਦਤ ਵੀਡੀਓ ਨੂੰ ਅਕਾਲੀ ਦਲ ਵੱਲੋਂ ਜਾਣਬੁੱਝ ਕੇ ਉਨ੍ਹਾਂ ਨਾਲ ਜੋੜਿਆ ਗਿਆ। ਉਨ੍ਹਾਂ ਦੋਸ਼ ਲਗਾਇਆ ਕਿ ਇਸ ਸਾਰੇ ਮਾਮਲੇ ਪਿੱਛੇ ਸ਼੍ਰੋਮਣੀ ਅਕਾਲੀ ਦਲ, ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੇ ਸਾਥੀਆਂ ਦਾ ਹੱਥ ਹੈ।

ਹਰਪਾਲ ਸਿੰਘ ਚੀਮਾ ਅਤੇ ਬਲਤੇਜ ਪੰਨੂ ਨੇ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਇਸ ਵੀਡੀਓ ਦੀ ਜਾਂਚ ਦੇਸ਼ ਦੀਆਂ ਦੋ ਪ੍ਰਮੁੱਖ ਲੈਬਾਰਟਰੀਆਂ ਤੋਂ ਕਰਵਾਈ ਗਈ। ਉਨ੍ਹਾਂ ਅਨੁਸਾਰ, ਪੰਜਾਬ ਤੋਂ ਬਾਹਰ ਸਥਿਤ ਲੈਬਾਰਟਰੀਆਂ ਵਿੱਚ ਵੀਡੀਓ ਵਿੱਚ ਮੌਜੂਦ ਵਿਅਕਤੀ ਦੀ 1191 ਵੱਖ-ਵੱਖ ਐਂਗਲਾਂ ਤੋਂ ਪੜਤਾਲ ਕੀਤੀ ਗਈ, ਜਿਸ ਤੋਂ ਬਾਅਦ ਦੋਵਾਂ ਸੰਸਥਾਵਾਂ ਨੇ ਆਪਣੀ ਰਿਪੋਰਟ ਵਿੱਚ ਸਪੱਸ਼ਟ ਕੀਤਾ ਕਿ ਵੀਡੀਓ ਵਿੱਚ ਦਿਖਾਈ ਦੇਣ ਵਾਲਾ ਵਿਅਕਤੀ ਮੁੱਖ ਮੰਤਰੀ ਭਗਵੰਤ ਮਾਨ ਨਹੀਂ, ਸਗੋਂ ਕੋਈ ਹੋਰ ਹੈ।

ਆਪ ਆਗੂਆਂ ਨੇ ਕਿਹਾ ਕਿ ਜਦੋਂ ਤੋਂ ਪੰਜਾਬ ਸਰਕਾਰ ਵੱਲੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਬੰਧੀ ਕਾਨੂੰਨ ਬਣਾਇਆ ਗਿਆ ਹੈ, ਉਦੋਂ ਤੋਂ ਹੀ ਅਕਾਲੀ ਦਲ ਵੱਲੋਂ ਮੁੱਖ ਮੰਤਰੀ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਅਕਾਲੀ ਦਲ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਅਤੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖੇਡਣ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਸ ਨੂੰ ਪੰਜਾਬ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ।

ਇਸ ਦੌਰਾਨ ਆਗੂਆਂ ਨੇ ਅਕਾਲੀ ਦਲ ਦੀ ਸਰਕਾਰ ਸਮੇਂ 1986 ਦੇ ਨਕੋਦਰ ਕਾਂਡ ਅਤੇ 2015 ਦੇ ਬਰਗਾੜੀ ਅਤੇ ਬਹਿਬਲ ਕਲਾਂ ਗੋਲੀਕਾਂਡ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਹਮੇਸ਼ਾ ਅਜਿਹੀਆਂ ਸਾਜ਼ਿਸ਼ਾਂ ਰਚਦਾ ਆਇਆ ਹੈ, ਜਦੋਂਕਿ ਮੌਜੂਦਾ ਮੁੱਖ ਮੰਤਰੀ ਪੰਜਾਬ ਅਤੇ ਪੰਜਾਬੀਆਂ ਦੇ ਹਿੱਤਾਂ ਲਈ ਕੰਮ ਕਰਨ ਨੂੰ ਤਰਜੀਹ ਦੇ ਰਹੇ ਹਨ, ਜਿਸ ਕਾਰਨ ਵਿਰੋਧੀ ਧਿਰਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਤਕਲੀਫ਼ ਹੋ ਰਹੀ ਹੈ।

# ਭਾਜਪਾ ਆਗੂ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ; ਕੇਵਲ ਸਿੰਘ ਢਿੱਲੋਂ ਤੇ ਤਰੁਣ ਚੁੱਘ ਵੱਲੋਂ ਗੁਰੂ ਘਰ ਦਾ ਸ਼ੁਕਰਾਨਾ




ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਅਤੇ ਰਾਜ ਸਭਾ ਦੇ ਮੈਂਬਰ ਚੁਣੇ ਗਏ ਤਰੁਣ ਚੁੱਘ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਗੁਰੂ ਘਰ ਦਾ ਸ਼ੁਕਰਾਨਾ ਕੀਤਾ ਹੈ। ਪੰਜਾਬ ਭਾਜਪਾ ਦੇ ਨਵੇਂ ਬਣੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਆਖਿਆ ਕਿ ਉਹ ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਵਾਂਗ ਹੀ ਭਾਜਪਾ ਦੀ ਸਰਕਾਰ ਸਥਾਪਿਤ ਕਰਨਗੇ, ਜਿਸ ਵਿੱਚ ਸਾਰਿਆਂ ਦੇ ਬਰਾਬਰ ਹੱਕ ਹੋਣਗੇ। ਉਨ੍ਹਾਂ ਆਖਿਆ ਕਿ ਭਾਜਪਾ ਪੰਜਾਬ ਵਿੱਚ ਆਪਣੇ ਦਮ ’ਤੇ 117 ਵਿਧਾਨ ਸਭਾ ਹਲਕਿਆਂ ਵਿੱਚ ਚੋਣ ਲੜੇਗੀ।

ਪਾਕਿਸਤਾਨ ਵਿੱਚ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਪ੍ਰਧਾਨ ਮੰਤਰੀ ਨੂੰ ਪੱਤਰ

ਭਾਜਪਾ ਦੇ ਕੌਮੀ ਸਕੱਤਰ ਅਤੇ ਰਾਜ ਸਭਾ ਮੈਂਬਰ ਚੁਣੇ ਗਏ ਤਰੁਣ ਚੁੱਘ ਨੇ ਦੱਸਿਆ ਕਿ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਅਤੇ ਉਨ੍ਹਾਂ ਵੱਲੋਂ ਸਾਂਝੇ ਤੌਰ ’ਤੇ ਅੱਜ ਪ੍ਰਧਾਨ ਮੰਤਰੀ ਨੂੰ ਇੱਕ ਪੱਤਰ ਭੇਜਿਆ ਜਾਵੇਗਾ, ਜਿਸ ਰਾਹੀਂ ਉਨ੍ਹਾਂ ਨੂੰ ਪਾਕਿਸਤਾਨ ਵਿੱਚ ਘੱਟ ਗਿਣਤੀ ਭਾਈਚਾਰੇ ਦੀ ਸੁਰੱਖਿਆ ਲਈ ਯਤਨ ਕਰਨ ਵਾਸਤੇ ਅਪੀਲ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਖੈਬਰ ਪਖਤੂਨਖਵਾ ਦੇ ਇਲਾਕੇ ਦੇ ਇੱਕ ਗੁਰਦੁਆਰੇ ਵਿੱਚ ਪਤੀ-ਪਤਨੀ ਨੂੰ ਗੋਲੀ ਮਾਰ ਕੇ ਹਲਾਕ ਕਰ ਦਿੱਤਾ ਗਿਆ, ਜੋ ਕਿ ਨਿੰਦਣਯੋਗ ਕਾਰਵਾਈ ਹੈ। ਉਨ੍ਹਾਂ ਆਖਿਆ ਕਿ ਪਾਕਿਸਤਾਨ ਵਿੱਚ ਘੱਟ ਗਿਣਤੀ ਭਾਈਚਾਰਾ ਸੁਰੱਖਿਅਤ ਨਹੀਂ ਹੈ। ਉਨ੍ਹਾਂ ਆਖਿਆ ਕਿ ਵੰਡ ਵੇਲੇ ਪਾਕਿਸਤਾਨ ਵਿੱਚ ਰਹਿ ਗਏ ਹਿੰਦੂ ਅਤੇ ਸਿੱਖ ਭਾਈਚਾਰੇ ਦੇ ਲੋਕਾਂ ਦੀ ਆਬਾਦੀ ਪਾਕਿਸਤਾਨ ਵਿੱਚ ਲਗਾਤਾਰ ਘਟਦੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅੱਜ ਸ਼ਹੀਦੀ ਪੁਰਬ ਮੌਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਘਰ ਦਾ ਆਸ਼ੀਰਵਾਦ ਲਿਆ ਅਤੇ ਪ੍ਰਣ ਕੀਤਾ ਕਿ ਭਾਜਪਾ ਵੱਲੋਂ ਪੰਜਾਬ ਵਿੱਚ ਧਰਮ ਪਰਿਵਰਤਨ ਦੀ ਚੱਲ ਰਹੀ ਲਹਿਰ ਅਤੇ ਗੈਂਗਸਟਰਵਾਦ ਦੀ ਵੱਧ ਰਹੀ ਦਹਿਸ਼ਤਗਰਦੀ ਨੂੰ ਰੋਕਿਆ ਜਾਵੇਗਾ।

ਪਾਕਿਸਤਾਨ ਵਿੱਚ ਘੱਟ-ਗਿਣਤੀਆਂ ਦੀ ਸੁਰੱਖਿਆ ਲਈ ਪ੍ਰਧਾਨ ਮੰਤਰੀ ਨੂੰ ਲਿਖਣਗੇ ਪੱਤਰ: ਕੇਵਲ ਢਿੱਲੋ

ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਅਤੇ ਰਾਜ ਸਭਾ ਦੇ ਮੈਂਬਰ ਚੁਣੇ ਗਏ ਤਰੁਣ ਚੁੱਘ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਗੁਰੂ ਘਰ ਦਾ ਸ਼ੁਕਰਾਨਾ ਕੀਤਾ ਹੈ। ਪੰਜਾਬ ਭਾਜਪਾ ਦੇ ਨਵੇਂ ਬਣੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਆਖਿਆ ਕਿ ਉਹ ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਵਾਂਗ ਹੀ ਭਾਜਪਾ ਦੀ ਸਰਕਾਰ ਸਥਾਪਿਤ ਕਰਨਗੇ, ਜਿਸ ਵਿੱਚ ਸਾਰਿਆਂ ਦੇ ਬਰਾਬਰ ਹੱਕ ਹੋਣਗੇ। ਉਨ੍ਹਾਂ ਆਖਿਆ ਕਿ ਭਾਜਪਾ ਪੰਜਾਬ ਵਿੱਚ ਆਪਣੇ ਦਮ ’ਤੇ 117 ਵਿਧਾਨ ਸਭਾ ਹਲਕਿਆਂ ਵਿੱਚ ਚੋਣ ਲੜੇਗੀ।

ਪਾਕਿਸਤਾਨ ਵਿੱਚ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਪ੍ਰਧਾਨ ਮੰਤਰੀ ਨੂੰ ਪੱਤਰ

ਭਾਜਪਾ ਦੇ ਕੌਮੀ ਸਕੱਤਰ ਅਤੇ ਰਾਜ ਸਭਾ ਮੈਂਬਰ ਚੁਣੇ ਗਏ ਤਰੁਣ ਚੁੱਘ ਨੇ ਦੱਸਿਆ ਕਿ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਅਤੇ ਉਨ੍ਹਾਂ ਵੱਲੋਂ ਸਾਂਝੇ ਤੌਰ ’ਤੇ ਅੱਜ ਪ੍ਰਧਾਨ ਮੰਤਰੀ ਨੂੰ ਇੱਕ ਪੱਤਰ ਭੇਜਿਆ ਜਾਵੇਗਾ, ਜਿਸ ਰਾਹੀਂ ਉਨ੍ਹਾਂ ਨੂੰ ਪਾਕਿਸਤਾਨ ਵਿੱਚ ਘੱਟ ਗਿਣਤੀ ਭਾਈਚਾਰੇ ਦੀ ਸੁਰੱਖਿਆ ਲਈ ਯਤਨ ਕਰਨ ਵਾਸਤੇ ਅਪੀਲ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਖੈਬਰ ਪਖਤੂਨਖਵਾ ਦੇ ਇਲਾਕੇ ਦੇ ਇੱਕ ਗੁਰਦੁਆਰੇ ਵਿੱਚ ਪਤੀ-ਪਤਨੀ ਨੂੰ ਗੋਲੀ ਮਾਰ ਕੇ ਹਲਾਕ ਕਰ ਦਿੱਤਾ ਗਿਆ, ਜੋ ਕਿ ਨਿੰਦਣਯੋਗ ਕਾਰਵਾਈ ਹੈ। ਉਨ੍ਹਾਂ ਆਖਿਆ ਕਿ ਪਾਕਿਸਤਾਨ ਵਿੱਚ ਘੱਟ ਗਿਣਤੀ ਭਾਈਚਾਰਾ ਸੁਰੱਖਿਅਤ ਨਹੀਂ ਹੈ। ਉਨ੍ਹਾਂ ਆਖਿਆ ਕਿ ਵੰਡ ਵੇਲੇ ਪਾਕਿਸਤਾਨ ਵਿੱਚ ਰਹਿ ਗਏ ਹਿੰਦੂ ਅਤੇ ਸਿੱਖ ਭਾਈਚਾਰੇ ਦੇ ਲੋਕਾਂ ਦੀ ਆਬਾਦੀ ਪਾਕਿਸਤਾਨ ਵਿੱਚ ਲਗਾਤਾਰ ਘਟਦੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅੱਜ ਸ਼ਹੀਦੀ ਪੁਰਬ ਮੌਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਘਰ ਦਾ ਆਸ਼ੀਰਵਾਦ ਲਿਆ ਅਤੇ ਪ੍ਰਣ ਕੀਤਾ ਕਿ ਭਾਜਪਾ ਵੱਲੋਂ ਪੰਜਾਬ ਵਿੱਚ ਧਰਮ ਪਰਿਵਰਤਨ ਦੀ ਚੱਲ ਰਹੀ ਲਹਿਰ ਅਤੇ ਗੈਂਗਸਟਰਵਾਦ ਦੀ ਵੱਧ ਰਹੀ ਦਹਿਸ਼ਤਗਰਦੀ ਨੂੰ ਰੋਕਿਆ ਜਾਵੇਗਾ।

ਮੁੱਖ ਮੰਤਰੀ ਭਗਵੰਤ ਮਾਨ ਦੇ ਵੀਡੀਓ ਵਿਵਾਦ ’ਤੇ ਪ੍ਰਤੀਕਿਰਿਆ

ਵਿਵਾਦਤ ਵੀਡੀਓ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਤੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਗੁਰੂ ਦੋਖੀ ਅਤੇ ਪੰਥ ਵਿਰੋਧੀ ਕਰਾਰ ਦਿੱਤੇ ਜਾਣ ਦੇ ਮਾਮਲੇ ਵਿੱਚ ਭਾਜਪਾ ਆਗੂਆਂ ਨੇ ਆਖਿਆ ਕਿ ਉਹ ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਪਿੱਛੇ ਖੜ੍ਹੇ ਹਨ। ਆਮ ਆਦਮੀ ਪਾਰਟੀ ਵੱਲੋਂ ਅੱਜ ਇਸ ਵਿਵਾਦਤ ਵੀਡੀਓ ਬਾਰੇ ਕੀਤੇ ਗਏ ਦਾਅਵੇ ਨੂੰ ਉਨ੍ਹਾਂ ਆਖਿਆ ਕਿ ‘ਇੱਕ ਤਾਂ ਚੋਰੀ ਅਤੇ ਦੂਜਾ ਸੀਨਾਜ਼ੋਰੀ’। ਉਨ੍ਹਾਂ ਆਖਿਆ ਕਿ ਭਗਵੰਤ ਮਾਨ ਜਦੋਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਕੋਲ ਆਏ ਸਨ ਤਾਂ ਉਸ ਵੇਲੇ ਉਨ੍ਹਾਂ ਆਖਿਆ ਸੀ ਕਿ ਉਹ ਇਸ ਦੀ ਜਾਂਚ ਕਰਵਾ ਸਕਦੇ ਹਨ। ਹੁਣ ਜਦੋਂ ਸ੍ਰੀ ਅਕਾਲ ਤਖ਼ਤ ਵੱਲੋਂ ਦੇਸ਼ ਦੀਆਂ ਮਾਨਤਾ ਪ੍ਰਾਪਤ ਦੋ ਲੈਬਾਰਟਰੀਆਂ ਤੋਂ ਜਾਂਚ ਕਰਵਾਈ ਗਈ ਹੈ ਅਤੇ ਇਹ ਵੀਡੀਓ ਸਹੀ ਪਾਈ ਗਈ ਹੈ ਤਾਂ ਹੁਣ ਉਸ ਦਾ ਵਿਰੋਧ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਗਲਤੀ ਮੰਨਣ ਦੀ ਥਾਂ ਆਮ ਆਦਮੀ ਪਾਰਟੀ ਵੱਲੋਂ ਸੀਨਾਜ਼ੋਰੀ ਕੀਤੀ ਜਾ ਰਹੀ ਹੈ, ਜੋ ਕਿ ਨਿੰਦਣਯੋਗ ਹੈ। ਭਾਜਪਾ ਦੇ ਕੌਮੀ ਪ੍ਰਧਾਨ ਦੀ ਆਮਦ ਸਬੰਧੀ ਉਨ੍ਹਾਂ ਆਖਿਆ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਆ ਰਹੇ ਹਨ।

ਜਲ੍ਹਿਆਂਵਾਲਾ ਬਾਗ ਅਤੇ ਦੁਰਗਿਆਣਾ ਮੰਦਰ ਵਿਖੇ ਵੀ ਹੋਏ ਨਤਮਸਤਕ

ਇਸ ਤੋਂ ਪਹਿਲਾਂ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਅਤੇ ਭਾਜਪਾ ਦੇ ਸਕੱਤਰ ਤਰੁਣ ਚੁੱਘ ਤੇ ਹੋਰ ਭਾਜਪਾ ਆਗੂਆਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਉਹ ਇਤਿਹਾਸਕ ਜਲ੍ਹਿਆਂਵਾਲਾ ਬਾਗ ਵਿਖੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਵਾਸਤੇ ਵੀ ਗਏ ਅਤੇ ਉਪਰੰਤ ਦੁਰਗਿਆਣਾ ਮੰਦਰ ਮੱਥਾ ਟੇਕਣ ਵਾਸਤੇ ਗਏ ਹਨ।

ਇਸ ਤੋਂ ਪਹਿਲਾਂ ਉਹ ਭੰਡਾਰੀ ਪੁਲ ’ਤੇ ਪੁੱਜੇ, ਜਿੱਥੇ ਭਾਜਪਾ ਆਗੂਆਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ ਅਤੇ ਮਗਰੋਂ ਉਹ ਇੱਕ ਕਾਫ਼ਲੇ ਦੇ ਰੂਪ ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਵਾਸਤੇ ਗਏ। ਇਸ ਮੌਕੇ ਉਨ੍ਹਾਂ ਨਾਲ ਸਾਬਕਾ ਪ੍ਰਧਾਨ ਸ਼ਵੇਤ ਮਲਿਕ, ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਸੰਧੂ ਤੇ ਵੱਡੀ ਗਿਣਤੀ ਵਿੱਚ ਹੋਰ ਭਾਜਪਾ ਆਗੂ ਤੇ ਵਰਕਰ ਸ਼ਾਮਲ ਸਨ।

# ਜੰਗਲਾਂ ਵਿੱਚ ਸਭ ਤੋਂ ਪਿੱਛੇ ਪੰਜਾਬ; ਨਿਯਮਾਂ ਨੂੰ ਅਣਦੇਖਾ ਕਰਕੇ ਸਦੀਆਂ ਪੁਰਾਣੇ ਰੁੱਖਾਂ ਦੀ ਕਟਾਈ ਜਾਰੀ

ਇੱਕ ਅਜਿਹੇ ਸਮੇਂ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 'ਇੱਕ ਪੇੜ ਮਾਂ ਕੇ ਨਾਮ' ਮੁਹਿੰਮ ਦੇਸ਼ ਭਰ ਵਿੱਚ ਲੋਕਾਂ ਨੂੰ ਬੂਟੇ ਲਗਾਉਣ ਅਤੇ ਵਾਤਾਵਰਣ ਸੰਭਾਲ ਦੇ ਯਤਨਾਂ ਨੂੰ ਮਜ਼ਬੂਤ ਕਰਨ ਲਈ ਉਤਸ਼ਾਹਿਤ ਕਰ ਰਹੀ ਹੈ, ਪੰਜਾਬ ਦਾ ਵਾਤਾਵਰਣ ਸ਼ਾਸਨ ਤਿੱਖੀ ਜਾਂਚ ਦੇ ਘੇਰੇ ਵਿੱਚ ਆ ਗਿਆ ਹੈ।

ਵਾਤਾਵਰਣ ਪ੍ਰੇਮੀਆਂ ਨੇ ਵਿਕਾਸ ਪ੍ਰੋਜੈਕਟਾਂ ਲਈ ਰਾਹ ਬਣਾਉਣ ਖਾਤਰ—ਅਕਸਰ ਲਾਜ਼ਮੀ ਪ੍ਰਵਾਨਗੀਆਂ ਤੋਂ ਬਿਨਾਂ—ਪੁਰਾਣੇ ਅਤੇ ਵਿਰਾਸਤੀ ਰੁੱਖਾਂ ਨੂੰ ਬੇਰਹਿਮੀ ਨਾਲ ਕੱਟਣ ਅਤੇ ਪੁੱਟਣ ਦੇ ਕਈ ਮਾਮਲਿਆਂ ਨੂੰ ਉਜਾਗਰ ਕੀਤਾ ਹੈ।

ਆਲਮ ਇਹ ਹੈ ਕਿ ਸੂਬੇ ਨੇ ਅਜੇ ਨੋਟੀਫਾਈਡ ਜੰਗਲਾਂ ਤੋਂ ਬਾਹਰ ਸ਼ਹਿਰੀ ਖੇਤਰਾਂ ਵਿੱਚ ਰੁੱਖਾਂ ਦੀ ਸੁਰੱਖਿਆ ਲਈ ਸਖ਼ਤ ਕਾਨੂੰਨ ਨਹੀਂ ਬਣਾਇਆ ਹੈ, ਹਾਲਾਂਕਿ ਉਲੰਘਣਾ ਕਰਨ ਵਾਲਿਆਂ ਲਈ ਵਾਤਾਵਰਣ ਮੁਆਵਜ਼ੇ ਦੇ ਰੂਪ ਵਿੱਚ ਜੁਰਮਾਨਾ ਤਜਵੀਜ਼ ਕੀਤਾ ਗਿਆ ਹੈ।

ਵਾਤਾਵਰਣ ਸੰਬੰਧੀ ਚਿੰਤਾਵਾਂ ਦਾ ਨੋਟਿਸ ਲੈਂਦਿਆਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਪੱਸ਼ਟ ਨਿਆਇਕ ਆਗਿਆ ਤੋਂ ਬਿਨਾਂ ਕਿਸੇ ਵੀ ਰੁੱਖ ਨੂੰ ਕੱਟਣ ਜਾਂ ਪੁੱਟਣ 'ਤੇ ਸੂਬਾ-ਪੱਧਰੀ ਪਾਬੰਦੀ ਲਗਾ ਦਿੱਤੀ ਹੈ। ਇੱਕ ਹਾਲੀਆ ਹੁਕਮ ਵਿੱਚ ਅਦਾਲਤ ਨੇ ਜ਼ੀਰਕਪੁਰ-ਪੰਚਕੂਲਾ ਬਾਈਪਾਸ ਪ੍ਰੋਜੈਕਟ ਲਈ ਤਜਵੀਜ਼ਸ਼ੁਦਾ 3,000 ਤੋਂ 5,000 ਪੁਰਾਣੇ ਰੁੱਖਾਂ ਨੂੰ ਕੱਟਣ 'ਤੇ ਅੰਤਰਿਮ ਰੋਕ ਵੀ ਲਗਾ ਦਿੱਤੀ ਹੈ।

ਹਾਲ ਹੀ ਵਿੱਚ ਇਹ ਮੁੱਦਾ ਬਰਨਾਲਾ ਵਿੱਚ ਸੁਰਖੀਆਂ ਵਿੱਚ ਆਇਆ ਹੈ, ਜਿੱਥੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਘਠ) ਨੇ ਫੁਹਾਰਾ ਚੌਕ ਨੇੜੇ



ਭਾਰੀ ਮਸ਼ੀਨਰੀ ਦੀ ਵਰਤੋਂ ਕਰਕੇ 140 ਪੁਰਾਣੇ ਰੁੱਖਾਂ—ਜਿਨ੍ਹਾਂ ਵਿੱਚ ਨਿੰਮ, ਬੋਹੜ, ਪਿੱਪਲ, ਟਾਹਲੀ, ਟੇਕ, ਕਿੱਕਰ ਅਤੇ ਜੰਡ ਸ਼ਾਮਲ ਹਨ, ਜਿਨ੍ਹਾਂ ਵਿੱਚੋਂ ਕਈ ਦਹਾਕਿਆਂ ਪੁਰਾਣੇ ਸਨ—ਨੂੰ ਗੈਰ-ਕਾਨੂੰਨੀ ਢੰਗ ਨਾਲ ਕੱਟਣ ਦੇ ਦੋਸ਼ਾਂ ਦਾ ਗੰਭੀਰ ਨੋਟਿਸ ਲਿਆ ਹੈ, ਜਿਸ ਨਾਲ ਵਾਤਾਵਰਣ ਨੂੰ ਕਾਫੀ ਨੁਕਸਾਨ ਪਹੁੰਚਿਆ ਹੈ।

ਘਠ ਨੇ ਰੁੱਖਾਂ ਨੂੰ ਕਥਿਤ ਤੌਰ 'ਤੇ ਪੁੱਟਣ ਦੇ ਮਾਮਲੇ ਵਿੱਚ ਢੀ੍ਰ ਦਰਜ ਕਰਨ ਦੇ ਨਿਰਦੇਸ਼ ਦਿੱਤੇ

ਵਾਤਾਵਰਣ ਕਾਰਕੁਨ ਗੁਰਪ੍ਰੀਤ ਸਿੰਘ ਕਾਹਨੇਕੇ ਵੱਲੋਂ ਦਾਇਰ ਪਟੀਸ਼ਨ 'ਤੇ ਕਾਰਵਾਈ ਕਰਦਿਆਂ ਘਠ ਨੇ ਰੁੱਖਾਂ ਨੂੰ ਕਥਿਤ ਤੌਰ 'ਤੇ ਪੁੱਟਣ ਦੇ ਮਾਮਲੇ ਵਿੱਚ ਬਰਨਾਲਾ ਇੰਪਰੂਵਮੈਂਟ ਟਰੱਸਟ ਦੇ ਅਧਿਕਾਰੀਆਂ ਵਿਰੁੱਧ ਢੀ੍ਰ ਦਰਜ ਕਰਨ ਦੇ ਨਿਰਦੇਸ਼ ਦਿੱਤੇ ਹਨ।

ਜਾਂਚ ਦੇ ਘੇਰੇ ਵਿੱਚ ਇੱਕ ਹੋਰ ਮਾਮਲਾ ਬਰਨਾਲਾ ਦੀ ਫੂਧਅ ਮਾਰਕੀਟ ਵਿੱਚ ਲਪਭਗ 100 ਸਾਲ ਪੁਰਾਣੇ ਨਿੰਮ ਨੂੰ ਕਥਿਤ ਤੌਰ 'ਤੇ ਗੈਰ-ਕਾਨੂੰਨੀ ਢੰਗ ਨਾਲ ਕੱਟਣ ਦਾ ਹੈ, ਜਿੱਥੇ ਅਧਿਕਾਰਤ ਸੰਚਾਰ ਦੇ ਬਾਵਜੂਦ ਕੋਈ ਕਾਨੂੰਨੀ ਕਾਰਵਾਈ ਸ਼ੁਰੂ ਨਹੀਂ ਕੀਤੀ ਗਈ ਹੈ।

ਇਹ ਚਿੰਤਾ ਸਿਰਫ਼ ਬਰਨਾਲਾ ਤੱਕ ਹੀ ਸੀਮਤ ਨਹੀਂ ਹੈ। ਵਾਤਾਵਰਣ ਕਾਰਕੁਨਾਂ ਨੇ ਇਹ ਵੀ ਦੋਸ਼ ਲਾਇਆ ਹੈ ਕਿ ਇੱਕ ਪ੍ਰਸਤਾਵਿਤ ਸੜਕ ਨਿਰਮਾਣ ਪ੍ਰੋਜੈਕਟ ਤੋਂ ਪਹਿਲਾਂ ਧੌਲਾ-ਧੂਰਕੋਟ ਸੜਕ ਦੇ ਕਿਨਾਰੇ ਸੈਂਕੜੇ ਰੁੱਖ ਕੱਟੇ ਗਏ ਸਨ।

ਫਰੀਦਕੋਟ ਵਿੱਚ 137 ਏਕੜ ਜ਼ਮੀਨ 'ਤੇ ਇੱਕ ਉਦਯੋਗਿਕ ਪਾਰਕ ਵਿਕਸਤ ਕਰਨ ਲਈ ਬੰਦ ਪਈ ਫਰੀਦਕੋਟ ਸਹਿਕਾਰੀ ਖੰਡ ਮਿੱਲ ਦੇ ਅਹਾਤੇ ਵਿੱਚ 784 ਪੁਰਾਣੇ ਰੁੱਖਾਂ ਨੂੰ ਕੱਟਣ ਦੇ ਪ੍ਰਸਤਾਵ ਨੇ ਨਿਵਾਸੀਆਂ, ਕਿਸਾਨ ਯੂਨੀਅਨਾਂ ਅਤੇ ਵਾਤਾਵਰਣ ਸਮੂਹਾਂ ਦੁਆਰਾ ਵਿਆਪਕ ਰੋਸ ਨੂੰ ਜਨਮ ਦਿੱਤਾ ਹੈ।

ਇਸ ਸਾਲ ਫਰਵਰੀ ਵਿੱਚ ਨੰਗਲ ਵਿੱਚ ਡਾਕਘਰ ਦੀ ਇਮਾਰਤ ਵਿੱਚ ਇੱਕ ਸਦੀ ਪੁਰਾਣਾ ਬੋਹੜ ਦਾ ਰੁੱਖ ਅਤੇ ਕਈ ਫਲਦਾਰ ਰੁੱਖ ਗੈਰ-ਕਾਨੂੰਨੀ ਤੌਰ 'ਤੇ ਕੱਟ ਦਿੱਤੇ ਗਏ ਸਨ। ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਭਭੰਭ) ਦੀ ਜ਼ਮੀਨ 'ਤੇ ਸਥਿਤ ਅਤੇ 50 ਸਾਲ ਤੋਂ ਵੱਧ ਪੁਰਾਣੇ ਮੰਨੇ ਜਾਂਦੇ ਇਹ ਰੁੱਖ ਹਾਈ ਕੋਰਟ ਦੀ ਪਾਬੰਦੀ ਦੀ ਉਲੰਘਣਾ ਕਰਕੇ ਕੱਟੇ ਗਏ, ਜਿਸ ਨਾਲ ਸਥਾਨਕ ਲੋਕਾਂ ਅਤੇ ਕਾਰਕੁਨਾਂ ਵਿੱਚ ਭਾਰੀ ਰੋਸ ਪੈਦਾ ਹੋਇਆ।

ਮੁਕਤਸਰ ਜ਼ਿਲ੍ਹੇ ਦੇ ਮਲੋਟ ਕਸਬੇ ਵਿੱਚ ਵਾਤਾਵਰਣ ਅਤੇ ਸਮਾਜਿਕ ਸੰਸਥਾਵਾਂ ਨੇ ਹਾਲ ਹੀ ਵਿੱਚ ਇਤਰਾਜ਼ ਜਤਾਇਆ ਸੀ ਜਦੋਂ 2019 ਵਿੱਚ ਲਗਾਏ ਗਏ ਕੁਝ ਰੁੱਖਾਂ ਨੂੰ ਕਥਿਤ ਤੌਰ 'ਤੇ ਵਾਲੀਬਾਲ ਕੋਰਟ ਲਈ ਰਸਤਾ ਬਣਾਉਣ ਵਾਸਤੇ ਪੁੱਟ ਦਿੱਤਾ ਗਿਆ ਸੀ। ਇਨ੍ਹਾਂ ਰੁੱਖਾਂ ਨੂੰ ਸਥਾਨਕ ਨਿਵਾਸੀਆਂ ਨੇ ਕਈ ਸਾਲਾਂ ਤੋਂ ਪਾਲਿਆ ਸੀ ਅਤੇ ਇਹ ਇਲਾਕੇ ਦੇ ਹਰੇ-ਭਰੇ ਕਵਰ ਦਾ ਇੱਕ ਮਹੱਤਵਪੂਰਨ ਹਿੱਸਾ ਬਣ ਗਏ ਸਨ।

ਵਾਤਾਵਰਣ ਦੇ ਮੁੱਦਿਆਂ ਲਈ ਲੜ ਰਹੇ ਇੱਕ ਗੈਰ-ਸਰਕਾਰੀ ਸੰਗਠਨ 'ਪਬਲਿਕ ਐਕਸ਼ਨ ਕਮੇਟੀ' ਦੇ ਜਸਕੀਰਤ ਸਿੰਘ ਦਾ ਕਹਿਣਾ ਹੈ ਕਿ ਰੁੱਖਾਂ ਦਾ ਨੁਕਸਾਨ ਪੰਜਾਬ ਵਿੱਚ ਖਾਸ ਤੌਰ 'ਤੇ ਚਿੰਤਾਜਨਕ ਹੈ, ਜਿੱਥੇ ਦੇਸ਼ ਵਿੱਚ ਸਭ ਤੋਂ ਘੱਟ ਜੰਗਲੀ ਰਕਬਾ ਹੈ।

ਪੰਜਾਬ ਦਾ ਜੰਗਲੀ ਰਕਬਾ ਸਿਰਫ਼ 6.59%

ਕੇਂਦਰੀ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਪਿਛਲੇ ਸਾਲ ਜੁਲਾਈ ਵਿੱਚ 'ਆਪ' ਦੇ ਰਾਜ ਸਭਾ ਮੈਂਬਰ ਅਤੇ ਵਾਤਾਵਰਣ ਪ੍ਰੇਮੀ ਬਲਬੀਰ ਸਿੰਘ ਸੀਚੇਵਾਲ ਦੇ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਸੀ ਕਿ ਭਾਰਤ ਦਾ ਕੁੱਲ ਜੰਗਲੀ ਖੇਤਰ 8,27,357.95 ਵਰਗ ਕਿਲੋਮੀਟਰ (ਦੇਸ਼ ਦੇ 32,87,468.88 ਵਰਗ ਕਿਲੋਮੀਟਰ ਭੂਗੋਲਿਕ ਖੇਤਰ ਦਾ 25.17%) ਹੈ। ਇਸ ਦੇ ਮੁਕਾਬਲੇ ਪੰਜਾਬ ਦਾ ਜੰਗਲੀ ਰਕਬਾ ਸਿਰਫ਼ 6.59% ਹੈ, ਜੋ ਸਾਰੇ ਰਾਜਾਂ ਵਿੱਚੋਂ ਸਭ ਤੋਂ ਘੱਟ ਹੈ।

ਵਾਤਾਵਰਣ ਪ੍ਰੇਮੀਆਂ ਦਾ ਜ਼ੋਰ ਹੈ ਕਿ ਜਿੱਥੇ ਨਵੇਂ ਬੂਟੇ ਲਗਾਉਣਾ ਜ਼ਰੂਰੀ ਹੈ, ਉੱਥੇ ਹੀ ਪੁਰਾਣੇ ਅਤੇ ਵੱਡੇ ਰੁੱਖਾਂ ਦੀ ਰੱਖਿਆ ਕਰਨਾ ਵੀ ਬਰਾਬਰ ਮਹੱਤਵਪੂਰਨ ਹੈ। ਅਦਾਲਤਾਂ ਅਤੇ ਟ੍ਰਿਬਿਊਨਲਾਂ ਵਿੱਚ ਕਈ ਮਾਮਲੇ ਵਿਚਾਰ ਅਧੀਨ ਹੋਣ ਕਰਕੇ, ਆਉਣ ਵਾਲੇ ਮਹੀਨੇ ਇਹ ਨਿਰਧਾਰਤ ਕਰਨ ਲਈ ਮਹੱਤਵਪੂਰਨ ਹੋਣਗੇ ਕਿ ਪੰਜਾਬ ਵਿਕਾਸ ਅਤੇ ਵਾਤਾਵਰਣ ਸੁਰੱਖਿਆ ਵਿਚਕਾਰ ਕਿੰਨੀ ਪ੍ਰਭਾਵਸ਼ਾਲੀ ਢੰਗ ਨਾਲ ਸੰਤੁਲਨ ਬਣਾਉਂਦਾ ਹੈ। ਇਹ ਸਿਰਫ਼ ਅੰਕੜੇ ਨਹੀਂ ਹਨ, ਸਗੋਂ ਭਵਿੱਖ ਲਈ ਇੱਕ ਸਪੱਸ਼ਟ ਚੇਤਾਵਨੀ ਹੈ।

# ਪੰਜਾਬ ਦਾ 'ਰਿਮੋਟ' ਕੇਜਰੀਵਾਲ ਕੋਲ: ਸੰਬਿਤ ਪਾਤਰਾ



ਭਾਰਤੀ ਜਨਤਾ ਪਾਰਟੀ ਦੇ ਕੌਮੀ ਬੁਲਾਰੇ ਅਤੇ ਜਾਗਨਨਾਥ ਪੁਰੀ ਤੋਂ ਸੰਸਦ ਮੈਂਬਰ ਸੰਬਿਤ ਪਾਤਰਾ ਨੇ ਅੱਜ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਦਾ 'ਰਿਮੋਟ ਕੰਟਰੋਲ' ਅਰਵਿੰਦ ਕੇਜਰੀਵਾਲ ਕੋਲ ਹੈ ਅਤੇ ਮੁੱਖ ਮੰਤਰੀ ਨੂੰ ਖੁੱਲ੍ਹ ਕੇ ਕੰਮ ਨਹੀਂ ਕਰਨ ਦਿੱਤਾ ਜਾ ਰਿਹਾ। ਦਿੱਲੀ ਵਾਂਗ ਪੰਜਾਬ ਵਿੱਚ ਵੀ 'ਆਪ' ਦੀ ਸਥਿਤੀ ਕਮਜ਼ੋਰ ਹੋ ਰਹੀ ਹੈ ਅਤੇ 2027 ਦੀਆਂ ਚੋਣਾਂ ਵਿੱਚ ਲੋਕ ਭਾਜਪਾ ਨੂੰ ਮੌਕਾ ਦੇਣਗੇ।

ਮੁੱਖ ਮੰਤਰੀ ਦੀ ਕਥਿਤ ਵਾਇਰਲ ਵੀਡੀਓ ਬਾਰੇ ਪਾਤਰਾ ਨੇ ਇਸ ਨੂੰ ਗੰਭੀਰ ਅਤੇ ਸ਼ਰਮਨਾਕ ਮਾਮਲਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਵੱਲੋਂ ਕਰਵਾਈ ਜਾਂਚ ਵਿੱਚ ਵੀਡੀਓ ਨੂੰ ਅਸਲੀ ਦੱਸਿਆ ਗਿਆ ਹੈ। ਅਕਾਲ ਤਖ਼ਤ ਦਾ ਪੂਰੇ ਦੇਸ਼ ਵਿੱਚ ਸਨਮਾਨ ਹੈ ਅਤੇ ਉਸ ਦੇ ਨਿਰਦੇਸ਼ਾਂ ਦੀ ਪਾਲਣਾ ਹੋਣੀ ਚਾਹੀਦੀ ਹੈ।

ਦੇਸ਼ ਦੀ ਆਰਥਿਕ ਸਥਿਤੀ ਬਾਰੇ ਉਨ੍ਹਾਂ ਕਿਹਾ ਕਿ ਵਿਸ਼ਵ ਪੱਧਰ ਦੀਆਂ ਚੁਣੌਤੀਆਂ ਦੇ ਬਾਵਜੂਦ ਭਾਰਤ ਦੀ ਆਰਥਿਕਤਾ ਮੋਦੀ ਸਰਕਾਰ ਦੇ ਕਾਰਜਕਾਲ ਵਿਚ ਮਜ਼ਬੂਤ ਹੋਈ ਹੈ। ਬੰਦੀ ਸਿੰਘਾਂ ਦੀ ਰਿਹਾਈ 'ਤੇ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਨ ਵਿੱਚ ਸਿੱਖ ਕੌਮ ਅਤੇ ਪੰਜਾਬ ਲਈ ਵਿਸ਼ੇਸ਼ ਸਤਿਕਾਰ ਹੈ ਪਰ ਪੂਰੀ ਜਾਣਕਾਰੀ ਨਾ ਹੋਣ ਕਾਰਨ ਉਹ ਇਸ ਮਾਮਲੇ 'ਤੇ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦੇ। ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਬਾਰੇ ਉਨ੍ਹਾਂ ਕਿਹਾ ਕਿ ਇਸ ਸਬੰਧੀ ਫ਼ੈਸਲਾ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਹੀ ਕਰੇਗੀ। ਇਸ ਮੌਕੇ ਪੰਜਾਬ ਭਾਜਪਾ ਦੇ ਮੀਤ ਪ੍ਰਧਾਨ ਡਾਕਟਰ ਸੁਭਾਸ਼ ਸ਼ਰਮਾ, ਸਾਬਕਾ ਜ਼ਿਲ੍ਹਾ ਪ੍ਰਧਾਨ ਜਤਿੰਦਰ ਸਿੰਘ ਅਠਵਾਲ, ਮੰਡਲ ਪ੍ਰਧਾਨ ਰਤਨ ਧਨੇੜਾ, ਮੰਡਲ ਪ੍ਰਧਾਨ ਹਰਮਨਜੀਤ ਸਿੰਘ ਪ੍ਰਿੰਸ ਸਮੇਤ ਵੱਡੀ ਗਿਣਤੀ ਵਿੱਚ ਭਾਜਪਾ ਦੇ ਆਗੂ ਤੇ ਵਰਕਰ ਮੌਜੂਦ ਸਨ।


ਮੋਦੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਈਆਂ

ਸੰਬਿਤ ਪਾਤਰਾ ਨੇ ਮੋਦੀ ਸਰਕਾਰ ਦੇ 12 ਸਾਲ ਪੂਰੇ ਹੋਣ ਮੌਕੇ ਕਰਵਾਏ ਪ੍ਰੋਗਰਾਮ ਦੌਰਾਨ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਈਆਂ। ਉਨ੍ਹਾਂ ਕਿਹਾ ਕਿ ਊਨਾ-ਦਿੱਲੀ ਵੰਦੇ ਭਾਰਤ ਰੇਲ ਸੇਵਾ, ਸ੍ਰੀ ਆਨੰਦਪੁਰ ਸਾਹਿਬ ਨਾਲ ਜੁੜੇ ਰੇਲਵੇ ਸਟੇਸ਼ਨਾਂ ਦੇ ਆਧੁਨਿਕੀਕਰਨ, ਮੁਹਾਲੀ ਵਿੱਚ ਸੈਮੀਕੰਡਕਟਰ ਪ੍ਰਾਜੈਕਟ ਦੇ ਵਿਸਥਾਰ ਅਤੇ ਸ੍ਰੀ ਆਨੰਦਪੁਰ ਸਾਹਿਬ-ਊਨਾ ਚਾਰ ਮਾਰਗੀ ਸੜਕ ਪ੍ਰਾਜੈਕਟ ਵਰਗੇ ਵਿਕਾਸ ਕਾਰਜ ਦਾ ਸਿਹਰਾ ਮੋਦੀ ਸਰਕਾਰ ਨੂੰ ਜਾਂਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕਿਸਾਨ ਸਨਮਾਨ ਨਿਧੀ, ਮੁਫ਼ਤ ਰਾਸ਼ਨ ਯੋਜਨਾ ਅਤੇ ਗਰੀਬ ਭਲਾਈ ਸਕੀਮਾਂ ਰਾਹੀਂ ਕਰੋੜਾਂ ਲੋਕਾਂ ਨੂੰ ਲਾਭ ਮਿਲਿਆ ਹੈ ਤੇ ਮੋਦੀ ਸਰਕਾਰ ਦੀਆਂ ਇਨ੍ਹਾਂ ਪ੍ਰਾਪਤੀਆਂ ਸਬੰਧੀ ਲੋਕਾਂ ਨੂੰ ਜਾਣੂ ਕਰਾਉਣ ਲਈ ਭਾਜਪਾ ਆਗੂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਜਾ ਕੇ ਲੋਕਾਂ ਨਾਲ ਰੂਬਰੂ ਹੋ ਰਹੇ ਹਨ।

# ਵੱਡਾ ਫ਼ੈਸਲਾ: ਕਰਮਚਾਰੀਆਂ ਨੂੰ 8.25% ਵਿਆਜ; ਜਲਦੀ ਹੋਵੇਗਾ ਕ੍ਰੈਡਿਟ

ਸਰਕਾਰ ਨੇ ਵਿੱਤੀ ਸਾਲ 2025-26 ਲਈ ਇੰਪਲਾਈ ਪ੍ਰੋਵੀਡੈਂਟ ਫੰਡ ਜਮ੍ਹਾਂ ਰਕਮਾਂ 'ਤੇ 8.25 ਫੀਸਦੀ ਵਿਆਜ ਦਰ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜੋ ਕਿ ਇੱਕ ਸਰੋਤ ਦੇ ਅਨੁਸਾਰ ਇਸੇ ਮਹੀਨੇ ਸੱਤ ਕਰੋੜ ਤੋਂ ਵੱਧ ਯੋਗਦਾਨ ਪਾਉਣ ਵਾਲੇ ਮੈਂਬਰਾਂ ਦੇ ਖਾਤਿਆਂ ਵਿੱਚ ਜਮ੍ਹਾਂ ਹੋਣ ਦੀ ਸੰਭਾਵਨਾ ਹੈ। ਈਪੀਐਫਓ ਵਿੱਤ ਮੰਤਰਾਲੇ ਰਾਹੀਂ ਸਰਕਾਰ ਵੱਲੋਂ ਮਨਜ਼ੂਰੀ ਮਿਲਣ ਤੋਂ ਬਾਅਦ ਹੀ 'ਤੇ ਵਿਆਜ ਦਰ ਪ੍ਰਦਾਨ ਕਰਦਾ ਹੈ। ਸੂਤਰਾਂ ਮੁਤਾਬਿਕ ਵਿੱਤ ਮੰਤਰਾਲੇ ਨੇ ਕਰਮਚਾਰੀ ਭਵਿੱਖ ਨਿਧੀ ਸੰਗਠਨ ਦੀ ਸਰਵਉੱਚ ਫੈਸਲਾ ਲੈਣ ਵਾਲੀ ਸੰਸਥਾ, ਸੈਂਟਰਲ ਬੋਰਡ ਆਫ਼ ਟਰੱਸਟੀਜ਼ ਵੱਲੋਂ ਤੈਅ ਕੀਤੀ ਗਈ 8.25 ਫੀਸਦੀ ਵਿਆਜ ਦਰ ਨੂੰ ਆਪਣੀ ਸਹਿਮਤੀ ਦੇ ਦਿੱਤੀ ਹੈ। ਇਸ ਤੋਂ ਪਹਿਲਾਂ 2 ਮਾਰਚ ਨੂੰ ਕੇਂਦਰੀ ਕਿਰਤ ਮੰਤਰੀ ਮਨਸੁਖ ਮਾਂਡਵੀਆ ਦੀ ਪ੍ਰਧਾਨਗੀ ਹੇਠ ਹੋਈ ਬੈਠਕ ਵਿੱਚ ਸੀਬੀਟੀ ਨੇ ਵਿੱਤੀ ਸਾਲ 2025-26 ਲਈ 8.25 ਫੀਸਦੀ ਵਿਆਜ ਦਰ ਤੈਅ ਕਰਨ ਦਾ ਫੈਸਲਾ ਕੀਤਾ ਸੀ, ਜੋ ਕਿ ਲਗਾਤਾਰ ਤੀਜਾ ਸਾਲ ਹੈ ਜਦੋਂ ਇਹ ਦਰ ਬਰਕਰਾਰ ਰੱਖੀ ਗਈ ਹੈ। ਇਸ ਤੋਂ ਬਾਅਦ ਇਹ ਪ੍ਰਸਤਾਵ ਵਿੱਤ ਮੰਤਰਾਲੇ ਨੂੰ ਸਹਿਮਤੀ ਲਈ ਭੇਜਿਆ ਗਿਆ ਸੀ ਕਿਉਂਕਿ ਭਾਰਤ ਸਰਕਾਰ ਦੀ ਗਾਰੰਟਰ ਹੈ। ਸੂਤਰ ਨੇ ਦੱਸਿਆ ਕਿ ਵਿੱਤ ਮੰਤਰਾਲੇ ਨੇ ਇਸ ਦੀ ਜਾਂਚ ਕਰਨ ਤੋਂ ਬਾਅਦ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ ਅਤੇ ਕਿਰਤ ਮੰਤਰਾਲੇ ਦੇ ਨਿਰਦੇਸ਼ਾਂ 'ਤੇ ਵੱਲੋਂ ਵਿੱਤੀ ਸਾਲ 2025-26 ਲਈ 8.25 ਪ੍ਰਤੀਸ਼ਤ ਵਿਆਜ ਦਰ ਇਸੇ ਮਹੀਨੇ ਹੀ ਖਾਤਾਧਾਰਕਾਂ ਦੇ ਖਾਤਿਆਂ ਵਿੱਚ ਜਮ੍ਹਾਂ ਕੀਤੇ ਜਾਣ ਦੀ ਸੰਭਾਵਨਾ ਹੈ।

# ਊਧਵ ਸੇਨਾ ਨੂੰ ਝਟਕਾ: 9 ਵਿੱਚੋਂ ਸਿਰਫ਼ 3 ਸੰਸਦ ਮੈਂਬਰ ਪਾਰਟੀ ਮੀਟਿੰਗ ਵਿੱਚ ਸ਼ਾਮਲ



ਸ਼ਿਵ ਸੈਨਾ (ਯੂਬੀਟੀ) ਨੂੰ ਅੱਜ ਉਦੋਂ ਵੱਡਾ ਝਟਕਾ ਲੱਗਿਆ ਜਦੋਂ ਸੰਸਦੀ ਪਰੰਪਰਾਵਾਂ ਅਤੇ ਨਿਯਮਾਂ ਤਹਿਤ ਵ੍ਹਿਪ ਜਾਰੀ ਕਰਨ ਤੋਂ ਬਾਅਦ ਸੱਦੀ ਗਈ ਪਾਰਟੀ ਦੀ ਇੱਕ ਅਹਿਮ ਮੀਟਿੰਗ ਵਿੱਚ ਨੌਂ ਵਿੱਚੋਂ ਸਿਰਫ਼ ਤਿੰਨ ਲੋਕ ਸਭਾ ਮੈਂਬਰ ਹੀ ਸ਼ਾਮਲ ਹੋਏ।

ਦਲ-ਬਦਲੀ ਵਿਰੋਧੀ ਕਾਨੂੰਨ ਤਹਿਤ ਚੁਣੇ ਹੋਏ ਸੰਸਦ ਮੈਂਬਰ ਪਾਰਟੀ ਦੇ ਵ੍ਹਿਪ ਨਾਲ ਬੱਝੇ ਹੁੰਦੇ ਹਨ। ਸੈਨਾ (ਯੂਬੀਟੀ) ਦੇ ਆਗੂ ਅਨਿਲ ਦੇਸਾਈ ਨੇ ਕਿਹਾ ਕਿ ਗੈਰ-ਹਾਜ਼ਰ ਮੈਂਬਰਾਂ ਨੂੰ ਕਾਰਨ ਦੱਸੋ ਨੋਟਿਸ ਭੇਜਿਆ ਜਾਵੇਗਾ।

ਮੀਟਿੰਗ ਵਿੱਚ ਅਨਿਲ ਦੇਸਾਈ ਖੁਦ, ਅਰਵਿੰਦ ਸਾਵੰਤ ਅਤੇ ਇੱਕ ਤੀਜਾ ਸੰਸਦ ਮੈਂਬਰ ਸ਼ਾਮਲ ਹੋਏ, ਜਦੋਂ ਕਿ ਬਾਗੀ ਸੰਸਦ ਮੈਂਬਰ ਸੰਜੇ ਹਰੀਭਾਊ (ਪਰਭਣੀ), ਸੰਜੇ ਪਾਟਿਲ (ਮੁੰਬਈ ਉੱਤਰ ਪੂਰਬ), ਭਾਊ ਸਾਹਿਬ ਰਾਜਾਰਾਮ (ਸ਼ਿਰਡੀ), ਨਾਗੇਸ਼ ਪਾਟਿਲ (ਹਿੰਗੋਲੀ), ਸੰਜੇ ਦੇਸ਼ਮੁਖ (ਯਵਤਮਾਲ ਵਾਸ਼ਿਮ), ਓਮ ਪ੍ਰਕਾਸ਼ ਰਾਜੇਨਿੰਬਾਲਕਰ (ਧਾਰਾਸ਼ਿਵ) ਗੈਰ-ਹਾਜ਼ਰ ਰਹੇ।

ਛੇ ਸੰਸਦ ਮੈਂਬਰ ਸ਼ਿਵ ਸੈਨਾ (ਯੂਬੀਟੀ) ਵਿਧਾਨਕ ਪਾਰਟੀ ਦਾ ਦੋ-ਤਿਹਾਈ ਹਿੱਸਾ ਬਣਦੇ ਹਨ ਅਤੇ ਉਨ੍ਹਾਂ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਪੱਤਰ ਲਿਖ ਕੇ ਸ਼ਿਵ ਸੈਨਾ ਦੇ ਏਕਨਾਥ ਸ਼ਿੰਦੇ ਧੜੇ ਨਾਲ ਰਲੇਵੇਂ ਦੀ ਮੰਗ ਕੀਤੀ ਹੈ, ਜੋ ਸਦਨ ਵਿੱਚ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਦਾ ਸਮਰਥਨ ਕਰਦਾ ਹੈ।

ਬਾਗੀਆਂ ਨੇ ਬਿਰਲਾ ਨੂੰ ਚਾਰ ਸਫ਼ਿਆਂ ਦਾ ਪੱਤਰ ਸੌਂਪਿਆ ਹੈ ਅਤੇ ਕਿਹਾ ਹੈ ਕਿ ਉਨ੍ਹਾਂ ਨੂੰ ਡਰ ਹੈ ਕਿ ਊਧਵ ਕਾਂਗਰਸ ਨਾਲ ਰਲੇਵਾਂ ਕਰ ਲੈਣਗੇ, ਜਿਸਦਾ ਮਤਲਬ ਸ਼ਿਵ ਸੈਨਾ ਦੇ ਸੰਸਥਾਪਕ ਬਾਲਾਸਾਹਿਬ ਠਾਕਰੇ ਦੀ ਵਿਚਾਰਧਾਰਾ ਨਾਲ ਧੋਖਾ ਹੋਵੇਗਾ।

ਪੱਤਰ ਵਿੱਚ ਕਿਹਾ ਗਿਆ ਹੈ ਕਿ ਬਾਗੀਆਂ ਨੂੰ ਪਾਰਟੀ ਵਿੱਚ "ਕੋਈ ਵਿਸ਼ਵਾਸ" ਨਹੀਂ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਊਧਵ ਦੇ ਕਰੀਬੀ ਸੰਜੇ ਰਾਉਤ ਵੱਲੋਂ ਤ੍ਰਿਣਮੂਲ ਕਾਂਗਰਸ ਨੂੰ ਦਿੱਤੇ ਗਏ ਸੁਝਾਅ ਨੂੰ ਗੰਭੀਰਤਾ ਨਾਲ ਲਿਆ ਹੈ, ਜਿਸ ਵਿੱਚ ਕਾਂਗਰਸ ਨਾਲ ਰਲੇਵੇਂ ਦਾ ਸੁਝਾਅ ਦਿੱਤਾ ਗਿਆ ਸੀ।

ਬਾਗੀਆਂ ਦਾ ਕਹਿਣਾ ਹੈ ਕਿ ਸ਼ਿਵ ਸੈਨਾ (ਯੂਬੀਟੀ) ਕਾਂਗਰਸ ਨਾਲ ਵੀ ਰਲੇਵਾਂ ਕਰ ਸਕਦੀ ਹੈ, ਜੋ ਕਿ ਅਸਵੀਕਾਰਨਯੋਗ ਹੈ।

ਏਕਨਾਥ ਸ਼ਿੰਦੇ ਧੜੇ ਨਾਲ ਆਪਣੀ ਵਫ਼ਾਦਾਰੀ ਜੋੜਨ ਵਾਲੇ ਬਾਗੀ ਸੰਸਦ ਮੈਂਬਰਾਂ ਦਾ ਮੰਨਣਾ ਹੈ ਕਿ ਉਹ ਸ਼ਿਵ ਸੈਨਾ ਵਿੱਚ ਰਲ ਗਏ ਹਨ ਅਤੇ ਉਹ ਕੋਈ ਵੱਖਰਾ ਸਮੂਹ ਨਹੀਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸ਼ਿਵ ਸੈਨਾ (ਯੂਬੀਟੀ) ਦੀ ਦੋ-ਤਿਹਾਈ ਤਾਕਤ ਹੋਣ ਕਾਰਨ ਉਹ ਦਲ-ਬਦਲੀ ਵਿਰੋਧੀ ਕਾਨੂੰਨ ਦੀ ਉਲੰਘਣਾ ਅਤੇ ਅਯੋਗਤਾ ਤੋਂ ਬਚ ਜਾਂਦੇ ਹਨ।

# ਮਾਨ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ: ਬਾਦਲ



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਈ ਵਾਰ ਬੇਅਦਬੀਆਂ ਕੀਤੀਆਂ ਹਨ। ਇਸ ਲਈ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਸ੍ਰੀ ਬਾਦਲ ਨੇ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਮੁੱਖ ਮੰਤਰੀ ਨਾਲ ਸੰਪਰਕ ਨਹੀਂ ਰੱਖਣਾ ਚਾਹੀਦਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਕੋਰ ਕਮੇਟੀ ਦੀ ਮੀਟਿੰਗ ਵਿੱਚ ਅਕਾਲ ਤਖ਼ਤ ਵੱਲੋਂ ਮੁੱਖ ਮੰਤਰੀ ਵਿਰੁੱਧ ਸੁਣਾਏ ਫਰਮਾਨ ਅਤੇ ਪੰਜਾਬ ਦੇ ਸਿਆਸੀ ਹਾਲਾਤ ਬਾਰੀ ਚਰਚਾ ਕੀਤੀ ਗਈ ਹੈ। ਦਲ ਨੇ ਇਹ ਮੀਟਿੰਗ ਭਲਕੇ ਦੁਪਹਿਰ ਤੱਕ ਮੁਲਤਵੀ ਕਰ ਦਿੱਤੀ ਹੈ। 18 ਜੂਨ ਨੂੰ ਬਾਅਦ ਦੁਪਹਿਰ 2 ਵਜੇ ਮੀਟਿੰਗ ਤੋਂ ਬਾਅਦ ਪਾਰਟੀ ਵੱਲੋਂ ਅਗਲੀ ਰਣਨੀਤੀ ਤਿਆਰ ਕੀਤੀ ਜਾਵੇਗੀ।




# ਆਓ ਫਿਰ ਘਰ ਨੂੰ ਚੱਲੀਏ



-ਪ੍ਰੀਤਮਾ ਦੋਮੇਲ

ਸਾਡੀਆਂ ਸਾਰੀਆਂ ਜਿਹੜੀਆਂ ਦੋਸਤੀਆਂ ਬਚਪਨ ਦੀਆਂ ਹਨ, ਉਹ ਬੜੀਆਂ ਪੱਕੀਆਂ ਹਨ। ਉਹ ਅੰਤ ਤੱਕ ਨਾਲ ਨਿਭਦੀਆਂ ਹਨ। ਮੈਂ ਆਪਣੀ ਬਚਪਨ ਦੀ ਸਹੇਲੀ ਸੁਖਬੀਰ ਦੀ ਗੱਲ ਕਰਨ ਲੱਗੀ ਹਾਂ। ਬਾਪੂ ਜੀ ਹਰਿਆਣੇ ਵਿੱਚ ਨੌਕਰੀ ਕਰਦੇ ਸਨ। ਜਦ ਅਸੀਂ ਇੱਕ ਛੋਟੇ ਸ਼ਹਿਰ ਤੋਂ ਬਦਲ ਕੇ ਵੱਡੇ ਸ਼ਹਿਰ ਵਿੱਚ ਗਏ ਤਾਂ ਸੁਖਬੀਰ ਹੋਰੀਂ ਸਾਡੇ ਗੁਆਂਢੀ ਸਨ। ਅਸੀਂ ਦੋਵੇਂ ਦਸਵੀਂ ਤੱਕ ਪੜ੍ਹਦੀਆਂ ਸਾਂ। ਫਿਰ ਇੱਕੋ ਕਾਲਜ ਤੋਂ ਬੀ ਏ ਅਤੇ ਬੀ ਐੱਡ ਕੀਤੀ। ਬਾਅਦ ਵਿੱਚ ਐੱਮ ਏ ਕਰਨ ਲਈ ਪੰਜਾਬ ਯੂਨੀਵਰਸਿਟੀ ਵਿੱਚ ਦਾਖਲ ਹੋ ਕੇ ਹੋਸਟਲ ਦੇ ਇੱਕੋ ਕਮਰੇ ਵਿੱਚ ਰਹੀਆਂ। ਫਿਰ ਸਾਡੇ ਰਹਿਣ ਅਤੇ ਜ਼ਿੰਦਗੀ ਦੇ ਹਾਲਾਤ ਬਦਲਦੇ ਰਹੇ, ਪਰ ਸਾਡੀ ਦੋਸਤੀ ਬਰਕਰਾਰ ਰਹੀ। ਸ਼ਾਦੀ ਕਰਵਾ ਕੇ ਉਹ ਕਿਸੇ ਦੱਖਣੀ ਸੂਬੇ ਵਿੱਚ ਚਲੀ ਗਈ। ਕੁਝ ਸਾਲਾਂ ਬਾਅਦ ਉਸ ਦੇ ਪਤੀ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ। ਉਹ ਵਾਪਸ ਹਰਿਆਣੇ ਆ ਗਈ ਜਿੱਥੇ ਉਸ ਨੂੰ ਹਰਿਆਣਾ ਸਰਕਾਰ ਨੇ ਨੌਕਰੀ ਦੇ ਦਿੱਤੀ, ਪਰ ਉਸ ਦੇ ਮਾਂ-ਬਾਪ ਆਪਣੀ ਸਟੇਟ ਰਹੇ, ਜਿਸ ਵਿੱਚ ਜਾ ਵਸੇ ਸਨ। ਅਸੀਂ ਦੋਵੇਂ ਆਪੋ-ਆਪਣੇ ਸਕੂਲ ਵਿੱਚ ਨੌਕਰੀ ਕਰਦੀਆਂ ਸਾਂ। ਉਸ ਦੇ ਮਾਂ-ਬਾਪ ਉਸ ਕੋਲ ਆ ਜਾਂਦੇ। ਉਹ ਛੁੱਟੀਆਂ ਵਿੱਚ ਉਨ੍ਹਾਂ ਕੋਲ ਚਲੇ ਜਾਂਦੇ। ਕਦੇ ਉਹ ਮੇਰੇ ਕੋਲ ਆਉਂਦੇ। ਇਸੇ ਤਰ੍ਹਾਂ ਸਾਡੇ ਨੌਕਰੀ ਦੇ ਸਾਲ ਬੀਤ ਗਏ। ਉਸ ਦੇ ਮਾਂ-ਬਾਪ ਦੁਨੀਆ ਤੋਂ ਚਲੇ ਗਏ ਹਨ। ਭਰਾਵਾਂ ਨੇ ਵੀ ਜ਼ਮੀਨ-ਜਾਇਦਾਦ ਦੀਆਂ ਵੰਡੀਆਂ ਪਾ ਕੇ ਆਪਣੇ ਰਾਹ-ਘਰ ਅਲੱਗ ਕਰ ਲਏ। ਸੁਖਬੀਰ ਬਹੁਤ ਇਕੱਲੀ ਰਹਿ ਗਈ। ਇੱਕ ਦਿਨ ਉਸ ਦਾ ਫੋਨ ਆਇਆ। ਬੜੀ ਉਦਾਸ ਲੱਗੀ। ਉਸ ਨੇ ਕਿਹਾ ਕਿ ਕੀ ਕਹਾਂ, ਸਾਰਾ ਦਿਨ ਵਿਹਲੀ ਬੈਠ ਕੇ ਦਿਨ ਨਹੀਂ ਕੱਟਦਾ। ਮਾਂ-ਬਾਪ ਨਹੀਂ ਰਹੇ, ਜਿੱਥੇ ਚਲੀ ਜਾਵਾਂ ਜਾਂ ਉਨ੍ਹਾਂ ਨੂੰ ਆਪਣੇ ਕੋਲ ਬੁਲਾ ਲਵਾਂ। ਮੈਂ ਉਸ ਨੂੰ ਕਿਹਾ ਕਿ ਸੁੱਖ ਨਾਲ ਤੇਰੇ ਦੋ ਭਰਾ ਨੇ, ਤੂੰ ਉਥੇ ਚਲੀ ਜਾ ਜਾਂ ਇੱਥੇ ਮੇਰੇ ਕੋਲ ਆ ਜਾ। ਫਿਰ ਸੋਚਾਂਗੇ ਕਿ ਕੀ ਕਰਨਾ ਹੈ। ਉਸ ਦੇ ਆਉਣ ਉੱਤੇ ਅਸੀਂ ਸਲਾਹ ਬਣਾਈ ਕਿ ਉਹ ਹਫਤਾ ਕੁ ਵੱਡੇ ਭਰਾ ਦੇ ਘਰ ਰਹੇਗੀ, ਫਿਰ ਛੋਟੇ ਭਰਾ ਦੇ ਘਰ ਚਲੀ ਜਾਵੇਗੀ। ਉਸ ਨੇ ਕਿਹਾ ਕਿ ਠੀਕ ਹੈ, ਪਰ ਤੂੰ ਮੇਰੇ ਨਾਲ ਜਾਏਂਗੀ। ਅਸੀਂ ਅਗਲੇ ਦਿਨ ਉਸ ਦੇ ਛੋਟੇ ਭਰਾ ਦੇ ਘਰ ਚਲੇ ਗਈਆਂ। ਭਰਾ ਦਾ ਘਰ ਪਿੰਡੋਂ ਬਾਹਰ ਖੇਤ ਵਿੱਚ ਸੀ। ਖੂਬ ਖੁੱਲ੍ਹਾ-ਡੁੱਲ੍ਹਾ ਤੇ ਸਾਫ ਸੁਥਰਾ ਸੀ। ਇੱਕ ਖੇਤ ਦੀ ਵਿੱਥ ਉੱਤੇ ਨਹਿਰ ਸਰਹਿੰਦ ਵਗਦੀ ਸੀ ਤੇ ਉਸ ਦੇ ਸੱਜੇ ਬੰਨੇ ਇਨ੍ਹਾਂ ਦਾ ਅੰਬਾਂ ਦਾ ਬਾਗ਼ ਸੀ। ਅਸੀਂ ਖਾ-ਪੀ ਕੇ ਨਹਿਰ ਉੱਤੇ ਘੁੰਮਣ ਚਲੀਆਂ ਜਾਂਦੀਆਂ ਅਤੇ ਉਥੋਂ ਤੁਰ ਕੇ ਬਾਗ਼ ਵਿੱਚ ਆ ਕੇ ਬੈਠ ਜਾਂਦੀਆਂ। ਅਸੀਂ ਉਥੇ ਬਚਪਨ ਤੇ ਸਕੂਲ, ਕਾਲਜ ਦੀਆਂ ਗੱਲਾਂ ਕਰਦੀਆਂ ਰਹਿੰਦੀਆਂ। ਸੁਖਬੀਰ ਨੇ ਦੱਸਿਆ ਕਿ ਇਹ ਬਾਗ਼ ਉਸ ਦੇ ਬਾਪੂ ਜੀ ਨੇ ਆਪਣੇ ਹੱਥਾਂ ਨਾਲ ਲਾਇਆ ਸੀ। ਪਤਾ ਨਹੀਂ ਕਿੱਥੋਂ-ਕਿੱਥੋਂ ਉਨ੍ਹਾਂ ਨੇ ਛਾਂਟ-ਛਾਂਟ ਕੇ ਇਹ ਬੂਟੇ ਲਿਆਂਦੇ ਸਨ। ਫਿਰ ਖੰਭੇ ਦੀ ਉਪਰਲੀ ਗੁੱਠ ਦੀ ਸਾਫ-ਸਫਾਈ ਕਰ ਕੇ ਬਰਾਬਰ ਵਿੱਥ ਰੱਖ ਕੇ ਨਿੱਕੇ-ਨਿੱਕੇ ਬੂਟੇ ਲਾਏ ਸਨ। ਸਕੂਲੋਂ ਆ ਕੇ ਉਹ ਇਨ੍ਹਾਂ ਦੀ ਦੇਖਭਾਲ ਵਿੱਚ ਲੱਗ ਜਾਂਦੇ। ਫਿਰ ਜਦ ਇਨ੍ਹਾਂ ਨੂੰ ਫਲ ਲੱਗਣ ਲੱਗ ਪਏ ਤਾਂ ਉਨ੍ਹਾਂ ਨੇ ਹਿਸਾਬ ਨਾਲ ਇਨ੍ਹਾਂ ਬੂਟਿਆਂ ਦੇ ਨਾਂਅ ਰੱਖ ਦਿੱਤੇ। ਓਥੇ ਚਾਰ-ਪੰਜ ਦਿਨ ਸਾਡੇ ਵਧੀਆ ਲੰਘ ਗਏ।

ਇੱਕ ਦਿਨ ਸੁਖਬੀਰ ਆਪਣੀ ਭਾਬੀ ਨੂੰ ਕਹਿਣ ਲੱਗੀ, ''ਭਾਬੀ, ਮੈਂ ਅੱਜ ਆਪਣਾ ਸਿਰ ਧੋਣਾ ਹੈ, ਬਾਥਰੂਮ ਵਿੱਚ ਨਾ ਕੋਈ ਸ਼ੈਂਪੂ ਹੈ ਤੇ ਨਾ ਸਾਬਣ, ਦੇ ਦਿਉ।'' ਭਾਬੀ ਚੁੱਪਚਾਪ ਬੈਠੀ ਰਹੀ, ਜਿਵੇਂ ਉਸ ਨੇ ਕੁਝ ਸੁਣਿਆ ਹੀ ਨਾ ਹੋਵੇ। ਸੁਖਬੀਰ ਨੇ ਜਦ ਫਿਰ ਕਿਹਾ ਤਾਂ ਉਹ ਬੋਲੀ, ''ਦੇਖੋ ਭੈਣ ਜੀ, ਮੇਰੀ ਗੱਲ ਦਾ ਭਾਵੇਂ ਤੁਸੀਂ ਗੁੱਸਾ ਕਰਿਆ ਜੇ, ਪਰ ਸਿਰ ਤੁਸੀਂ ਆਪਣੇ ਘਰ ਜਾਂਦੇ ਧੋਇਆ ਜੇ। ਆਪਣਾ ਦਲਿੱਦਰ ਇੱਥੇ ਸਾਡੇ ਘਰ ਨਾ ਸੁੱਟਿਆ ਜੇ।''

ਏਡੀ ਕੌੜੀ ਗੱਲ ਸੁਣ ਕੇ ਸੁਖਬੀਰ ਚੁੱਪ ਰਹੀ, ਪਰ ਮੈਨੂੰ ਬੜਾ ਬੁਰਾ ਲੱਗਿਆ। ਸੁਖਬੀਰ ਨੇ ਮੈਨੂੰ ਇਸ਼ਾਰੇ ਨਾਲ ਚੁੱਪ ਕਰਾ ਦਿੱਤਾ। ਸ਼ਾਮ ਨੂੰ ਮੈਂ ਉਸ ਦਾ ਮੂਡ ਠੀਕ ਕਰਨ ਲਈ ਕਿਹਾ, ''ਚੱਲ ਤੇਰੇ ਵੱਡੇ ਭਰਾ ਦੇ ਘਰ ਚੱਲਦੇ ਹਾਂ, ਉਥੇ ਤੂੰ ਸਿਰ ਧੋ ਲਵੀਂ।'' ਜੇ ਵੱਡੀ ਨੇ ਵੀ ਇਹ ਕੁਝ ਕਹਿ ਦਿੱਤਾ, ਉਹ ਵੀ ਇਸੇ ਦੀ ਭੈਣ ਹੈ। ਉਸ ਨੇ ਉਦਾਸੀ ਨਾਲ ਕਿਹਾ। ਅਗਲੇ ਦਿਨ ਸੁਖਬੀਰ ਦੀ ਵੱਡੀ ਭਤੀਜੀ ਆਪਣੇ ਸਹੁਰਿਆਂ ਤੋਂ ਆਈ। ਉਸ ਦਾ ਛੇ ਕੁ ਮਹੀਨੇ ਪਹਿਲਾਂ ਵਿਆਹ ਹੋਇਆ ਸੀ। ਉਹ ਭੂਆ ਹੋਰਾਂ ਨੂੰ ਮਿਲ ਕੇ ਬਹੁਤ ਖੁਸ਼ ਹੋਈ ਤੇ ਬੋਲੀ, ''ਭੂਆ ਜੀ, ਤੁਸੀਂ ਉਥੇ 'ਕੱਲੇ ਕੀ ਕਰੋਗੇ? ਮੈਂ ਵੀ ਪੂਰਾ ਮਹੀਨਾ ਇੱਥੇ ਰਹਿਣਾ ਹੈ ਕਿਉਂਕਿ ਤੁਹਾਡਾ ਭਤੀਜ-ਜਵਾਈ ਇੱਕ ਮਹੀਨੇ ਦੀ ਟਰੇਨਿੰਗ ਉੱਤੇ ਦਿੱਲੀ ਚਲਾ ਗਿਆ ਹੈ। ਦੋ ਕੁ ਦਿਨ ਬਾਅਦ ਭਤੀਜੀ ਨੇ ਆਪਣੇ ਕੱਪੜੇ ਤੇ ਸਿਰ ਧੋ ਲਿਆ। ਸੁਖਬੀਰ ਨੂੰ ਚਾਹੀਦਾ ਸੀ ਬਈ ਉਹ ਪੁੱਛਦੀ ਕਿ ਜੇ ਉਸ ਦੇ ਸਿਰ ਧੋਣ ਨਾਲ ਘਰ ਵਿੱਚ ਦਲਿੱਦਰ ਗਿਰਦਾ ਸੀ ਤਾਂ ਭਤੀਜੀ ਦੇ ਸਿਰ ਧੋਣ ਨਾਲ ਕਿਉਂ ਨਹੀਂ ਗਿਰਿਆ। ਜੇ ਉਹ ਘਰ ਦੀ ਧੀ ਸੀ ਤਾਂ ਸੁਖਬੀਰ ਵੀ ਇਸੇ ਘਰ ਵਿੱਚ ਜੰਮੀ-ਪਲੀ ਸੀ, ਸਗੋਂ ਉਸ ਦਾ ਹੱਕ ਜ਼ਿਆਦਾ ਬਣਦਾ ਸੀ ਕਿਉਂਕਿ ਉਸ ਦੇ ਪੱਲੇ ਦੋ ਪੀੜ੍ਹੀਆਂ ਦਾ ਰਿਸ਼ਤਾ ਸੀ। ਭਰਜਾਈ ਪਹਿਲਾਂ ਬੋਲ ਪਈ, ''ਭਾਈ ਅੱਜ ਕੱਲ੍ਹ ਬੱਚਿਆਂ ਨੂੰ ਕੌਣ ਸਮਝਾਏ? ਤੁਸੀਂ ਸਿਆਣੇ ਹੋ, ਇਹ ਗੱਲਾਂ ਸਮਝਦੇ ਹੋ। ਮੈਂ ਤੁਹਾਨੂੰ ਰੋਕਿਆ ਸੀ। ਮੈਂ ਪਰਾਈ ਹਾਂ। ਮੈਨੂੰ ਕੁਝ ਹੋ ਵੀ ਜਾਵੇ ਤਾਂ ਕਿਸੇ ਨੂੰ ਕੀ ਫਰਕ ਹੈ, ਪਰ ਜੇ ਤੁਹਾਡੇ ਭਾਈ ਨੂੰ ਕੁਝ ਹੋ ਗਿਆ ਤਾਂ। ਜਿਸ ਗੱਲ ਦਾ ਆਪਾਂ ਵਹਿਮ ਮੰਨਦੇ ਹਾਂ, ਕਿਉਂ ਕੀਤੀ ਜਾਏ।'' ਕਹਿ ਕੇ ਸੁਖਬੀਰ ਮੈਨੂੰ ਬੋਲੀ ਕਿ ਚੱਲ ਆਪਾਂ ਨਹਿਰ ਉੱਤੇ ਘੁੰਮ ਕੇ ਆਉਂਦੇ ਹਾਂ। ਅਸੀਂ ਬਾਹਰ ਵੱਲ ਤੁਰ ਪਈਆਂ।

ਨਹਿਰ ਉੱਤੇ ਪੁੱਜ ਕੇ ਮੈਂ ਸੁਖਬੀਰ ਨੂੰ ਕਿਹਾ, ''ਤੈਨੂੰ ਯਾਦ ਹੈ ਜਦੋਂ ਆਪਾਂ ਐੱਮ ਏ ਵਿੱਚ ਪੜ੍ਹਦੇ ਸਾਂ, ਸਾਡੇ ਨਾਲ ਇੱਕ ਕੁੜੀ ਸਾਇਕਾਲੋਜੀ ਦੀ ਐੱਮ ਏ ਕਰਦੀ ਸੀ। ਉਹ ਦੱਸਿਆ ਕਰਦੀ ਸੀ ਕਿ ਜਦੋਂ ਕੋਈ ਇਨਸਾਨ ਕਿਸੇ ਵਹਿਮ ਨੂੰ ਮੰਨਣ ਲੱਗ ਪਏ ਤਾਂ ਪੂਰੀ ਤਰ੍ਹਾਂ ਉਸ ਦਾ ਗੁਲਾਮ ਹੋ ਜਾਂਦਾ ਹੈ ਫਿਰ ਉਹ ਜ਼ਿੰਦਗੀ ਵਿੱਚ ਵਾਪਰੀ ਹੋਈ ਹਰ ਚੰਗੀ-ਮਾੜੀ ਘਟਨਾ ਨੂੰ ਉਸ ਵਹਿਮ ਦੇ ਸਿਰ ਮੜ੍ਹ ਦਿੰਦਾ ਹੈ। ਚੰਗੀਆਂ ਗੱਲਾਂ ਨੂੰ ਉਹ ਹੌਲੀ-ਹੌਲੀ ਭੁੱਲ ਜਾਂਦਾ ਹੈ, ਪਰ ਭੈੜੀਆਂ ਗੱਲਾਂ ਹਮੇਸ਼ਾ ਯਾਦ ਰੱਖਦਾ ਹੈ। ਸਮੇਂ ਸਮੇਂ ਉੱਤੇ ਉਸ ਦਾ ਹਵਾਲਾ ਦਿੰਦਾ ਰਹਿੰਦਾ ਹੈ। ਰੱਬ ਨਾ ਕਰੇ ਜੇ ਭਰਾ ਨਾਲ ਕੋਈ ਚੰਗੀ ਮਾੜੀ ਗੱਲ ਹੋ ਜਾਵੇ ਤਾਂ ਭਰਜਾਈ ਨੇ ਤਾਂ ਤੈਨੂੰ ਦੋਸ਼ ਦੇਣਾ ਹੈ।'' ਮੈਂ ਇਹ ਸਾਰਾ ਕੁਝ ਸੁਖਬੀਰ ਦੇ ਅੰਦਰਲੇ ਉਬਾਲ ਨੂੰ ਠੰਢਾ ਕਰਨ ਲਈ ਕਿਹਾ। ਉਹ ਥੋੜ੍ਹੀ ਦੇਰ ਚੁੱਪਚਾਪ ਚੱਲਦੀ ਰਹੀ ਅਤੇ ਫਿਰ ਕਹਿਣ ਲੱਗੀ ਕਿ ਤੂੰ ਵੀ ਜਾਣਦੀ ਏਂ ਕਿ ਅੱਜਕੱਲ੍ਹ ਸਾਇੰਸ ਦਾ ਜ਼ਮਾਨਾ ਹੈ। ਇਨ੍ਹਾਂ ਵਹਿਮਾਂ ਨੂੰ ਕੌਣ ਮੰਨਦਾ ਹੈ? ਤੂੰ ਦੇਖਦੀ ਏਂ ਕਿ ਸੜਕਾਂ ਉੱਤੇ ਬਿੱਲੀਆਂ ਆਮ ਭੱਜਦੀਆਂ ਫਿਰਦੀਆਂ ਹਨ ਤੇ ਲੋਕਾਂ ਦੀ ਆਵਾਜਾਈ ਉੱਤੇ ਫਰਕ ਨਹੀਂ ਪੈਂਦਾ ਤੇ ਕੁੱਤਿਆਂ ਦੇ ਰਾਤ ਨੂੰ ਰੋਣ-ਧੋਣ ਨਾਲ ਕੋਈ ਫਰਕ ਨਹੀਂ ਪੈਂਦਾ ਅਤੇ ਲੋਕ ਨਾ ਅੱਗੇ ਵਾਂਗੂੰ ਡਰਦੇ ਹਨ।'' ਸੁਖਬੀਰ ਨੇ ਕਿਹਾ ਕਿ ਆਪਾਂ ਨੂੰ ਆਪਣੇ ਘਰ ਚਲੇ ਜਾਣਾ ਚਾਹੀਦਾ ਹੈ ਕਿਉਂਕਿ ਸਮਾਂ ਅਜਿਹਾ ਚੱਲ ਰਿਹਾ ਹੈ ਕਿ ਕੋਈ ਕਿਸੇ ਨੂੰ ਆਪਣੇ ਘਰ ਰੱਖਣਾ ਨਹੀਂ ਚਾਹੁੰਦਾ। ਉਹ ਨਾਨਕੇ, ਦਾਦਕਿਆਂ ਦੇ ਘਰ ਮਹੀਨਾ-ਮਹੀਨਾ ਰਹਿ ਜਾਣ ਦੇ ਵੇਲੇ ਲੰਘ ਗਏ। ਅੱਜ ਕੱਲ੍ਹ ਹਰ ਬੰਦੇ ਦੀ ਪ੍ਰਾਈਵੇਟ ਲਾਈਫ ਹੈ। ਮਿਲਣ-ਗਿਲਣ ਦੇ ਸਾਧਨ ਫੋਨ ਬਣ ਗਏ ਹਨ। ਸੋ, ਘਰ ਚੱਲ ਕੇ ਪੈਕ ਕਰੀਏ ਤੇ ਤੁਰਦੇ ਹੋਈਏ।

## ਕਾਵਿ ਰਚਨਾ

-ਨਰਿੰਦਰ ਕੌਰ ਮਠਾੜੂ

ਬਾਪੂ ਤੋਂ ਗੱਲ ਮਨਵਾਉਣ ਲਈ
ਜਦ ਮਾਂ ਨੂੰ ਅਰਜ਼ੀ ਦਿੰਦੇ ਸਾਂ।
ਇਹ ਕੰਮ ਤਾਂ ਬਹੁਤ ਜ਼ਰੂਰੀ ਏ
ਵਿਲਕ ਕੇ ਮਾਂ ਨੂੰ ਕਹਿੰਦੇ ਸਾਂ।

ਉਹ ਮਾਂ ਵੀ ਤਾਂ ਫੇਰ ਮਾਂ ਹੁੰਦੀ
'ਗੱਲ ਕਰੂੰਗੀ, ਫੇਰ ਆਖਦੀ ਸੀ
ਹਉਕਾ ਜਿਹਾ ਲੈ ਕੇ, ਫੇਰ ਉਹ
ਇਧਰ ਉਧਰ ਜਿਹਾ ਝਾਕਦੀ ਸੀ।

ਓਸ ਸ਼ਾਮ ਨੂੰ ਫੇਰ ਸਵੇਰ ਤੀਕਰ
ਦਿਲ ਧਕ-ਧਕ ਜਿਹਾ ਕਰੀ ਜਾਂਦਾ ਸੀ
ਕਿਤੇ ਨਾਂਹ ਵਿੱਚ ਜਵਾਬ ਨਾ ਆ ਜਾਏ
ਦਿਲ ਬਦੋਬਦੀ ਡਰੀ ਜਾਂਦਾ ਸੀ।

ਤੜਕੇ ਉਠ ਕੇ ਸਭ ਤੋਂ ਪਹਿਲਾਂ ਤਾਂ
ਅਰਦਾਸ ਰੱਬ ਨੂੰ ਕਰ ਲੈਂਦੇ ਸਾਂ
ਇਹ ਸੁਣਦੇ ਸਾਰ, ਕਿ ਹਾਂ ਹੋ ਗਈ ਏ
ਖੁਸ਼ ਹੋ ਮਾਂ ਨੂੰ ਚੁੰਮ ਲੈਂਦੇ ਸਾਂ?

ਕੋਈ ਫਿਕਰ ਨਹੀਂ ਸੀ ਮਾਂ ਨੇ ਕੱਲ੍ਹ
ਬਾਪੂ ਨੂੰ ਕਿੱਦਾਂ ਮਨਾਇਆ ਹੋਣਾ
ਏਹ ਜੀ ਗੱਲ ਜਿਹੜਾ ਮੰਨ ਗਿਆ
ਕੀ ਜਾਦੂ ਕੋਈ ਚਲਾਇਆ ਹੋਣਾ

ਅੱਜ ਬੱਚੇ ਕਦੇ ਜਦ ਕਹਿੰਦੇ ਨੇ
ਮਾਂ! ਪਾਪਾ ਨੂੰ ਤੁਸੀਂ ਮਨਾਓ ਨਾ
ਪਾਪਾ ਦੇ ਦੇਣ ਪਰਮਿਸ਼ਨ, ਤੁਸੀਂ
ਕੋਈ ਜਾਦੂ ਜਿਹਾ ਚਲਾਓ ਨਾ।

ਉਹ ਵੀ ਵਾਂਗ ਮੇਰੇ, ਬੱਚਿਆਂ ਖਾਤਰ
ਕਿੰਨਾ ਕੁਝ 'ਅਣਚਾਹਿਆ' ਕਰਦੀ ਹੋਊ।
ਬੱਚਿਆਂ ਦੇ ਮੁੱਖ ਮੁਸਕਾਨ ਲਈ
ਕਿੰਨਾ ਵਾਰ ਸਾਡੇ ਲਈ ਮਰਦੀ ਹੋਊ।

ਜੇ ਮਾਂ ਤੂੰ ਅੱਜ ਜਿਊਂਦੀ ਹੁੰਦੀ
ਤੇਰਾ ਮੱਥਾ ਮੈਂ ਆਣ ਕੇ ਚੁੰਮ ਲੈਂਦੀ
ਨਮਸਕਾਰ ਕਰਦੀ ਲੱਖ ਵਾਰ ਤੈਨੂੰ
ਚਰਨਾਂ ਨੂੰ ਪਲਕਾਂ ਨਾਲ ਚੁੰਮ ਲੈਂਦੀ।

# ਜਦੋਂ ਦਾਦਾ ਤਾਨਾਸ਼ਾਹ ਲੱਗਦਾ ਸੀ



ਮੇਰੇ ਦਾਦੇ ਤੇ ਬਾਪੂ ਦੀ ਬਹੁਤ ਪੱਕੀ ਯਾਰੀ ਸੀ। ਦੋਵੇਂ ਦਿਨ ਵਿੱਚ ਤਿੰਨ ਵਾਰ ਇਕੱਠੇ ਬੈਠ ਕੇ ਚਾਹ ਪੀਂਦੇ। ਚੁੱਲ੍ਹੇ ਤੋਂ ਬੈਠਕ ਤੱਕ ਚਾਹ ਲੈ ਕੇ ਆਉਣ ਦੀ ਡਿਊਟੀ ਮੇਰੇ ਬਾਪੂ ਦੀ ਹੁੰਦੀ ਸੀ। ਗੜਵੀ ਤੋਂ ਚਾਹ ਬਾਟੀਆਂ ਵਿੱਚ ਪਾਉਣ ਦਾ ਜ਼ਿੰਮਾ ਮੇਰੇ ਦਾਦਾ ਦਾ। ਮੇਰੇ ਦਾਦੇ ਨਾਲ ਮੇਰੀ ਵੀ ਪੱਕੀ ਦੋਸਤੀ ਹੋਣ ਕਰ ਕੇ ਮੈਂ ਬਹੁਤੀ ਵਾਰ ਦਾਦੇ ਦੀ ਬੁੱਕਲ ਵਿੱਚ ਹੀ ਬੈਠਾ ਹੁੰਦਾ, ਜਦੋਂ ਉਹ ਚਾਹ ਪੀਂਦਾ ਹੁੰਦਾ। ਦਾਦੇ ਵੱਲੋਂ ਤੱਤੀ ਚਾਹ ਨੂੰ ਮਾਰੇ ਜਾਂਦੇ ਸੁੜਾਕਿਆਂ ਦੀ ਆਵਾਜ਼ ਮੈਨੂੰ ਬੜੀ ਚੰਗੀ ਲੱਗਦੀ। ਇੱਕ ਘੁੱਟ ਚਾਹ ਤੇ ਦੋ ਚਾਰ ਇਧਰ-ਉਧਰ ਦੀਆਂ ਗੱਲਾਂ ਜਿੱਥੇ ਮੈਨੂੰ ਹਰ ਖਬਰ ਤੋਂ ਜਾਣੂ ਕਰਵਾਉਂਦੀਆਂ ਉਥੇ ਬਾਪੂ ਤੇ ਦਾਦੇ ਵੱਲੋਂ ਬਾਕੀ ਪਰਵਾਰ ਨੂੰ ਦਿੱਤੀਆਂ ਮੱਤਾਂ ਅਤੇ ਸਲਾਹਾਂ ਮੇਰੇ ਜ਼ਿਹਨ ਵਿੱਚ ਪੱਕਦੀਆਂ ਜਾਂਦੀਆਂ। ਦਾਦੇ ਨੇ ਕਦੇ ਤੁਰੇ ਫਿਰਦੇ ਸੀਰੀ ਸਾਂਝੀ ਨੂੰ ਆਵਾਜ਼ ਮਾਰ ਕੇ ਕਹਿਣਾ, ''ਗਾਮਿਆ, ਬੋਤੇ ਨੂੰ ਅੱਜ ਆਪਣੇ ਨਾਲ ਈ ਲੈ ਜਾਇਓ ਖੇਤ, ਪੈਰ ਮੋਕਲੇ ਹੋ ਜਾਣਗੇ। ਇਹਨੂੰ ਟਿੱਬੀ ਆਲੀ ਕਿੱਕਰ ਨਾਲ ਬੰਨ੍ਹ ਦਿਉ। ਦੋ-ਚਾਰ ਬੁਰਕ ਲੁੰਗੀ ਦੇ ਖਾ ਲਊ। ਕਿਸੇ ਚਾਚੇ ਨੂੰ ਪੁੱਛਣਾ ਕਿ ਮਰੀਕਿਆ, ਧਰਮੋ ਆਲੇ ਖੇਤ ਦੀ ਵੱਤ (ਵੱਤਰ) ਆ ਗਈ ਕਿ ਅਜੇ ਹੋਰ ਸਮਾਂ ਲੱਗੂ।''

ਇਵੇਂ ਹੀ ਦਾਦਾ ਬਾਪੂ ਨੂੰ ਕੁਝ ਹਦਾਇਤਾਂ ਅਤੇ ਸਲਾਹਾਂ ਦਿੰਦਾ। ਕਦੇ-ਕਦੇ ਉਹ ਦੋਵੇਂ ਆਪਣੀ ਮੌਸਮੀ ਅਤੇ ਸਮਾਜਕ ਵਿਚਾਰ-ਚਰਚਾ ਵਿੱਚ ਐਨੇ ਖੁੱਭ ਜਾਂਦੇ ਕਿ ਵਿਹਲੀਆਂ ਪਈਆਂ ਚਾਹ ਦੀਆਂ ਬਾਟੀਆਂ ਦੇ ਥੱਲੇ ਬਚੀ ਚਾਹ ਵਿੱਚ ਕਈ-ਕਈ ਮੱਖੀਆਂ ਡਿੱਗ ਪੈਂਦੀਆਂ। ਦਾਦੇ ਦੀ ਤੀਸਰੀ ਪੀੜ੍ਹੀ ਵਿੱਚ ਮੈਂ ਸਭ ਤੋਂ ਵੱਡਾ ਸੀ। ਮੈਨੂੰ ਦਾਦੇ ਦੇ ਕੰਧਾੜੇ, ਮੋਢੇ, ਪਿੱਠ ਅਤੇ ਗੋਦੀ ਚੜ੍ਹਨ ਦਾ ਬੜਾ ਲੰਬਾ ਸਮਾਂ ਮਿਲਿਆ ਹੈ। ਮੇਰੇ ਨਾਲ ਮੇਰੇ ਦਾਦੇ ਦੀ ਭਾਵੇਂ ਵੱਡੀ ਸਾਂਝ ਸੀ, ਪਰ ਕਈ ਮੁੱਦਿਆਂ ਉੱਤੇ ਉਹ ਮੈਨੂੰ ਵੀ ਐਸਾ ਝਾੜਦੇ ਕਿ ਇੱਕ ਵਾਰ ਮਨ ਕਰਦਾ ਕਿ ਮੁੜ ਕੇ ਕਦੇ ਦਾਦੇ ਨੂੰ ਬੁਲਾਵਾਂ ਹੀ ਨਾ, ਪਰ ਦੋਸਤੀ ਜੋ ਸੀ, ਇਸ ਲਈ ਮੇਰਾ ਰੋਸਾ ਦੋ-ਚਾਰ ਘੰਟਿਆਂ ਤੋਂ ਵੱਧ ਕਦੇ ਨਹੀਂ ਸੀ ਜੀਵਿਆ। ਕਦੇ ਕਦੇ ਮੈਂ ਦਾਦੇ ਤੇ ਬਾਪੂ ਨੂੰ ਉਨ੍ਹਾਂ ਦੀਆਂ ਗੱਲਾਂ ਵਿੱਚੋਂ ਪੈਦਾ ਹੋਏ ਐਸੇ ਸਵਾਲ ਪੁੱਛਦਾ ਕਿ ਉਹ ਖਿਝ ਕੇ ਮੇਰੇ ਗਲ ਪੈ ਜਾਂਦੇ ਤੇ ਮੇਰਾ ਬਚਪਨ ਕੁਦਾੜੇ ਮਾਰਦਾ ਔਹ ਗਿਆ ਔਹ ਗਿਆ ਹੋ ਜਾਂਦਾ। ਮੈਂ ਆਪਣੇ ਦਾਦੇ ਦੇ ਨਿੱਕੇ ਜਿਹੇ ਖੀਸੇ ਵਿੱਚੋਂ ਪਸੇਰੀਆਂ ਦੇ ਹਿਸਾਬ ਬੇਰ, ਮੂੰਗਫਲੀ, ਅਮਰੂਦ, ਚਿੱਭੜ ਅਤੇ ਖੇਤਾਂ ਵਿੱਚ ਪੈਦਾ ਹੁੰਦੇ ਮੌਸਮੀ ਮੇਵੇ ਛਕ ਚੁੱਕਾ ਹਾਂ।

ਪੈਂਤੀ ਮੈਂਬਰੀ ਪਰਵਾਰ ਦਾ ਸਾਰਾ ਜ਼ਿੰਮਾ ਮੇਰੇ ਬਾਪੂ ਦੇ ਸਿਰ ਹੋਣ ਕਰ ਕੇ ਉਨ੍ਹਾਂ ਦੀ ਜੇਬ ਹਮੇਸ਼ਾ ਕਾਗਜ਼ਾਂ ਅਤੇ ਪੈਸਿਆਂ ਨਾਲ ਭਰੀ ਹੁੰਦੀ, ਪਰ ਆਪਣੀਆਂ ਵਿਕਾਸਮਈ ਆਦਤਾਂ ਕਾਰਨ ਉਨ੍ਹਾਂ ਕਦੇ ਕਿਸੇ ਬੱਚੇ ਦੀ ਜਿੱਦ ਅੱਗੇ ਝੁਕ ਕੇ ਫਾਲਤੂ ਖਰਚਣ ਲਈ ਇੱਕ ਧੇਲਾ ਨਹੀਂ ਸੀ ਦਿੱਤਾ। ਦਿਨ ਭਰ ਪਿੰਡ ਵਿੱਚ ਫੇਰੀ ਵਾਲਿਆਂ ਦੇ ਦਰਜਨਾਂ ਹੋਕੇ ਉੱਚੇ-ਨੀਵੇਂ ਹੁੰਦੇ, ਪਰ ਸਾਡੇ ਬੂਹੇ ਕਦੇ ਕੋਈ ਨਹੀਂ ਸੀ ਰੁਕਿਆ। ਸਾਨੂੰ ਕਿਸੇ ਨੂੰ ਕਦੇ ਕਣਕ ਵੱਟੇ ਜਾਂ ਕਿਸੇ ਹੋਰ ਫਸਲ ਵੱਟੇ ਜੀਭ ਦੇ ਸਵਾਦ ਵਾਲੀ ਕੋਈ ਚੀਜ਼ ਲੈਣ ਦੀ ਇਜਾਜ਼ਤ ਨਹੀਂ ਸੀ।

ਘਰ ਦੇ ਚੁੱਲ੍ਹੇ ਉੱਤੇ ਆਪਣੇ ਖੇਤੀ ਪੈਦਾ ਕੀਤੀਆਂ ਦਾਲਾਂ, ਸਬਜ਼ੀਆਂ ਤੇ ਅੰਨ ਹੀ ਪੱਕਦਾ। ਸਾਰਾ ਦਿਨ ਵੱਡੇ ਬੂਹੇ ਅੱਗੇ ਬੈਠੇ ਰਹਿਣ ਕਾਰਨ ਮੇਰਾ ਦਾਦਾ ਸਾਡੇ ਘਰ ਦਾ ਵੱਡਾ ਪਹਿਰੇਦਾਰ ਸੀ। ਮਜ਼ਾਲ ਐ ਕਦੇ ਕੋਈ ਹੱਟਾ-ਕੱਟਾ ਮੰਗਤਾ ਬੂਹਿਓਂ ਅੰਦਰ ਪੈਰ ਵੀ ਧਰਦਾ ਜਾਂ ਘਰ ਦੀ ਕੋਈ ਔਰਤ ਬਿਨਾਂ ਕਿਸੇ ਆਂਢੀਆਂ-ਗੁਆਂਢੀਆਂ ਦੇ ਕੌਲੇ ਕੱਛਦੀ। ਕਦੇ-ਕਦੇ ਚੰਗੀ ਫਸਲ ਬਾੜੀ ਦੇ ਸੁਨੇਹੇ ਤੋਂ ਖੁਸ਼ ਹੋ ਮੇਰਾ ਦਾਦਾ ਅਤੇ ਬਾਪੂ ਸਾਨੂੰ ਨਸੀਹਤਾਂ ਦੇਣ ਦੀ ਝੜੀ ਲਾ ਦਿੰਦੇ।

ਦਾਦਾ ਆਖਦਾ, ''ਸ਼ੇਰਾ, ਕਦੇ ਵੀ ਕਿਸੇ ਤੋਂ ਮੰਗ ਕੇ ਨਹੀਂ ਖਾਣਾ ਚਾਹੀਦਾ।'' ਬਾਪੂ ਕਹਿੰਦਾ ਕਿ ਮਨ ਲਾ ਕੇ ਪੜ੍ਹਨ ਨਾਲ ਬੰਦਾ ਵੱਢਾ ਬਣ ਜਾਂਦਾ ਹੈ। ਦਾਦਾ ਆਖਦਾ ਕਿ ਜਿਹੜੀ ਚੀਜ਼ ਨੂੰ ਮਨ ਕਰੇ ਉਹ ਆਪਣੇ ਖੇਤਾਂ ਵਿੱਚ ਪੈਦਾ ਕਰ ਕੇ ਖਾਓ, ਖੋਹ ਕੇ ਨਹੀਂ। ਬਾਪੂ ਆਖਦਾ ਕਿ ਪੜ੍ਹੇ-ਲਿਖੇ ਬੰਦੇ ਦੇ ਦੋ ਦਿਮਾਗ ਹੁੰਦੇ ਹਨ-ਇੱਕ ਸਿਰ ਵਾਲਾ ਤੇ ਦੂਸਰਾ ਕਾਪੀ-ਪੈੱਨ ਵਾਲਾ। ਦਾਦਾ ਆਖਦਾ, ''ਸ਼ੇਰਾ, ਕਦੇ ਕਿਸੇ ਨਾਲ ਬੇਈਮਾਨੀ ਸੁਫਨੇ ਵਿੱਚ ਵੀ ਨਾ ਕਰੋ। ਉਦੋਂ ਬੰਦੇ ਦੀ ਬੁੱਧੀ ਅਸਮਾਨ ਵਿੱਚ ਰੱਬ ਕੋਲ ਗਈ ਹੁੰਦੀ ਹੈ।'' ਬਾਪੂ ਆਖਦਾ, ਹੱਥ ਕੰਮ ਲਈ ਬਣੇ ਨੇ, ਇਕੱਲੀ ਬੁੱਕਲ ਮਾਰਨ ਲਈ ਨਹੀਂ। ਕਿਰਤ ਕਰਨ ਵਾਲਿਆਂ ਨੂੰ ਹਰ ਹਫਤੇ ਨਹੁੰ ਨਹੀਂ ਕੱਟਣੇ ਪੈਂਦੇ। ਦਾਦਾ ਆਖਦਾ, ''ਸ਼ੇਰਾ, ਵਿਹਲੇ ਕਰਿਆ ਤਾਂ ਖੂਹਾਂ ਦੇ ਵੀ ਪਾਣੀ ਮੁੱਕ ਜਾਂਦੇ ਨੇ। ਇਸ ਲਈ ਜਿਨਾ ਕੱਢੋ ਉਸ ਤੋਂ ਵੱਧ ਪਾਉਣ ਨਾਲ ਹੀ ਜੀਵਨ ਦੀ ਗੱਡੀ ਰਿੜਦੀ ਹੈ।'' ਬਾਪੂ ਤੇ ਦਾਦੇ ਦੀਆਂ ਇਹ ਗੱਲਾਂ ਉਨ੍ਹਾਂ ਸਮਿਆਂ ਵਿੱਚ ਫਾਲਤੂ ਜਿਹੀਆਂ ਲੱਗਦੀਆਂ ਸਨ।

ਸਖਤ ਪਰਵਾਰਕ ਅਨੁਸ਼ਾਸਨ ਕਰ ਕੇ ਕਦੇ ਕਿਸੇ ਨੇ ਨਿੱਕੀ ਜਿਹੀ ਵੀ ਉਲੰਘਣਾ ਨਹੀਂ ਸੀ ਕੀਤੀ। ਖਾਣ-ਪੀਣ, ਤੁਰਨ ਫਿਰਨ, ਬੋਲਣ, ਖੇਡਣ, ਕਿਸੇ ਰਿਸ਼ਤੇਦਾਰੀ ਵਿੱਚ ਜਾਣ, ਕੱਪੜੇ ਖਰੀਦਣ, ਖੁਸ਼ੀ-ਗ਼ਮੀ ਦੇ ਸਮਾਗਮਾਂ ਵਿੱਚ ਜਾਣ ਬਾਰੇ ਸਭ ਕੁਝ ਪਹਿਲਾਂ ਤੈਅ ਹੁੰਦਾ ਸੀ। ਚੰਚਲ ਮਨ ਅੰਦਰੋਂ-ਅੰਦਰ ਕਦੇ-ਕਦੇ ਬਾਪੂ ਅਤੇ ਦਾਦੇ ਨੂੰ ਤਾਨਾਸ਼ਾਹ ਕਹਿ ਦਿੰਦਾ। ਕਦੇ-ਕਦਾਈਂ ਲੱਗਦਾ ਜੇ ਬਾਪੂ ਤੇ ਦਾਦੇ ਤੋਂ ਆਜ਼ਾਦੀ ਮਿਲ ਜਾਵੇ ਤਾਂ ਮੌਜਾਂ ਹੀ ਮੌਜਾਂ ਬਣ ਜਾਣ। ਅੱਜ ਦਾਦਾ ਜੀ ਨੂੰ ਗੁਜ਼ਰਿਆਂ ਪੂਰੇ ਇੱਕੀ ਸਾਲ ਹੋ ਗਏ ਹਨ। ਬਾਪੂ ਇਕੱਲਾ ਰਹਿ ਗਿਆ ਹੈ। ਬਾਪੂ ਨੇ ਦਾਦੇ ਵਾਲੀ ਤੇ ਬਾਪੂ ਵਾਲੀ ਥਾਂ ਮੈਂ ਲੈ ਲਈ ਹੈ। ਆਪਣੇ ਬੱਚਿਆਂ, ਬੱਚਿਆਂ ਦੇ ਦੋਸਤਾਂ, ਮਿੱਤਰਾਂ ਤੇ ਹਾਣੀਆਂ ਨੂੰ ਦਾਦੇ ਤੇ ਬਾਪੂ ਵਾਲੀਆਂ ਸਲਾਹਾਂ ਦੇਣ ਲੱਗ ਪਏ ਹਾਂ। ਹਰ ਕਿਸੇ ਦੀ ਸਰੀਰਕ ਬਣਤਰ ਅਤੇ ਮੁੱਢਲੀਆਂ ਜੀਵਨ ਲੋੜਾਂ ਭਾਵੇਂ ਪਹਿਲਾਂ ਵਾਲੀਆਂ ਹੀ ਹਨ, ਪਰ ਸਲਾਹਾਂ ਅਤੇ ਮੱਤਾਂ ਹਜ਼ਮ ਕਰਨ ਦਾ ਮਾਦਾ ਬਹੁਤ ਹੱਦ ਤੱਕ ਘਟ ਗਿਆ ਹੈ।

ਕਦੇ-ਕਦੇ ਜਦੋਂ ਬੱਚੇ ਕਿਸੇ ਨਸੀਹਤ ਨੂੰ ਦਰਕਿਨਾਰ ਕਰਦੇ ਹਨ ਤਾਂ ਕਈ ਵਾਰ ਗੁੱਸਾ ਆਉਂਦਾ ਹੈ, ਪਰ ਆਪਣੇ ਵੇਲੇ ਚੇਤੇ ਕਰ ਕੇ ਮਨ ਮੁੜ ਤੋਂ ਸ਼ਾਂਤ ਹੋ ਜਾਂਦਾ ਹੈ। ਮੱਤਾਂ, ਨਸੀਹਤਾਂ ਤੇ ਚੰਗੀਆਂ ਸਲਾਹਾਂ ਦਾ ਛੱਟਾ ਜਾਰੀ ਰੱਖੋ। ਹੌਲੀ-ਹੌਲੀ ਖੁਸ਼ੀਆਂ ਅਤੇ ਸਫਲਤਾਵਾਂ ਦੀ ਖੇਤੀ ਪੁੰਗਰ ਪੈਂਦੀ ਹੈ। ਅਕਲ ਦਾ ਬੂਟਾ ਬੋਹੜ ਦੇ ਰੁੱਖ ਵਾਂਗ ਪੁੰਗਰਦਾ ਹੈ। ਹਿੰਮਤਾਂ ਅਤੇ ਹੌਸਲੇ ਤਾਂ ਰੜੇ ਮੈਦਾਨਾਂ ਤੇ ਟਾਂਗੂ ਟਿੱਬਿਆਂ ਉੱਤੇ ਵੀ ਜੰਡ ਕਰੀਰ ਅਤੇ ਵਣ ਪੈਦਾ ਕਰ ਦਿੰਦੇ ਹਨ। ਬਾਪੂ ਤੇ ਦਾਦੇ ਵਾਲੀਆਂ ਸਲਾਹਾਂ ਦਾ ਹੀ ਕੌਤਕ ਹੈ ਕਿ ਅੱਜ ਤੱਕ ਹਰ ਮੈਦਾਨ ਫਤਹਿ ਹੋ ਰਿਹਾ ਹੈ।

# ਗ਼ਜ਼ਲ ਮੰਚ ਸਰੀ ਵੱਲੋਂ ਰੰਗਮੰਚ ਦੀਆਂ ਨਵੀਆਂ ਦਿਸ਼ਾਵਾਂ ਦੇ ਸਿਰਜਣਹਾਰ 'ਅਜ਼ਲ ਦੁਸਾਂਝ' ਨਾਲ ਰੂਬਰੂ ਸਮਾਗਮ

**ਸਰੀ, (ਹਰਦਮ ਮਾਨ)**–ਗ਼ਜ਼ਲ ਮੰਚ ਸਰੀ ਵੱਲੋਂ ਬੀਤੇ ਦਿਨ ਲਵਲੀ ਰੈਸਟੋਰੈਂਟ, ਸਰੀ ਵਿਖੇ ਨਾਟਕ ਜਗਤ ਦੇ ਚਮਕਦੇ ਸਿਤਾਰੇ, ਨੌਜਵਾਨ ਨਿਰਦੇਸ਼ਕ ਅਤੇ ਬੇਹੱਦ ਹੋਣਹਾਰ ਰੰਗਕਰਮੀ ਅਜ਼ਲ ਦੁਸਾਂਝ ਦੇ ਰੰਗਮੰਚੀ ਸਫ਼ਰ, ਉਸ ਦੀਆਂ ਬੇਮਿਸਾਲ ਪ੍ਰਾਪਤੀਆਂ ਅਤੇ ਭਵਿੱਖੀ ਯੋਜਨਾਵਾਂ ਨੂੰ ਸਮਰਪਿਤ ਇੱਕ ਵਿਸ਼ੇਸ਼ 'ਰੂਬਰੂ' ਸਮਾਗਮ ਕਰਵਾਇਆ ਗਿਆ। ਇਸ ਸਾਹਿਤਕ ਅਤੇ ਕਲਾਤਮਿਕ ਮਿਲਣੀ ਵਿੱਚ ਸਰੀ ਸ਼ਹਿਰ ਦੇ ਨਾਮਵਰ ਸਾਹਿਤਕਾਰ, ਸੂਝਵਾਨ ਰੰਗਕਰਮੀ, ਪ੍ਰਸਿੱਧ ਕਲਾਕਾਰ ਅਤੇ ਕਈ ਪ੍ਰਮੁੱਖ ਸ਼ਖ਼ਸੀਅਤਾਂ ਉਚੇਚੇ ਤੌਰ 'ਤੇ ਹਾਜ਼ਰ ਹੋਈਆਂ, ਜਿਸ ਨਾਲ ਹਾਲ ਦੀ ਫ਼ਿਜ਼ਾ ਕਲਾਤਮਿਕ ਰੰਗ ਵਿੱਚ ਰੰਗੀ ਗਈ। ਇਸ ਸਮਾਗਮ ਦੀ ਪ੍ਰਧਾਨਗੀ ਅਜ਼ਲ, ਸੁਸ਼ੀਲ ਦੁਸਾਂਝ, ਪ੍ਰਸਿੱਧ ਵਿਦਵਾਨ ਡਾ. ਸਾਧੂ ਸਿੰਘ, ਨਾਮਵਰ ਨਾਵਲਕਾਰ ਜਰਨੈਲ ਸਿੰਘ ਸੇਖਾ ਅਤੇ ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ ਨੇ ਸਾਂਝੇ ਤੌਰ 'ਤੇ ਕੀਤੀ।











ਸਮਾਗਮ ਦੀ ਸ਼ੁਰੂਆਤ ਅਜ਼ਲ ਦੇ ਪਿਤਾ ਅਤੇ ਪੰਜਾਬ ਦੇ ਪ੍ਰਸਿੱਧ ਸਾਹਿਤਕਾਰ, ਪੱਤਰਕਾਰ ਅਤੇ ਸਮਾਜਿਕ ਕਾਰਕੁਨ ਸੁਸ਼ੀਲ ਦੁਸਾਂਝ ਦੇ ਸੰਬੋਧਨ ਨਾਲ ਹੋਈ। ਉਨ੍ਹਾਂ ਨੇ ਅਜ਼ਲ ਦੇ ਬਚਪਨ, ਉਸ ਦੇ ਅੰਦਰ ਕਲਾ ਪ੍ਰਤੀ ਜਨਮੇ ਸੁਭਾਵਿਕ ਰੁਝਾਨ ਅਤੇ ਰੰਗਮੰਚ ਦੇ ਖੇਤਰ ਵਿੱਚ ਉਸ ਦੀ ਸ਼ੁਰੂਆਤੀ ਯਾਤਰਾ ਬਾਰੇ ਬਹੁਤ ਹੀ ਭਾਵਪੂਰਤ ਅਤੇ ਦਿਲਚਸਪ ਜਾਣਕਾਰੀ ਸਾਂਝੀ ਕੀਤੀ।

ਮੁੱਖ ਮਹਿਮਾਨ ਅਜ਼ਲ ਦੁਸਾਂਝ ਨੇ ਆਪਣੇ ਵਿਚਾਰ, ਕਲਾ ਪ੍ਰਤੀ ਆਪਣੀ ਨਿਵੇਕਲੀ ਪਹੁੰਚ ਅਤੇ ਰੰਗਮੰਚ ਦੇ ਹੁਨਰ ਨੂੰ ਬਹੁਤ ਹੀ ਖ਼ੂਬਸੂਰਤ ਸ਼ਬਦਾਂ ਵਿੱਚ ਸਭ ਦੇ ਸਾਹਮਣੇ ਰੱਖਿਆ। ਉਸ ਦੱਸਿਆ ਕਿ ਪੰਜਾਬੀ ਦੇ ਮਹਾਨ ਇਨਕਲਾਬੀ ਨਾਟਕਕਾਰ ਗੁਰਸ਼ਰਨ ਸਿੰਘ (ਭਾਅ ਜੀ) ਅਤੇ ਉਨ੍ਹਾਂ ਦੀ ਨਾਟਕੀ ਟੀਮ ਤੋਂ ਉਸ ਨੇ ਬਹੁਤ ਕੁਝ ਸਿੱਖਿਆ ਹੈ। ਉਸ ਨੇ ਭਾਅ ਜੀ ਦੀ ਇਸ ਅਮੀਰ ਵਿਰਾਸਤ ਨੂੰ ਵਿਸ਼ਵ ਪੱਧਰ ਤੱਕ ਦਰਸਾਉਣ ਦਾ ਇੱਕ ਵੱਡਾ ਪ੍ਰੋਜੈਕਟ ਸ਼ੁਰੂ ਕੀਤਾ ਹੈ, ਜਿਸ ਤਹਿਤ ਹੁਣ ਤੱਕ ਉਨ੍ਹਾਂ ਦੇ ਛੇ-ਸੱਤ ਨਾਟਕਾਂ ਦਾ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ ਜਾ ਚੁੱਕਾ ਹੈ ਅਤੇ ਇਹ ਕਾਰਜ ਨਿਰੰਤਰ ਜਾਰੀ ਹੈ। ਚਾਰ ਸਾਲਾਂ ਦੀ ਅਣਥੱਕ ਮਿਹਨਤ ਤੋਂ ਬਾਅਦ, ਉਨ੍ਹਾਂ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਗੁਰਸ਼ਰਨ ਸਿੰਘ ਦੇ ਨਾਟਕ 'ਤੇ ਆਧਾਰਿਤ 'ਤਮਾਸ਼ਾ ਓ ਤਮਾਸ਼ਾ' ਤਿਆਰ ਕੀਤਾ ਅਤੇ ਨਿਊ ਫਾਊਂਡਲੈਂਡ ਵਿੱਚ ਇਸ ਦੇ 12 ਸਫ਼ਲ ਪ੍ਰਦਰਸ਼ਨ ਕੀਤੇ, ਜੋ ਲੋਕਾਂ ਵੱਲੋਂ ਬਹੁਤ ਪਸੰਦ ਕੀਤੇ ਗਏ। ਅਗਲੇ ਪੜਾਅ ਵਿੱਚ ਇਸ ਨਾਟਕ ਨੂੰ ਮੌਂਟਰੀਅਲ ਅਤੇ ਵੈਨਕੂਵਰ ਵਿੱਚ ਖੇਡਣ ਦੀਆਂ ਤਿਆਰੀਆਂ ਵੀ ਕੀਤੀਆਂ ਜਾ ਰਹੀਆਂ ਹਨ।

ਆਪਣੇ ਤਜਰਬੇ ਸਾਂਝੇ ਕਰਦਿਆਂ ਅਜ਼ਲ ਨੇ ਦੱਸਿਆ ਕਿ ਥੀਏਟਰ ਦੇ ਖੇਤਰ ਵਿੱਚ ਉਸ ਨੇ ਹਰ ਛੋਟਾ ਵੱਡਾ ਕੰਮ ਕੀਤਾ ਹੈ ਅਤੇ ਬਤੌਰ ਪ੍ਰੋਫੈਸ਼ਨਲ ਡਾਇਰੈਕਟਰ ਇਹ ਸਾਰੇ ਕਾਰਜ ਕਰਨੇ ਬਹੁਤ ਜ਼ਰੂਰੀ ਵੀ ਹੁੰਦੇ ਹਨ। ਉਸ ਦੇ ਸਮਾਜਿਕ ਸਰੋਕਾਰਾਂ ਦੀ ਝਲਕ ਉਦੋਂ ਦੇਖਣ ਨੂੰ ਮਿਲੀ ਜਦੋਂ ਉਸ ਨੇ ਦੱਸਿਆ ਕਿ ਉਸ ਨੇ ਇੱਕ ਕੰਪਨੀ ਨਾਲ ਮਿਲ ਕੇ ਲਗਭਗ ਡੇਢ ਸਾਲ ਵੱਖ ਵੱਖ ਸਰੀਰਕ ਪੱਖਾਂ ਤੋਂ ਅਪਾਹਜ ਲੋਕਾਂ ਨੂੰ ਨਾਟਕ ਦੀ ਸਿਖਲਾਈ ਦੇਣ ਦਾ ਅਹਿਮ ਕਾਰਜ ਕੀਤਾ। ਅਜ਼ਲ ਅਨੁਸਾਰ ਥੀਏਟਰ ਦਾ ਅਸਲ ਮਕਸਦ ਸਾਰੇ ਲੋਕਾਂ ਨੂੰ ਇੱਕ ਥਾਂ ਇਕੱਠਾ ਕਰਨਾ ਹੈ, ਇਸ ਲਈ ਇਹ ਬੇਹੱਦ ਜ਼ਰੂਰੀ ਹੈ ਕਿ ਅਪਾਹਜ ਲੋਕਾਂ ਨੂੰ ਵੀ ਰੰਗਮੰਚ ਦਾ ਅਟੁੱਟ ਹਿੱਸਾ ਬਣਾਇਆ ਜਾਵੇ।

ਆਪਣੀ ਪ੍ਰਤਿਭਾ ਸਦਕਾ ਉਹ 'ਨੈਸ਼ਨਲ ਸਕੂਲ ਆਫ਼ ਥੀਏਟਰ ਕੈਨੇਡਾ' ਲਈ ਚੁਣਿਆ ਗਿਆ ਅਤੇ ਦੋ ਸਾਲ ਮੌਂਟਰੀਅਲ ਵਿਖੇ ਗੁਜ਼ਾਰ ਕੇ ਵਿਸ਼ਵ-ਪੱਧਰੀ ਰੰਗਮੰਚ ਦੀਆਂ ਡੂੰਘੀਆਂ ਬਾਰੀਕੀਆਂ ਸਿੱਖੀਆਂ। ਭਵਿੱਖੀ ਯੋਜਨਾਵਾਂ ਬਾਰੇ ਗੱਲ ਕਰਦਿਆਂ ਉਸ ਨੇ ਦੱਸਿਆ ਕਿ ਉਹ ਇੱਕੋ ਸਮੇਂ ਦੋ ਪੱਧਰਾਂ 'ਤੇ ਕੰਮ ਕਰਨਾ ਚਾਹੁੰਦਾ ਹੈ। ਇੱਕ ਪਾਸੇ ਕੌਮਾਂਤਰੀ ਪੱਧਰ ਦੇ ਵੱਡੇ ਰੰਗਮੰਚੀ ਪ੍ਰੋਜੈਕਟ ਹਨ, ਜਦਕਿ ਦੂਜੇ ਪਾਸੇ ਸਥਾਨਕ ਭਾਈਚਾਰੇ, ਲੋਕ-ਸੱਭਿਆਚਾਰ ਅਤੇ ਆਮ ਲੋਕਾਂ ਨੂੰ ਰੰਗਮੰਚ ਨਾਲ ਜੋੜਨ ਦਾ ਉਦੇਸ਼ ਹੈ। ਇਸ ਸੰਦਰਭ ਵਿੱਚ ਉਸ ਨੇ ਦੱਸਿਆ ਕਿ ਉਹ ਉੱਤਰੀ ਅਮਰੀਕਾ ਵਿੱਚ ਸਟਰੀਟ ਪਲੇਅ ਦੀ ਭਾਸ਼ਾ, ਸ਼ੈਲੀ ਅਤੇ ਪੇਸ਼ਕਾਰੀ ਨੂੰ ਨਵੇਂ ਸੰਦਰਭਾਂ ਅਨੁਸਾਰ ਮੁੜ ਪਰਿਭਾਸ਼ਿਤ ਕਰਨ ਦੇ ਤਜਰਬੇ ਉੱਤੇ ਵੀ ਕੰਮ ਕਰ ਰਿਹਾ ਹੈ। ਉਸ ਦਾ ਮੰਨਣਾ ਹੈ ਕਿ ਬਦਲਦੇ ਸਮਾਜਿਕ ਅਤੇ ਸੱਭਿਆਚਾਰਕ ਪਰਿਪੇਖ ਵਿੱਚ ਸਟਰੀਟ ਥੀਏਟਰ ਨੂੰ ਨਵੇਂ ਰੂਪ, ਨਵੀਂ ਭਾਸ਼ਾ ਅਤੇ ਨਵੀਂ ਸੰਵੇਦਨਾ ਨਾਲ ਪੇਸ਼ ਕਰਨਾ ਸਮੇਂ ਦੀ ਲੋੜ ਹੈ। ਇਸ ਤੋਂ ਇਲਾਵਾ ਉਹ ਮਰਹੂਮ ਰੰਗਕਰਮੀ ਸਫ਼ਦਰ ਹਾਸ਼ਮੀ ਦੇ ਜੀਵਨ ਅਤੇ ਸੰਘਰਸ਼ ਨੂੰ ਸਮਰਪਿਤ ਇੱਕ ਵਿਸ਼ੇਸ਼ ਪ੍ਰੋਜੈਕਟ 'ਤੇ ਵੀ ਕੰਮ ਸ਼ੁਰੂ ਕਰਨ ਜਾ ਰਿਹਾ ਹੈ।

ਰੂਬਰੂ ਦੇ ਦੂਜੇ ਪੜਾਅ ਵਿੱਚ ਹਾਜ਼ਰੀਨ ਨੇ ਅਜ਼ਲ ਦੀ ਕਲਾ, ਨਿਰਦੇਸ਼ਨ ਅਤੇ ਰੰਗਮੰਚੀ ਤਕਨੀਕ ਨਾਲ ਸਬੰਧਿਤ ਕਈ ਦਿਲਚਸਪ ਸਵਾਲ ਪੁੱਛੇ। ਅਜ਼ਲ ਨੇ ਹਰ ਸਵਾਲ ਦਾ ਜਵਾਬ ਬਹੁਤ ਹੀ ਸੂਝ-ਬੂਝ, ਧੀਰਜ ਅਤੇ ਬੌਧਿਕ ਗਹਿਰਾਈ ਨਾਲ ਦਿੱਤਾ, ਜਿਸ ਨੇ ਸਰੋਤਿਆਂ ਨੂੰ ਮੰਤਰਮੁਗਧ ਕਰ ਦਿੱਤਾ। ਉਸ ਦੇ ਵਿਚਾਰਾਂ ਦੀ ਡੂੰਘਾਈ ਅਤੇ ਕਲਾ ਪ੍ਰਤੀ ਸਮਰਪਣ ਨੇ ਹਾਜ਼ਰੀਨ ਉੱਤੇ ਡੂੰਘਾ ਪ੍ਰਭਾਵ ਛੱਡਿਆ।

ਮੌਕੇ 'ਤੇ ਹਾਜ਼ਰ ਪ੍ਰਮੁੱਖ ਸ਼ਖ਼ਸੀਅਤਾਂ ਡਾ. ਸਾਧੂ ਸਿੰਘ, ਜਰਨੈਲ ਸਿੰਘ ਸੇਖਾ, ਸੁਖਜੀਤ ਹੁੰਦਲ, ਭੁਪਿੰਦਰ ਮੱਲ੍ਹੀ, ਮੋਹਨ ਗਿੱਲ, ਕਵਿੰਦਰ ਚਾਂਦ, ਕਾਮਰੇਡ ਹਰਦੇਵ, ਪ੍ਰੀਤ ਮਨਪ੍ਰੀਤ, ਸ਼ਬਨਮ ਮੱਲ੍ਹੀ, ਅਜਮੇਰ ਰੋਡੇ ਅਤੇ ਅਸ਼ੋਕ ਭਾਰਗਵ ਨੇ ਅਜ਼ਲ ਦੇ ਹੁਨਰ, ਸਿਰਜਣਾਤਮਕ ਦ੍ਰਿਸ਼ਟੀ ਅਤੇ ਪ੍ਰਾਪਤੀਆਂ ਦੀ ਭਰਪੂਰ ਸ਼ਲਾਘਾ ਕਰਦਿਆਂ ਉਸ ਨੂੰ ਰੱਬੀ ਦਾਤ ਨਾਲ ਨਿਵਾਜਿਆ ਹੋਇਆ ਕਲਾਕਾਰ ਕਰਾਰ ਦਿੱਤਾ ਅਤੇ ਉਸ ਦੇ ਉੱਜਲ ਭਵਿੱਖ ਲਈ ਸ਼ੁਭ ਕਾਮਨਾਵਾਂ ਭੇਟ ਕੀਤੀਆਂ। ਗ਼ਜ਼ਲ ਮੰਚ ਵੱਲੋਂ ਅਜ਼ਲ ਦੁਸਾਂਝ ਦਾ ਸਨਮਾਨ ਕੀਤਾ ਗਿਆ। ਪ੍ਰੋਗਰਾਮ ਦਾ ਸਫ਼ਲ ਮੰਚ ਸੰਚਾਲਨ ਜਾਣੇ ਪਛਾਣੇ ਲੇਖਕ ਹਰਦਮ ਮਾਨ ਨੇ ਬਾਖ਼ੂਬੀ ਨਿਭਾਇਆ।

ਸਮਾਗਮ ਦੇ ਅੰਤ ਵਿੱਚ ਗ਼ਜ਼ਲ ਮੰਚ ਸਰੀ ਦੇ ਪ੍ਰਧਾਨ ਜਸਵਿੰਦਰ ਨੇ ਅਜ਼ਲ ਦੁਸਾਂਝ ਦੀ ਕਲਾਤਮਿਕ ਪ੍ਰਤਿਭਾ, ਸੰਵੇਦਨਸ਼ੀਲ ਸੋਚ ਅਤੇ ਰੰਗਮੰਚ ਪ੍ਰਤੀ ਉਸ ਦੇ ਸਮਰਪਣ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਨੇ ਆਸ ਪ੍ਰਗਟਾਈ ਕਿ ਅਜ਼ਲ ਭਵਿੱਖ ਵਿੱਚ ਦੇਸ਼-ਵਿਦੇਸ਼ ਵਿੱਚ ਪੰਜਾਬੀਅਤ ਅਤੇ ਰੰਗਮੰਚ ਦਾ ਨਾਂ ਹੋਰ ਵੀ ਰੌਸ਼ਨ ਕਰੇਗਾ ਅਤੇ ਕੌਮਾਂਤਰੀ ਪੱਧਰ 'ਤੇ ਨਵੀਆਂ ਉਚਾਈਆਂ ਨੂੰ ਛੂਹੇਗਾ। ਇਸ ਮੌਕੇ ਉਨ੍ਹਾਂ ਨੇ ਸਮਾਗਮ ਵਿੱਚ ਸ਼ਾਮਲ ਹੋਏ ਸਮੂਹ ਸਾਹਿਤਕਾਰਾਂ, ਰੰਗਕਰਮੀਆਂ, ਪੱਤਰਕਾਰਾਂ ਅਤੇ ਕਲਾ-ਪ੍ਰੇਮੀਆਂ ਦਾ ਤਹਿ-ਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਦੀ ਹਾਜ਼ਰੀ ਨੇ ਇਸ ਸਾਹਿਤਕ ਅਤੇ ਕਲਾਤਮਿਕ ਮਿਲਣੀ ਨੂੰ ਯਾਦਗਾਰੀ ਬਣਾ ਦਿੱਤਾ।

# ਜੀਵਨ ਸਿੱਖੀਏ—ਆਓ ਬਦਲਾਅ ਲਿਆਈਏ



ਸਵਾਲ ਇਹ ਨਹੀਂ ਹੈ ਕਿ ਮੌਤ ਤੋਂ ਬਾਅਦ ਜੀਵਨ ਮੌਜੂਦ ਹੈ ਜਾਂ ਨਹੀਂ। ਅਸਲੀ ਸਵਾਲ ਇਹ ਹੈ ਕਿ ਤੁਸੀਂ ਮੌਤ ਤੋਂ ਪਹਿਲਾਂ ਜਿਊਂਦੇ ਹੋ ਜਾਂ ਨਹੀਂ।' ਇਹ ਲਾਈਨਾਂ ਮਨੁੱਖੀ ਜੀਵਨ ਦੀ ਇੱਕ ਡੂੰਘੀ ਸੱਚਾਈ ਨੂੰ ਬਿਆਨ ਕਰਦੀਆਂ ਹਨ। ਅਕਸਰ ਮਨੁੱਖ ਆਪਣੀ ਪੂਰੀ ਜ਼ਿੰਦਗੀ ਭਵਿੱਖ ਦੀ ਚਿੰਤਾ, ਪਿਛਲੇ ਸਮੇਂ ਦੇ ਪਛਤਾਵਿਆਂ ਅਤੇ ਲੋਕਾਂ ਦੀਆਂ ਉਮੀਦਾਂ ਵਿੱਚ ਗੁਜ਼ਾਰ ਦਿੰਦਾ ਹੈ। ਉਹ ਇਹ ਭੁੱਲ ਜਾਂਦਾ ਹੈ ਕਿ ਅਸਲ ਜੀਵਨ ਤਾਂ ਇਸ ਮੌਜੂਦਾ ਪਲ ਵਿੱਚ ਹੈ। ਜਿਊਣਾ ਸਿਰਫ਼ ਸਾਹ ਲੈਣ ਦਾ ਨਾਮ ਨਹੀਂ, ਸਗੋਂ ਹਰ ਪਲ ਨੂੰ ਮਹਿਸੂਸ ਕਰਨਾ, ਆਪਣੇ ਸੁਪਨਿਆਂ ਨੂੰ ਪੂਰਾ ਕਰਨਾ ਅਤੇ ਖੁਸ਼ੀ ਨਾਲ ਜੀਵਨ ਬਤੀਤ ਕਰਨਾ ਹੀ ਅਸਲ ਜੀਵਨ ਹੈ।

ਅੱਜ ਦਾ ਮਨੁੱਖ ਬਹੁਤ ਰੁੱਝਿਆ ਹੋਇਆ ਹੈ। ਸਵੇਰ ਤੋਂ ਸ਼ਾਮ ਤੱਕ ਦੌੜ-ਭੱਜ, ਪੈਸੇ ਦੀ ਚਿੰਤਾ, ਸਮਾਜ ਵਿੱਚ ਆਪਣੀ ਪਛਾਣ ਬਣਾਉਣ ਦੀ ਹੋੜ, ਇਹ ਸਭ ਕੁਝ ਉਸ ਨੂੰ ਅੰਦਰੋਂ ਖਾਲੀ ਕਰ ਰਿਹਾ ਹੈ। ਬਹੁਤ ਲੋਕਾਂ ਕੋਲ ਵੱਡੇ ਘਰ, ਮਹਿੰਗੀਆਂ ਗੱਡੀਆਂ ਅਤੇ ਬੇਅੰਤ ਸਹੂਲਤਾਂ ਹਨ, ਪਰ ਮਨ ਦੀ ਸ਼ਾਂਤੀ ਨਹੀਂ। ਉਹ ਜੀਵਨ ਬਤੀਤ ਤਾਂ ਕਰ ਰਹੇ ਹਨ, ਪਰ ਜੀਅ ਨਹੀਂ ਰਹੇ। ਉਨ੍ਹਾਂ ਦੀ ਜ਼ਿੰਦਗੀ ਇੱਕ ਮਸ਼ੀਨ ਵਾਂਗ ਬਣ ਗਈ ਹੈ, ਜਿਸ ਵਿੱਚ ਭਾਵਨਾਵਾਂ, ਖੁਸ਼ੀਆਂ ਅਤੇ ਰਿਸ਼ਤਿਆਂ ਦੀ ਗਰਮੀ ਘਟਦੀ ਜਾ ਰਹੀ ਹੈ।

ਅਸਲ ਵਿੱਚ ਜਿਊਣਾ ਉਹ ਹੈ ਜਦੋਂ ਮਨੁੱਖ ਆਪਣੇ ਮਨ ਦੀ ਸੁਣਦਾ ਹੈ। ਜਦੋਂ ਉਹ ਛੋਟੀਆਂ-ਛੋਟੀਆਂ ਖੁਸ਼ੀਆਂ ਵਿੱਚ ਵੀ ਖੁਸ਼ ਰਹਿਣਾ ਸਿੱਖ ਲੈਂਦਾ ਹੈ। ਇੱਕ ਬੱਚੇ ਦੀ ਮੁਸਕਰਾਹਟ, ਮਾਪਿਆਂ ਦਾ ਪਿਆਰ, ਦੋਸਤਾਂ ਨਾਲ ਬਿਤਾਇਆ ਸਮਾਂ, ਕੁਦਰਤ ਦੀ ਖ਼ੂਬਸੂਰਤੀ, ਇਹ ਸਭ ਜੀਵਨ ਦੇ ਉਹ ਰੰਗ ਹਨ ਜੋ ਸਾਨੂੰ ਅਸਲ ਜਿਊਣ ਦਾ ਅਹਿਸਾਸ ਕਰਵਾਉਂਦੇ ਹਨ, ਪਰ ਅਫ਼ਸੋਸ, ਅੱਜ ਮਨੁੱਖ ਕੋਲ ਇਹ ਸਭ ਮਹਿਸੂਸ ਕਰਨ ਲਈ ਸਮਾਂ ਹੀ ਨਹੀਂ।

ਕਈ ਲੋਕ ਆਪਣੀ ਜ਼ਿੰਦਗੀ 'ਕਦੇ' ਦੇ ਇੰਤਜ਼ਾਰ ਵਿੱਚ ਗੁਜ਼ਾਰ ਦਿੰਦੇ ਹਨ। ਉਹ ਸੋਚਦੇ ਹਨ ਕਿ ਜਦੋਂ ਵਧੀਆ ਨੌਕਰੀ ਮਿਲੇਗੀ, ਫਿਰ ਖੁਸ਼ ਰਹਾਂਗੇ; ਜਦੋਂ ਪੈਸਾ ਹੋਵੇਗਾ, ਫਿਰ ਜੀਵਨ ਦਾ ਆਨੰਦ ਲਵਾਂਗੇ; ਜਦੋਂ ਸਮਾਂ ਮਿਲੇਗਾ, ਫਿਰ ਆਪਣੇ ਮਨ ਦੀਆਂ ਗੱਲਾਂ ਕਰਾਂਗੇ, ਪਰ ਇਹ 'ਕਦੇ' ਕਦੇ ਨਹੀਂ ਆਉਂਦਾ। ਸਮਾਂ ਚੁੱਪਚਾਪ ਲੰਘ ਜਾਂਦਾ ਹੈ ਅਤੇ ਮਨੁੱਖ ਦੇ ਹੱਥਾਂ ਵਿੱਚ ਸਿਰਫ਼ ਪਛਤਾਵੇ ਰਹਿ ਜਾਂਦੇ ਹਨ। ਇਸ ਲਈ ਜੀਵਨ ਨੂੰ ਕੱਲ੍ਹ ਲਈ ਨਹੀਂ ਛੱਡਣਾ ਚਾਹੀਦਾ। ਜੋ ਖੁਸ਼ੀ ਅੱਜ ਮਿਲ ਸਕਦੀ ਹੈ, ਉਸ ਨੂੰ ਅੱਜ ਹੀ ਮਹਿਸੂਸ ਕਰਨਾ ਚਾਹੀਦਾ ਹੈ।

ਮੌਤ ਜੀਵਨ ਦਾ ਅਟੱਲ ਸੱਚ ਹੈ। ਜੋ ਇਸ ਦੁਨੀਆ ਵਿੱਚ ਆਇਆ ਹੈ, ਉਸ ਨੇ ਇੱਕ ਦਿਨ ਜਾਣਾ ਵੀ ਹੈ, ਪਰ ਮਹੱਤਵਪੂਰਨ ਗੱਲ ਇਹ ਨਹੀਂ ਕਿ ਅਸੀਂ ਕਿੰਨਾ ਲੰਮਾ ਜੀਏ, ਸਗੋਂ ਇਹ ਹੈ ਕਿ ਅਸੀਂ ਕਿਵੇਂ ਜੀਏ। ਕੁਝ ਲੋਕ ਛੋਟੀ ਉਮਰ ਵਿੱਚ ਵੀ ਅਜਿਹਾ ਜੀਵਨ ਜੀ ਜਾਂਦੇ ਹਨ ਕਿ ਉਹ ਸਦੀਆਂ ਤੱਕ ਲੋਕਾਂ ਦੇ ਦਿਲਾਂ ਵਿੱਚ ਜਿਊਂਦੇ ਰਹਿੰਦੇ ਹਨ। ਦੂਜੇ ਪਾਸੇ ਕਈ ਲੋਕ ਲੰਮੀ ਉਮਰ ਬਤੀਤ ਕਰਕੇ ਵੀ ਕੋਈ ਅਸਰ ਨਹੀਂ ਛੱਡਦੇ। ਇਸ ਲਈ ਜੀਵਨ ਦੀ ਕਦਰ ਉਸ ਦੀ ਲੰਬਾਈ ਨਾਲ ਨਹੀਂ, ਉਸ ਦੀ ਗਹਿਰਾਈ ਨਾਲ ਹੁੰਦੀ ਹੈ।

ਅੱਜ ਦੀ ਪੀੜ੍ਹੀ ਸੋਸ਼ਲ ਮੀਡੀਆ ਦੀ ਦੁਨੀਆ ਵਿੱਚ ਬਹੁਤ ਖੋ ਗਈ ਹੈ। ਲੋਕ ਆਪਣੀ ਅਸਲੀ ਖੁਸ਼ੀ ਤੋਂ ਵੱਧ ਦਿਖਾਵੇ ਨੂੰ ਮਹੱਤਵ ਦੇ ਰਹੇ ਹਨ। ਹਰ ਕੋਈ ਦੂਜਿਆਂ ਨੂੰ ਪ੍ਰਭਾਵਿਤ ਕਰਨ ਵਿੱਚ ਲੱਗਾ ਹੋਇਆ ਹੈ। ਇਸ ਦੌੜ ਵਿੱਚ ਉਹ ਆਪਣੇ ਆਪ ਤੋਂ ਦੂਰ ਹੁੰਦਾ ਜਾ ਰਿਹਾ ਹੈ। ਜਦੋਂ ਮਨੁੱਖ ਆਪਣੇ ਆਪ ਨੂੰ ਸਮਝਣਾ ਛੱਡ ਦਿੰਦਾ ਹੈ, ਤਦ ਉਹ ਜਿਊਣਾ ਵੀ ਛੱਡ ਦਿੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਅਸੀਂ ਕੁਝ ਸਮਾਂ ਆਪਣੇ ਲਈ ਵੀ ਕੱਢੀਏ, ਆਪਣੇ ਮਨ ਨਾਲ ਗੱਲਾਂ ਕਰੀਏ ਅਤੇ ਉਹ ਕੰਮ ਕਰੀਏ ਜੋ ਸਾਨੂੰ ਅਸਲ ਖੁਸ਼ੀ ਦਿੰਦੇ ਹਨ।

ਜੀਵਨ ਦਾ ਮਤਲਬ ਸਿਰਫ਼ ਆਪਣੀਆਂ ਖ਼ੁਸ਼ੀਆਂ ਤੱਕ ਸੀਮਤ ਨਹੀਂ। ਦੂਜਿਆਂ ਦੇ ਚਿਹਰਿਆਂ 'ਤੇ ਮੁਸਕਰਾਹਟ ਲਿਆਉਣਾ ਵੀ ਜੀਵਨ ਦਾ ਮਹੱਤਵਪੂਰਨ ਹਿੱਸਾ ਹੈ। ਜਦੋਂ ਅਸੀਂ ਕਿਸੇ ਦੀ ਮਦਦ ਕਰਦੇ ਹਾਂ, ਕਿਸੇ ਦੁਖੀ ਮਨੁੱਖ ਨੂੰ ਹੌਸਲਾ ਦਿੰਦੇ ਹਾਂ ਜਾਂ ਕਿਸੇ ਦੇ ਜੀਵਨ ਵਿੱਚ ਚਾਨਣ ਬਣਦੇ ਹਾਂ, ਤਦ ਅਸੀਂ ਅਸਲ ਮਾਅਨੇ ਵਿੱਚ ਜੀ ਰਹੇ ਹੁੰਦੇ ਹਾਂ। ਮਨੁੱਖਤਾ, ਪਿਆਰ ਅਤੇ ਸਹਿਯੋਗ ਹੀ ਜੀਵਨ ਨੂੰ ਸੁੰਦਰ ਬਣਾਉਂਦੇ ਹਨ। ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਜੀਵਨ ਬਹੁਤ ਕੀਮਤੀ ਹੈ। ਇਹ ਸਿਰਫ਼ ਕੱਟਣ ਲਈ ਨਹੀਂ, ਸਗੋਂ ਖੁੱਲ੍ਹ ਕੇ ਜਿਊਣ ਲਈ ਮਿਲਿਆ ਹੈ। ਮੌਤ ਤੋਂ ਬਾਅਦ ਕੀ ਹੋਵੇਗਾ, ਇਹ ਕਿਸੇ ਨੂੰ ਪਤਾ ਨਹੀਂ, ਪਰ ਮੌਤ ਤੋਂ ਪਹਿਲਾਂ ਦਾ ਹਰ ਪਲ ਸਾਡੇ ਹੱਥ ਵਿੱਚ ਹੈ। ਇਸ ਲਈ ਡਰ, ਚਿੰਤਾ ਅਤੇ ਨਫ਼ਰਤ ਵਿੱਚ ਜੀਵਨ ਗੁਜ਼ਾਰਨ ਦੀ ਬਜਾਏ ਪਿਆਰ, ਖੁਸ਼ੀ ਅਤੇ ਉਮੀਦ ਨਾਲ ਜਿਉਣਾ ਚਾਹੀਦਾ ਹੈ ਕਿਉਂਕਿ ਅਸਲ ਸਫਲਤਾ ਇਹ ਨਹੀਂ ਕਿ ਅਸੀਂ ਕਿੰਨਾ ਕਮਾਇਆ, ਸਗੋਂ ਇਹ ਹੈ ਕਿ ਅਸੀਂ ਆਪਣੀ ਜ਼ਿੰਦਗੀ ਨੂੰ ਕਿੰਨਾ ਮਹਿਸੂਸ ਕੀਤਾ।



## ਸਿਹਤ-ਸੰਭਾਲ



# ਹੌਲੀ-ਹੌਲੀ ਚਬਾ ਕੇ ਖਾਓ—ਘਬਰਾਹਟ ਘਟੇ, ਯਾਦਸ਼ਕਤੀ ਵਧੇ ਤੇ ਦਿਮਾਗ ਮਜ਼ਬੂਤ ਹੋਵੇ

ਭਾਵੇਂ ਇਹ ਗੱਲ ਕਾਫ਼ੀ ਜਾਣੀ ਜਾਂਦੀ ਹੈ ਕਿ ਜ਼ਿਆਦਾ ਚਬਾਉਣਾ ਪਾਚਨ ਕਿਰਿਆ ਨੂੰ ਸੁਧਾਰਦਾ ਹੈ, ਪਰ ਖੋਜ ਇਹ ਵੀ ਦਰਸਾਉਂਦੀ ਹੈ ਕਿ ਇਹ ਸਾਡੇ ਦਿਮਾਗ਼ ਨੂੰ ਵੀ ਤਾਕਤ ਦੇ ਸਕਦਾ ਹੈ ਅਤੇ ਇੱਥੋਂ ਤੱਕ ਕਿ ਅਲਜ਼ਾਈਮਰ ਵਰਗੀਆਂ ਬਿਮਾਰੀਆਂ ਤੋਂ ਬਚਾਅ ਵਿੱਚ ਵੀ ਮਦਦ ਕਰ ਸਕਦਾ ਹੈ।

ਇੱਕ ਵਾਰ ਇੱਕ ਪਿਆਜ਼ ਨੂੰ ਨਿਗਲਣ ਤੋਂ ਪਹਿਲਾਂ 722 ਵਾਰ ਚਬਾਉਣ ਕਰ ਕੇ ਹੋਰੇਸ ਫ਼ਲੇਚਰ ਨੂੰ "ਦਿ ਗ੍ਰੇਟ ਮੈਸਟਿਕੇਟਰ" ਕਿਹਾ ਜਾਣ ਲੱਗਾ।

ਇਹ ਅਮਰੀਕੀ ਖ਼ੁਦ-ਸਿੱਖਿਆ ਪ੍ਰਾਪਤ ਪੋਸ਼ਣ ਵਿਗਿਆਨੀ ਮੰਨਦੇ ਸੀ ਕਿ ਭੋਜਨ ਨੂੰ "ਉਦੋਂ ਤੱਕ ਚਬਾਉਣਾ ਚਾਹੀਦਾ ਹੈ ਜਦੋਂ ਤੱਕ ਉਹ ਪੂਰੀ ਤਰ੍ਹਾਂ ਤਰਲ ਨਾ ਬਣ ਜਾਵੇ" ਅਤੇ ਉਹ "ਲਗਭਗ ਆਪਣੇ ਆਪ ਹੀ ਨਿਗਲਿਆ ਜਾਵੇ।"

ਫ਼ਲੇਚਰ ਨੇ ਇਹ ਵੀ ਅੰਦਾਜ਼ਾ ਲਾਇਆ ਸੀ ਕਿ ਜ਼ੋਰ ਨਾਲ ਚਬਾਉਣ ਦੀ ਆਦਤ 20ਵੀਂ ਸਦੀ ਦੇ ਸ਼ੁਰੂਆਤੀ ਦੌਰ ਵਿੱਚ ਅਮਰੀਕੀ ਅਰਥਵਿਵਸਥਾ ਨੂੰ ਹਰ ਰੋਜ਼ ਪੰਜ ਲੱਖ ਡਾਲਰ ਤੋਂ ਵੱਧ ਦੀ ਬਚਤ ਕਰਵਾ ਸਕਦੀ ਸੀ (ਜੋ ਅੱਜ ਦੇ ਸਮੇਂ ਵਿੱਚ ਲਗਭਗ 1.95 ਕਰੋੜ ਡਾਲਰ ਬਣਦੇ ਹਨ), ਕਿਉਂਕਿ ਔਸਤ ਵਿਅਕਤੀ ਹਰ ਰੋਜ਼ ਅੱਧਾ ਪਾਊਂਡ (227 ਗ੍ਰਾਮ) ਘੱਟ ਭੋਜਨ ਖਾਂਦਾ।

ਸਵੀਡਨ ਦੇ ਕੈਰੋਲਿੰਸਕਾ ਇੰਸਟੀਟਿਊਟੇਟ ਵਿੱਚ ਦੰਦਾਂ ਦੀ ਸਿਹਤ ਵਿਭਾਗ ਦੇ ਪ੍ਰੋਫੈਸਰ ਮੈਟਸ ਟਰੁਲਸਨ ਕਹਿੰਦੇ ਹਨ, "ਫ਼ਲੇਚਰ ਦਾ ਸਿਧਾਂਤ ਸ਼ਾਇਦ ਕੁਝ ਹੱਦ ਤੱਕ ਜ਼ਿਆਦਾ ਹੀ ਸੀ, ਪਰ ਕੁਝ ਮਾਮਲਿਆਂ ਵਿੱਚ ਉਹ ਅਸਲ ਵਿੱਚ ਸਹੀ ਸਨ,"

ਜ਼ਿਆਦਾ ਚਬਾਉਣਾ ਸਿਹਤ ਲਈ ਕਈ ਤਰ੍ਹਾਂ ਦੇ ਫ਼ਾਇਦੇ ਦੇ ਸਕਦਾ ਹੈ। ਇਹ ਪਾਚਨ ਕਿਰਿਆ ਸੁਧਾਰਣ, ਘੱਟ ਕੈਲੋਰੀ ਖਪਤ ਵਿੱਚ ਮਦਦ ਕਰਨ, ਤਣਾਅ ਅਤੇ ਘਬਰਾਹਟ ਘਟਾਉਣ ਦੇ ਨਾਲ-ਨਾਲ ਯਾਦਸ਼ਕਤੀ ਮਜ਼ਬੂਤ ਕਰਕੇ ਅਤੇ ਧਿਆਨ ਦੀ ਸਮਰੱਥਾ ਵਧਾ ਕੇ ਸੋਚਣ-ਸਮਝਣ ਦੀ ਯੋਗਤਾ ਨੂੰ ਵੀ ਬਿਹਤਰ ਬਣਾ ਸਕਦਾ ਹੈ।

ਦੰਦਾਂ ਦੀ ਸਿਹਤ ਅਤੇ ਅਲਜ਼ਾਈਮਰ ਬਿਮਾਰੀ ਅਤੇ ਡਿਮੈਂਸ਼ੀਆ ਵਿਚਕਾਰ ਸਬੰਧ ਪਾਇਆ ਗਿਆ ਹੈ, ਕੁਝ ਮਾਹਰ ਮੰਨਦੇ ਹਨ ਕਿ ਮਰੀਜ਼ਾਂ ਦੀ ਦੰਦਾਂ ਦੀ ਸਿਹਤ ਸੁਧਾਰਨਾ ਮਾਨਸਿਕ ਬੁਢਾਪੇ ਨੂੰ ਪਲਟਣ ਵਿੱਚ ਵੀ ਮਦਦ ਕਰ ਸਕਦਾ ਹੈ।

### ਚਬਾਉਣ ਦਾ ਪੁਰਾਤਨ ਇਤਿਹਾਸ

ਜਰਮਨੀ ਦੇ ਲਾਈਪਜ਼ਿਗ ਵਿੱਚ ਮੈਕਸ ਪਲੈਂਕ ਇੰਸਟੀਟਿਊਟ ਫਾਰ ਇਵੋਲਿਊਸ਼ਨਰੀ ਐਂਥਰੋਪੋਲੋਜੀ ਦੇ ਵਿਕਾਸੀ ਅਤੇ ਪਰਿਸਥਿਤਿਕ ਜੀਵ-ਰਸਾਇਣ ਵਿਗਿਆਨੀ ਐਡਮ ਵੈਨ ਕਾਸਟਰਨ ਕਹਿੰਦੇ ਹਨ, "ਜ਼ਿਆਦਾਤਰ ਜਾਨਵਰਾਂ ਵਾਂਗ, ਮਨੁੱਖਾਂ ਕੋਲ ਵੀ "ਲੱਖਾਂ ਸਾਲਾਂ ਤੋਂ ਦੰਦ ਅਤੇ ਜਬੜੇ ਰਹੇ ਹਨ।"

ਪਰ ਪੂਰਵ ਇਤਿਹਾਸ ਦੇ ਦੌਰਾਨ ਇਹ ਕਈ ਤਬਦੀਲੀਆਂ ਵਿਚੋਂ ਗੁਜ਼ਰੇ ਹਨ।

ਵੈਨ ਕਾਸਟਰਨ ਕਹਿੰਦੇ ਹਨ ਕਿ ਸਭ ਤੋਂ ਪਹਿਲੇ ਹੋਮੀਨਿਨ, ਜੋ ਲਗਭਗ 60 ਤੋਂ 70 ਲੱਖ ਸਾਲ ਪਹਿਲਾਂ ਰਹਿੰਦੇ ਸਨ, ਉਨ੍ਹਾਂ ਦੇ ਦੰਦ ਅੱਜ ਦੇ ਬਾਂਦਰਾਂ ਵਰਗੇ ਸਨ, ਖ਼ਾਸ ਤੌਰ 'ਤੇ "ਬਹੁਤ ਸਾਰੇ ਵੱਡੇ, ਮਾਸਦਾਰ ਫ਼ਲ" ਖਾਣ ਲਈ ਮਦਦਗਾਰ, ਜੋ ਸਾਡੇ ਸ਼ੁਰੂਆਤੀ ਪੁਰਖਿਆਂ ਦੇ ਜੰਗਲੀ ਰਿਹਾਇਸ਼ਾਂ ਵਿੱਚ ਬਹੁਤ ਮਾਤਰਾ ਵਿੱਚ ਮਿਲਦੇ ਸਨ।

ਵੈਨ ਕਾਸਟਰਨ ਕਹਿੰਦੇ ਹਨ ਕਿ ਪਰ ਜਿਵੇਂ-ਜਿਵੇਂ ਵਰਖਾ-ਜੰਗਲ ਘੱਟ ਹੋ ਕੇ ਵੱਧ ਖੁੱਲ੍ਹੇ ਜੰਗਲਾਂ, ਖੁੱਲ੍ਹੇ ਆਵਾਸਾਂ ਅਤੇ ਇੱਥੋਂ ਤੱਕ ਕਿ ਸਵਾਨਾ-ਜਿਹੀਆਂ ਪਰਿਸਥਿਤੀਆਂ ਵਿੱਚ ਬਦਲ ਗਏ, ਹੋਮੀਨਿਨਾਂ ਨੂੰ "ਵਧੇਰੇ ਮਕੈਨਿਕਲ ਤੌਰ 'ਤੇ ਚੁਣੌਤੀਪੂਰਨ ਭੋਜਨਾਂ" ਨਾਲ ਨਜਿੱਠਣਾ ਪਿਆ, ਜਿਵੇਂ ਬੀਜ, ਸੁੱਕੇ ਮੇਵੇ ਅਤੇ ਕੰਦ।

ਇਸ ਲਈ ਉਹ ਵੱਡੇ ਮੋਲਰ ਦੰਦਾਂ, ਵੱਡੇ ਜਬੜਿਆਂ ਅਤੇ ਚਿਹਰਿਆਂ ਦੇ ਵਿਕਾਸ ਵੱਲ ਵਿਕਸਤ ਹੋਏ ਤਾਂ ਜੋ ਉਹ ਸਾਰੇ ਦੰਦ ਸਮਾ ਸਕਣ, ਨਾਲ ਹੀ ਉਨ੍ਹਾਂ ਨੂੰ ਚਲਾਉਣ ਲਈ ਲੋੜੀਂਦੀਆਂ ਵੱਡੀਆਂ ਮਾਸਪੇਸ਼ੀਆਂ ਵੀ ਵਿਕਸਤ ਹੋਈਆਂ।

ਵੈਨ ਕਾਸਟਰਨ ਸਮਝਾਉਂਦੇ ਹਨ ਕਿ ਸੰਦਾਂ ਦੇ ਵਿਕਾਸ, ਭੋਜਨ ਪ੍ਰੋਸੈਸਿੰਗ ਅਤੇ ਖੇਤੀਬਾੜੀ ਦੇ ਨਾਲ-ਨਾਲ ਖਾਣਾ ਪਕਾਉਣ ਲਈ ਅੱਗ ਦੇ ਇਸਤੇਮਾਲ ਨੇ ਵੀ ਇਹ ਲੰਬੇ ਸਮੇਂ ਤੱਕ ਚਬਾਉਣ ਦੀ ਲੋੜ ਨੂੰ ਘਟਾ ਦਿੱਤਾ।

ਅੱਜ ਮਨੁੱਖ ਹਰ ਰੋਜ਼ ਲਗਭਗ 35 ਮਿੰਟ ਚੱਬਦੇ ਹਨ, ਜਦਕਿ ਸਾਡੇ ਸਭ ਤੋਂ ਨੇੜਲੇ ਬਾਂਦਰ ਰਿਸ਼ਤੇਦਾਰ, ਚਿੰਪਾਂਜ਼ੀ ਅਤੇ ਬੋਨੋਬੋ, ਲਗਭਗ 4.5 ਘੰਟੇ ਅਤੇ ਗੋਰਿਲਾ ਅਤੇ ਓਰਾਂਗੁਟਾਂ ਲਗਭਗ 6.6 ਘੰਟੇ ਚੱਬਦੇ ਹਨ।

ਇਨ੍ਹਾਂ ਵਿਕਾਸੀ ਤਬਦੀਲੀਆਂ ਦੇ ਬਾਵਜੂਦ, ਚਬਾਉਣ ਦਾ ਮਕਸਦ ਅਜੇ ਵੀ ਉਹੀ ਰਹਿੰਦਾ ਹੈ।

ਵੈਨ ਕਾਸਟਰਨ ਕਹਿੰਦੇ ਹਨ, "ਅਸੀਂ ਥਣਧਾਰੀ ਜੀਵ ਇਸ ਲਈ ਇੰਨੇ ਜਟਿਲ ਤਰੀਕੇ ਨਾਲ ਚੱਬਦੇ ਹਾਂ ਕਿਉਂਕਿ ਅਸੀਂ ਆਪਣੇ ਭੋਜਨ ਤੋਂ ਵੱਧ ਤੋਂ ਵੱਧ ਊਰਜਾ ਲੈਣਾ ਚਾਹੁੰਦੇ ਹਾਂ ਤਾਂ ਜੋ ਸਾਡਾ ਗਰਮ-ਖ਼ੂਨ ਵਾਲਾ ਮੈਟਾਬੋਲਿਜ਼ਮ ਚੱਲ ਸਕੇ।"

### ਪਹਿਲਾ ਅਹਿਮ ਕਦਮ

ਸਭ ਤੋਂ ਬੁਨਿਆਦੀ ਪੱਧਰ 'ਤੇ, ਚਬਾਉਣ ਨਾਲ ਭੋਜਨ ਛੋਟੇ-ਛੋਟੇ ਟੁਕੜਿਆਂ ਵਿੱਚ ਟੁੱਟ ਜਾਂਦਾ ਹੈ ਅਤੇ ਲਾਰ ਨਾਲ ਨਰਮ ਹੋ ਜਾਂਦਾ ਹੈ, ਤਾਂ ਜੋ ਉਹ ਆਸਾਨੀ ਨਾਲ ਨਿਗਲਿਆ ਜਾ ਸਕੇ।

ਨੀਦਰਲੈਂਡਸ ਦੇ ਯੂਨੀਵਰਸਿਟੀ ਮੈਡੀਕਲ ਸੈਂਟਰ ਯੂਟ੍ਰੈਕਟ ਵਿੱਚ 30 ਸਾਲ ਤੋਂ ਵੱਧ ਸਮੇਂ ਤੱਕ ਖੋਜ ਕਰ ਚੁੱਕੇ ਮੂੰਹ ਦੀ ਜੈਵ-ਕਿਰਿਆ ਵਿਗਿਆਨ ਅਤੇ ਚਬਾਉਣ ਦੇ ਮਾਹਰ ਐਂਡਰੀਜ਼ ਵੈਨ ਡੇਰ ਬਿਲਟ ਕਹਿੰਦੇ ਹਨ, "ਇਹ ਪਾਚਨ ਦੀ ਪਹਿਲਾ ਪੜਾਅ ਹੈ।"

ਚਬਾਉਣਾ ਸਿਰਫ਼ ਲਾਰ ਹੀ ਨਹੀਂ ਵਧਾਉਂਦਾ ਅਤੇ ਐਮਾਈਲੇਜ਼ ਵਰਗੇ ਪਾਚਨ ਵਾਲੇ ਐਂਜ਼ਾਈਮਾਂ ਦੀ ਮਾਤਰਾ ਵੀ ਵਧਾਉਂਦਾ ਹੈ, ਜੋ ਭੋਜਨ ਨੂੰ ਤੋੜਨ ਵਿੱਚ ਮਦਦ ਕਰਦੇ ਹਨ, ਸਗੋਂ ਇਹ ਆਂਦਰਾਂ ਅਤੇ ਪੈਨਕ੍ਰੀਅਸ ਨੂੰ ਵੀ ਇਹ ਸੰਕੇਤ ਦਿੰਦਾ ਹੈ ਕਿ ਉਹ ਪਚਣ ਲਈ ਜ਼ਰੂਰੀ ਰਸ ਛੱਡਣ।

ਕੈਰੋਲਿੰਸਕਾ ਇੰਸਟੀਟਿਊਟ ਦੇ ਟਰੁਲਸਨ ਨਾਲ ਕੰਮ ਕਰਨ ਵਾਲੇ ਓਰੋਫੈਸ਼ੀਅਲ ਨਿਊਰੋਸਾਇੰਟਿਸਟ ਅਭਿਸ਼ੇਕ ਕੁਮਾਰ ਕਹਿੰਦੇ ਹਨ, "ਜੇ ਤੁਸੀਂ ਚੱਬਦੇ ਨਹੀਂ, ਤਾਂ ਆਂਦਰਾਂ ਭੋਜਨ ਨੂੰ ਸੰਭਾਲਣ ਲਈ ਤਿਆਰ ਨਹੀਂ ਹੁੰਦੀਆਂ।"

ਅਭਿਸ਼ੇਕ ਕੁਮਾਰ ਕਹਿੰਦੇ ਹਨ ਕਿ ਭੋਜਨ ਦੇ ਕਣਾਂ ਨੂੰ ਛੋਟੇ-ਛੋਟੇ ਟੁਕੜਿਆਂ ਵਿੱਚ ਤੋੜਣ ਦੀ ਕਿਰਿਆ ਨਾਲ ਉਨ੍ਹਾਂ ਦੀ ਸਤਹਿ ਵੱਧ ਜਾਂਦੀ ਹੈ, ਜਿਸਦਾ ਮਤਲਬ ਹੈ ਕਿ ਪਾਚਨ ਰਸ ਉਨ੍ਹਾਂ 'ਤੇ ਹੋਰ ਪ੍ਰਭਾਵਸ਼ਾਲੀ ਤਰੀਕੇ ਨਾਲ ਕੰਮ ਕਰ ਸਕਦੇ ਹਨ।

ਉਹ ਕਹਿੰਦੇ ਹਨ ਕਿ ਇਹ ਆਂਦਰਾਂ ਦੀ ਸਿਹਤ ਲਈ ਮਹੱਤਵਪੂਰਨ ਹੈ। ਵੱਡੇ ਕਣ ਆਂਦਰਾਂ ਵਿੱਚ ਲੰਮੇ ਸਮੇਂ ਤੱਕ ਰਹਿ ਜਾਂਦੇ ਹਨ, ਜਿਸ ਨਾਲ ਜੀਵਾਣੂਆਂ ਨੂੰ ਉਨ੍ਹਾਂ ਨੂੰ ਫਰਮੈਂਟ ਕਰਨ ਲਈ ਵੱਧ ਸਮਾਂ ਮਿਲਦਾ ਹੈ। ਇਸ ਨਾਲ "ਫੁਲਣ ਦਾ ਅਹਿਸਾਸ, ਭਾਰਾਪਨ, ਕਬਜ਼ ਅਤੇ ਹੋਰ ਲੱਛਣ" ਪੈਦਾ ਹੋ ਸਕਦੇ ਹਨ।

### ਪੋਸ਼ਕ ਤੱਤਾਂ ਦੀ ਜਜ਼ਬੀ ਸਮਰੱਥਾ ਤੇ ਭਰਪੂਰਤਾ ਦਾ ਅਹਿਸਾਸ ਸੁਧਾਰਨਾ

ਚਬਾਉਣ ਦੀ ਕਿਰਿਆ ਭੋਜਨ ਵਿੱਚੋਂ ਪੋਸ਼ਕ ਤੱਤਾਂ ਨੂੰ ਰਿਲੀਜ਼ ਕਰਨ ਵਿੱਚ ਮਦਦ ਕਰਦੀ ਹੈ, ਜਿਸ ਨਾਲ ਸਾਡਾ ਸਰੀਰ ਉਨ੍ਹਾਂ ਨੂੰ ਹੋਰ ਪ੍ਰਭਾਵਸ਼ਾਲੀ ਤਰੀਕੇ ਨਾਲ ਜਜ਼ਬ ਕਰ ਸਕਦਾ ਹੈ।

ਉਦਾਹਰਨ ਵਜੋਂ, 2009 ਦੀ ਇੱਕ ਅਧਿਐਨ ਵਿੱਚ 13 ਸਿਹਤਮੰਦ ਬਾਲਗਾਂ ਨੂੰ ਕਿਹਾ ਗਿਆ ਕਿ ਉਹ ਬਦਾਮਾਂ ਨੂੰ 10, 25 ਜਾਂ 40 ਵਾਰ ਚਬਾਉਣ।

ਜਦੋਂ ਖੋਜਕਾਰਾਂ ਨੇ ਭਾਗੀਦਾਰਾਂ ਦੇ ਮਲ ਦੇ ਨਮੂਨੇ ਇਕੱਠੇ ਕੀਤੇ, ਤਾਂ ਉਨ੍ਹਾਂ ਨੇ ਪਾਇਆ ਕਿ ਜਿੰਨਾ ਜ਼ਿਆਦਾ ਲੋਕਾਂ ਨੇ ਚੱਬਿਆ, ਉਨ੍ਹਾਂ ਨੇ ਉਨੀ ਹੀ ਘੱਟ ਚਰਬੀ ਬਾਹਰ ਕੱਢੀ, ਜਿਸਦਾ ਮਤਲਬ ਸੀ ਕਿ ਨਟਸ ਤੋਂ ਊਰਜਾ ਦੀ ਜਜ਼ਬੀ ਸਮਰੱਥਾ ਤਕਰੀਬਨ ਇੱਕ ਤਿਹਾਈ ਤੱਕ ਵੱਧ ਗਈ ਸੀ।

(ਅਸਲ ਵਿੱਚ, 1900 ਦੇ ਸ਼ੁਰੂ ਵਿੱਚ ਫ਼ਲੇਚਰ ਮੰਨਦੇ ਸੀ ਕਿ ਵੱਧ ਚਬਾਉਣ ਨਾਲ "ਉੱਤਮ ਗੁਣਵੱਤਾ ਵਾਲਾ ਮਲ " ਬਣਦਾ ਹੈ, ਜੋ "ਕਾਫ਼ੀ ਸੁੱਕਾ" ਹੁੰਦਾ ਹੈ ਅਤੇ "ਗਰਮ ਬਿਸਕੁਟ" ਵਰਗੀ ਗੰਧ ਰੱਖਦਾ ਹੈ।)

ਚਬਾਉਣ ਦੀ ਗਿਣਤੀ ਵਧਾ ਕੇ 40 ਵਾਰ ਕਰਨ ਨਾਲ ਭਾਗੀਦਾਰਾਂ ਨੂੰ ਲੰਮੇ ਸਮੇਂ ਤੱਕ ਭਰਪੂਰਤਾ ਦਾ ਅਹਿਸਾਸ ਹੋਇਆ। ਇੱਕ ਵੱਖਰੇ 2013 ਦੀ ਅਧਿਐਨ ਨੇ ਵੀ ਇਸ ਭਰਪੂਰਤਾ ਵਾਲੇ ਸਬੰਧ ਨੂੰ ਦੁਹਰਾਇਆ, ਜਦੋਂ 21 ਭਾਗੀਦਾਰਾਂ ਨੇ ਪਿਜ਼ਾ ਦੇ ਚਿਕਨ-ਨਗੇਟ ਜਿੰਨੇ ਟੁਕੜੇ ਨੂੰ ਨਿਗਲਣ ਤੋਂ ਪਹਿਲਾਂ 15 ਜਾਂ 40 ਵਾਰ ਚੱਬਿਆ, ਤਾਂ ਵੱਧ ਚਬਾਉਣ ਵਾਲੇ ਸਮੂਹ ਵਿੱਚ ਭੁੱਖ ਵਿੱਚ ਕਾਫ਼ੀ ਘਟਾਅ ਦੇਖਿਆ ਗਿਆ।

ਉਨ੍ਹਾਂ ਵਿੱਚ ਸੀਸੀਕੇ ਅਤੇ ਜੀਆਈਪੀ ਹਾਰਮੋਨਾਂ ਦੀ ਮਾਤਰਾ ਵੀ ਵੱਧ ਸੀ, ਜੋ ਆਂਦਰਾਂ ਵਿੱਚ ਪਚਣ ਨੂੰ ਕੰਟ੍ਰੋਲ ਕਰਦੇ ਹਨ, ਨਾਲ ਹੀ "ਭੁੱਖ ਹਾਰਮੋਨ" ਘਰੇਲਿਨ ਦੇ ਪੱਧਰ ਘੱਟ ਸਨ।

ਵੱਧ ਚਬਾਉਣ ਦਾ ਮਤਲਬ ਹੈ ਕਿ ਤੁਸੀਂ ਆਮ ਤੌਰ 'ਤੇ ਘੱਟ ਭੋਜਨ ਖਾਂਦੇ ਹੋ, ਇਹ ਗੱਲ ਲਗਭਗ 50 ਅਧਿਐਨਾਂ ਦੀ ਸਮੀਖਿਆ ਕਰਨ ਵਾਲੀਆਂ ਦੋ ਵੱਖਰੀਆਂ ਮੈਟਾ-ਵਿਸ਼ਲੇਸ਼ਣਾ ਨੇ ਵੀ ਦਰਸਾਈ ਹੈ।

ਇਸ ਦਾ ਕਾਰਨ ਇਹ ਹੈ ਕਿ ਸਰੀਰ ਨੂੰ ਭੁੱਖ ਨਾਲ ਜੁੜੇ ਹਾਰਮੋਨਾਂ ਨੂੰ ਲਗਭਗ 20 ਮਿੰਟ ਦਾ ਸਮਾਂ ਲੱਗਦਾ ਹੈ ਆਪਣੇ ਪੱਧਰ ਢਾਲਣ ਲਈ ਅਤੇ ਦਿਮਾਗ਼ ਨੂੰ ਇਹ ਸੰਕੇਤ ਦੇਣ ਲਈ ਕਿ ਤੁਸੀਂ ਭਰ ਗਏ ਹੋ ਅਤੇ ਚਬਾਉਣਾ ਇਸ ਸਮੇਂ ਨੂੰ ਵਧਾ ਦਿੰਦਾ ਹੈ।

ਇਸੀ ਕਰਕੇ ਕਈ ਡਾਇਟੀਸ਼ਨ ਅਤੇ ਡਾਕਟਰ ਹੌਲੀ ਅਤੇ ਧਿਆਨ ਨਾਲ ਖਾਣ ਦੀ ਸਲਾਹ ਦਿੰਦੇ ਹਨ, ਖ਼ਾਸ ਕਰਕੇ ਜੇ ਤੁਸੀਂ ਵਜ਼ਨ ਘਟਾਉਣ ਦੀ ਕੋਸ਼ਿਸ਼ ਕਰ ਰਹੇ ਹੋ।

ਬ੍ਰਾਜ਼ੀਲ ਦੇ 92 ਬੱਚਿਆਂ 'ਤੇ ਕੀਤੇ ਇੱਕ ਸਰਵੇਖਣ ਵਿੱਚ ਪਾਇਆ ਗਿਆ ਕਿ ਮੋਟਾਪੇ ਵਾਲੇ ਬੱਚੇ ਆਮ ਵਜ਼ਨ ਵਾਲੇ ਬੱਚਿਆਂ ਦੀ ਤੁਲਨਾ ਵਿੱਚ "ਘੱਟ ਚਬਾਉਣ ਦੀਆਂ ਕ੍ਰਮਬੱਧ ਕਿਰਿਆਵਾਂ ਕਰਦੇ ਸਨ ਅਤੇ ਜ਼ਿਆਦਾ ਤੇਜ਼ੀ ਨਾਲ ਖਾਂਦੇ ਸਨ।"

ਖਾਣ ਦੀ ਗਤੀ ਘਟਾਉਣ ਦਾ ਇੱਕ ਵਧੀਆ ਤਰੀਕਾ ਇਹ ਹੈ ਕਿ ਵਧੇਰੇ ਬਣਾਵਟ ਵਾਲੇ (ਟੈਕਸਚਰ ਵਾਲੇ) ਭੋਜਨ ਖਾਧੇ ਜਾਣ।

ਕਈ ਅਧਿਐਨ ਸਿਫਾਰਸ਼ ਕਰਦੇ ਹਨ ਕਿ ਤਰਲਾਂ ਦੀ ਬਜਾਏ ਠੋਸ ਭੋਜਨ ਚੁਣੋ (ਜਿਵੇਂ ਸੰਤਰੇ ਦੇ ਰਸ ਦੀ ਥਾਂ ਸੰਤਰਾ), ਅਤੇ ਘੱਟ ਗਾੜ੍ਹੇ ਭੋਜਨ ਦੀ ਬਜਾਏ ਵੱਧ ਗਾੜ੍ਹੇ ਭੋਜਨ (ਜਿਵੇਂ ਚਿੱਟੇ ਚੌਲ ਜਾਂ ਪਾਸਤਾ ਦੀ ਥਾਂ ਓਟਮੀਲ ਅਤੇ ਫਲੈਕਸੀਡਜ਼)।

ਅਭਿਸ਼ੇਕ ਕੁਮਾਰ ਕਹਿੰਦੇ ਹਨ, "ਭੋਜਨ ਦੀ ਬਣਾਵਟ ਇਸ ਗੱਲ 'ਤੇ ਅਸਰ ਪਾ ਸਕਦੀ ਹੈ ਕਿ ਅਸੀਂ ਕਿੰਨਾ ਭਰਿਆ ਹੋਇਆ ਮਹਿਸੂਸ ਕਰਦੇ ਹਾਂ ਅਤੇ ਇਸ ਤਰ੍ਹਾਂ ਇਹ ਮੋਟਾਪੇ ਨਾਲ ਜੂਝ ਰਹੇ ਲੋਕਾਂ ਨੂੰ ਆਪਣੀ ਖੁਰਾਕ ਘਟਾ ਕੇ ਵਜ਼ਨ ਘਟਾਉਣ ਵਿੱਚ ਮਦਦ ਕਰ ਸਕਦੀ ਹੈ।"

### ਦਿਮਾਗ਼ ਦੀ ਸਿਹਤ ਲਈ ਇੱਕ ਵਾਧੂ ਲਾਭ

ਪੋਸ਼ਣ ਅਤੇ ਪਾਚਨ ਤੋਂ ਇਲਾਵਾ, ਖੋਜਕਾਰ ਹੁਣ ਵਧਦੇ ਤੌਰ 'ਤੇ ਇਹ ਪਤਾ ਲਗਾ ਰਹੇ ਹਨ ਕਿ ਚਬਾਉਣ ਸਾਡੇ ਸਮੁੱਚੇ ਸਿਹਤ ਦੇ ਹੋਰ ਪੱਖਾਂ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ, ਖ਼ਾਸ ਕਰਕੇ ਦਿਮਾਗ਼ ਦੀ ਸਿਹਤ ਵਿੱਚ, ਜਿਵੇਂ-ਜਿਵੇਂ ਅਸੀਂ ਵੱਡੇ ਹੁੰਦੇ ਹਾਂ।

ਅਭਿਸ਼ੇਕ ਕੁਮਾਰ ਕਹਿੰਦੇ ਹਨ ਕਿ "ਬਾਈਟ-ਬ੍ਰੇਨ ਐਕਸਿਸ" ਵਿੱਚ ਦਿਲਚਸਪੀ ਵਧ ਰਹੀ ਹੈ, ਜਿਸਦਾ ਮਤਲਬ ਹੈ ਕਿ ਚਬਾਉਣ ਦੀ ਕਿਰਿਆ ਸਿੱਧੇ ਤੌਰ 'ਤੇ ਦਿਮਾਗ ਦੀ ਸਿਹਤ ਨਾਲ ਜੁੜੀ ਹੋਈ ਹੈ। ਦੰਦਾਂ ਨੂੰ ਗਵਾਉਣਾ ਵੀ ਅਲਜ਼ਾਈਮਰ ਬਿਮਾਰੀ ਅਤੇ ਡਿਮੈਂਸ਼ੀਆ ਦੇ ਵੱਧ ਜੋਖ਼ਮ ਨਾਲ ਜੋੜਿਆ ਗਿਆ ਹੈ।

ਯਾਦਸ਼ਕਤੀ 'ਤੇ ਵੀ ਅਸਰ ਪੈਂਦਾ ਹੈ। ਯੂਰਪ ਦੇ 14 ਦੇਸ਼ਾਂ ਵਿੱਚ 50 ਸਾਲ ਤੋਂ ਵੱਧ ਉਮਰ ਦੇ 28,500 ਤੋਂ ਵੱਧ ਲੋਕਾਂ 'ਤੇ ਕੀਤੇ ਇੱਕ ਸਰਵੇਖਣ ਵਿੱਚ ਪਾਇਆ ਗਿਆ ਕਿ ਜਿਨ੍ਹਾਂ ਲੋਕਾਂ ਦੀ ਚਬਾਉਣ ਦੀ ਸਮਰੱਥਾ ਚੰਗੀ ਸੀ ਉਨ੍ਹਾਂ ਨੇ ਬੋਧਾਤਮਕ ਟੈਸਟਾਂ ਵਿੱਚ ਬਿਹਤਰ ਪ੍ਰਦਰਸ਼ਨ ਕੀਤਾ।

ਉਨ੍ਹਾਂ ਨੇ ਚਬਾਉਣ ਦੀਆਂ ਸਮੱਸਿਆਵਾਂ ਵਾਲੇ ਲੋਕਾਂ ਨਾਲੋਂ ਸ਼ਬਦਾਂ ਨੂੰ ਯਾਦ ਰੱਖਣ, ਮੌਖਿਕ ਰਵਾਨਗੀ ਅਤੇ ਅੰਕਾਂ ਦੇ ਹੁਨਰ ਨੂੰ ਕਾਫ਼ੀ ਬਿਹਤਰ ਢੰਗ ਨਾਲ ਪ੍ਰਦਰਸ਼ਿਤ ਕੀਤਾ।

55 ਤੋਂ 80 ਸਾਲ ਦੀ ਉਮਰ ਦੇ 273 ਸਿਹਤਮੰਦ ਲੋਕਾਂ 'ਤੇ ਕੀਤੇ ਇੱਕ ਅਧਿਐਨ ਵਿੱਚ ਪਾਇਆ ਗਿਆ ਕਿ ਜਿਨ੍ਹਾਂ ਕੋਲ ਆਪਣੇ ਕੁਦਰਤੀ ਦੰਦ ਜ਼ਿਆਦਾ ਸਨ, ਉਨ੍ਹਾਂ ਦੀ ਸੈਮੈਂਟਿਕ ਮੈਮੋਰੀ (ਦੁਨੀਆ ਬਾਰੇ ਗਿਆਨ ਅਤੇ ਤੱਥਾਂ ਨਾਲ ਜੁੜੀ ਯਾਦ) ਅਤੇ ਲੰਬੀ ਮਿਆਦ ਵਾਲੀ ਯਾਦ ਹੋਰ ਬਿਹਤਰ ਸੀ।

ਪਰ ਚਬਾਉਣ ਦੀ ਸਮਰੱਥਾ ਦਾ ਯਾਦਸ਼ਕਤੀ ਨਾਲ ਕੀ ਸਬੰਧ ਹੈ? ਕੁਝ ਖੋਜਕਾਰ ਸਾਡੇ ਚਬਾਉਣ ਵਾਲੇ ਸਿਸਟਮ ਅਤੇ ਹਿਪੋਕੈਂਪਸ ਵਿੱਚ ਮੌਜੂਦ ਕਈ ਨਿਊਰਲ ਸਰਕਿਟਾਂ ਵੱਲ ਇਸ਼ਾਰਾ ਕਰਦੇ ਹਨ।

ਹਿਪੋਕੈਂਪਸ ਤੋਂ ਭਾਵ ਦਿਮਾਗ਼ ਦਾ ਉਹ ਹਿੱਸਾ ਜੋ ਨਵੀਆਂ ਯਾਦਾਂ ਬਣਾਉਣ ਅਤੇ ਸਪੇਸ਼ਲ ਲਰਨਿੰਗ ਲਈ ਜ਼ਿੰਮੇਵਾਰ ਹੁੰਦਾ ਹੈ ਅਤੇ ਜੋ ਅਲਜ਼ਾਈਮਰ ਨਾਲ ਸਭ ਤੋਂ ਪਹਿਲਾਂ ਪ੍ਰਭਾਵਿਤ ਹੁੰਦਾ ਹੈ।

ਹੋਰ ਵਿਗਿਆਨੀ ਮੰਨਦੇ ਹਨ ਕਿ ਚਬਾਉਣ, ਖਾਸ ਕਰਕੇ ਥੋੜ੍ਹੇ ਕਠੋਰ ਭੋਜਨ ਨੂੰ ਚਬਾਉਣ ਨਾਲ, ਦਿਮਾਗ ਵਿੱਚ ਖ਼ੂਨ ਦਾ ਵਹਾਅ ਵਧ ਸਕਦਾ ਹੈ, ਜਿਵੇਂ ਜਪਾਨੀ ਖੋਜਕਾਰਾਂ ਨੇ ਗਮ ਚਬਾਉਣ ਵਾਲਿਆਂ 'ਤੇ ਕੀਤੇ ਪ੍ਰਯੋਗਾਂ ਵਿੱਚ ਦਰਸਾਇਆ।

ਟਰੁਲਸਨ ਸਮਝਾਉਂਦੇ ਹਨ, "ਸਿਧਾਂਤ ਇਹ ਹੈ ਕਿ ਚਬਾਉਣ ਇੱਕ ਪੰਪ ਵਾਂਗ ਕੰਮ ਕਰਦਾ ਹੈ, ਜੋ ਦਿਮਾਗ਼ ਵੱਲ ਖ਼ੂਨ ਪੰਪ ਕਰਦਾ ਹੈ।"

ਉਹ ਕਹਿੰਦੇ ਹਨ ਕਿ ਇਹ ਦਿਮਾਗ਼ ਨੂੰ ਤੇਜ਼ ਅਤੇ ਚੰਗੀ ਤਰ੍ਹਾਂ ਕੰਮ ਕਰਨ ਵਿੱਚ ਮਦਦ ਕਰਦਾ ਹੈ।

ਇਹ ਜਾਣਨ ਲਈ ਕਿ ਕੀ ਚਬਾਉਣ ਦੀ ਕਮਜ਼ੋਰੀ ਅਸਲ ਵਿੱਚ ਬੌਧਾਤਮਕ ਘੱਟ ਹੋਣ ਦਾ ਕਾਰਨ ਬਣ ਸਕਦੀ ਹੈ ਅਤੇ ਕੀ ਇਸ ਦਾ ਇਲਾਜ ਸੰਭਵ ਹੈ। ਟਰੁਲਸਨ ਦੀ ਟੀਮ ਇਸ ਸਮੇਂ ਇੱਕ ਪ੍ਰਯੋਗ ਕਰ ਰਹੀ ਹੈ, ਜਿਸ ਵਿੱਚ ਮਰੀਜ਼ਾਂ ਦੇ ਗਵਾਚੇ ਦੰਦਾਂ ਨੂੰ ਇੰਪਲਾਂਟ ਨਾਲ ਬਦਲਿਆ ਜਾ ਰਿਹਾ ਹੈ ਅਤੇ ਫਿਰ ਉਨ੍ਹਾਂ ਦੇ ਦਿਮਾਗ਼ੀ ਫੰਕਸ਼ਨ ਦੀ ਸਰਜਰੀ ਤੋਂ ਪਹਿਲਾਂ ਅਤੇ ਇੱਕ ਸਾਲ ਤੱਕ ਨਿਗਰਾਨੀ ਕੀਤੀ ਜਾ ਰਹੀ ਹੈ।

ਐੱਮਆਰਆਈ ਦਿਮਾਗੀ ਸਕੈਨ ਵੀ ਵਰਤੇ ਜਾਣਗੇ ਤਾਂ ਜੋ ਇਹ ਦੇਖਿਆ ਜਾ ਸਕੇ ਕਿ ਖ਼ਰਾਬ ਖ਼ੂਨ ਪ੍ਰਵਾਹ ਨਾਲ ਜੁੜੇ ਦਿਮਾਗੀ ਨਿਸ਼ਾਨ (ਵ੍ਹਾਈਟ ਮੈਟਰ ਲੀਜ਼ਨ), ਜੋ ਦਿਮਾਗ ਦੀ ਖ਼ੂਨ-ਨਲੀਆਂ ਦੀ ਕਮਜ਼ੋਰ ਸਿਹਤ ਦਾ ਸੰਕੇਤ ਹੁੰਦੇ ਹਨ, ਇਲਾਜ ਨਾਲ ਘਟਦੇ ਹਨ ਜਾਂ ਨਹੀਂ।

ਟਰੁਲਸਨ ਕਹਿੰਦੇ ਹਨ, "ਕੀ ਇਹ ਬਹੁਤ ਵਧੀਆ ਨਹੀਂ ਹੋਵੇਗਾ ਜੇ ਅਸੀਂ ਦੰਦਾਂ ਦੇ ਇਲਾਜ ਰਾਹੀਂ ਦਿਮਾਗ ਨੂੰ ਵੀ ਠੀਕ ਕਰ ਸਕੀਏ?" ਉਹ ਹੁਣ ਤੱਕ ਆਪਣੇ ਟ੍ਰਾਇਲ ਲਈ 80 ਤੋਂ ਵੱਧ ਮਰੀਜ਼ ਭਰਤੀ ਕਰ ਚੁੱਕੇ ਹਨ।

### ਵਧਦੀ ਸੁਚੇਤਤਾ

ਕੁਝ ਹਾਲਾਤਾਂ ਵਿੱਚ, ਆਮ ਲੋਕਾਂ ਵਿੱਚ ਵੀ ਚਬਾਉਣ ਨਾਲ ਧਿਆਨ ਕੇਂਦ੍ਰਿਤ ਕਰਨ ਦੀ ਸਮਰੱਥਾ ਵਧਦੀ ਦੇਖੀ ਗਈ ਹੈ।

ਕੁਝ ਮਾਮਲਿਆਂ ਵਿੱਚ, ਚਬਾਉਣ ਨਾਲ ਆਮ ਆਬਾਦੀ ਵਿੱਚ ਇਕਾਗਰਤਾ ਵਿੱਚ ਸੁਧਾਰ ਹੁੰਦਾ ਪਾਇਆ ਗਿਆ ਹੈ।

21 ਅਧਿਐਨਾਂ ਵਾਲੇ ਇੱਕ ਮੈਟਾ-ਵਿਸ਼ਲੇਸ਼ਣ ਨੇ ਕੁਝ ਬੋਧਾਤਮਕ ਤੌਰ 'ਤੇ ਮੰਗ ਵਾਲੇ ਕੰਮਾਂ ਦੌਰਾਨ ਚਬਾਉਣ ਵਾਲੇ ਨਾ ਹੋਣ ਵਾਲਿਆਂ ਦੇ ਮੁਕਾਬਲੇ ਚਬਾਉਣ ਵਾਲੇ ਭਾਗੀਦਾਰਾਂ ਦੇ ਧਿਆਨ ਦੇ ਪੱਧਰ ਵਿੱਚ ਇੱਕ ਕਮਜ਼ੋਰ ਪਰ ਅੰਕੜਾਤਮਕ ਤੌਰ 'ਤੇ ਮਹੱਤਵਪੂਰਨ ਸੁਧਾਰ ਦਾ ਪਤਾ ਲਗਾਇਆ।

ਇੱਕ ਹੋਰ ਅਲੱਗ ਅਧਿਐਨ ਵਿੱਚ 80 ਭਾਗੀਦਾਰਾਂ 'ਤੇ ਪਾਇਆ ਗਿਆ ਕਿ ਚਬਾਉਣ ਨਾਲ ਮਾਨਸਿਕ ਕੰਮਾਂ ਦੌਰਾਨ ਸਚੇਤਤਾ ਵਿੱਚ 10% ਵਾਧਾ ਹੋਇਆ। ਗਮ ਚਬਾਉਣ ਵਾਲਿਆਂ ਨੇ ਇੰਟੈਲੀਜੈਂਸ ਟੈਸਟ ਵਿੱਚ ਵੀ ਵਧੀਆ ਪ੍ਰਦਰਸ਼ਨ ਕੀਤਾ।

ਟਰੁਲਸਨ ਕਹਿੰਦੇ ਹਨ ਕਿ ਵਿਗਿਆਨੀ "ਅਜੇ ਤੱਕ ਪੂਰੀ ਤਰ੍ਹਾਂ ਨਹੀਂ ਜਾਣਦੇ ਕਿ ਇਹ ਕਿਵੇਂ ਕੰਮ ਕਰਦਾ ਹੈ", ਪਰ ਚਬਾਉਣ ਅਤੇ ਵਧੀ ਹੋਈ ਧਿਆਨ ਸਮਰੱਥਾ ਵਿਚਕਾਰ ਸਬੰਧ ਕਾਫ਼ੀ ਮਜ਼ਬੂਤ ਹੈ, ਪਰ ਇੱਕ ਗੱਲ ਧਿਆਨਯੋਗ ਹੈ, "ਇਹ ਪ੍ਰਭਾਵ ਸ਼ਾਇਦ 15 ਤੋਂ 20 ਮਿੰਟ ਤੋਂ ਵੱਧ ਨਹੀਂ ਰਹਿੰਦਾ।" ਹਾਲਾਂਕਿ ਇਸਦਾ ਕਾਰਨ ਸਪਸ਼ਟ ਨਹੀਂ ਹੈ।

ਇੱਕ ਹੋਰ ਪ੍ਰਯੋਗ ਵਿੱਚ, ਜਵਾਨਾਂ ਨੂੰ ਚਾਰ ਕੰਪਿਊਟਰ ਟਾਸਕ ਇਕੱਠੇ ਕਰਨ ਲਈ ਕਿਹਾ ਗਿਆ।

ਗਮ ਚਬਾਉਣ ਵਾਲਿਆਂ ਵਿੱਚ ਸਚੇਤਤਾ ਲਗਭਗ 20% ਵੱਧ ਪਾਈ ਗਈ। ਇਸਦੇ ਨਾਲ ਹੀ ਉਨ੍ਹਾਂ ਵਿੱਚ ਚਿੰਤਾ, ਤਣਾਅ ਅਤੇ ਲਾਰ ਵਿੱਚ ਕੋਰਟੀਸੋਲ (ਤਣਾਅ ਦਾ ਮਾਪਣ ਵਾਲਾ ਹਾਰਮੋਨ ) ਦੇ ਪੱਧਰ ਘੱਟ ਸਨ।

### ਤਣਾਅ ਘਟਾਉਣਾ

ਲੈਬ ਤੋਂ ਬਾਹਰ ਵੀ ਚਬਾਉਣਾ ਤਣਾਅ ਘਟਾਉਣ ਵਿੱਚ ਮਦਦਗਾਰ ਹੈ। ਤੁਰਕੀ ਦੇ ਖੋਜਕਾਰਾਂ ਨੇ ਜਦੋਂ ਮਿਡ-ਟਰਮ ਇਮਤਿਹਾਨਾਂ ਦੀ ਤਿਆਰੀ ਕਰ ਰਹੇ 100 ਨਰਸਿੰਗ ਦੇ ਵਿਦਿਆਰਥੀਆਂ ਦਾ ਅਧਿਐਨ ਕੀਤਾ ਤਾਂ ਪਾਇਆ ਕਿ ਜਿਨ੍ਹਾਂ ਨੇ ਘੱਟੋ-ਘੱਟ 30 ਮਿੰਟ ਰੋਜ਼ ਗਮ ਚੱਬੀ, ਉਨ੍ਹਾਂ ਵਿੱਚ ਤਣਾਅ, ਚਿੰਤਾ ਅਤੇ ਡਿਪ੍ਰੈਸ਼ਨ ਦੇ ਪੱਧਰ ਘੱਟ ਸਨ।

ਭਾਵੇਂ ਉਨ੍ਹਾਂ ਨੇ ਇਮਤਿਹਾਨ ਤੋਂ 15 ਦਿਨ ਪਹਿਲਾਂ ਗਮ ਚਬਾਉਣਾ ਸ਼ੁਰੂ ਕੀਤਾ ਹੋਵੇ ਜਾਂ ਸਿਰਫ਼ 2 ਦਿਨ ਪਹਿਲਾਂ।

ਕੋਰੀਆ ਵਿੱਚ ਚੋਣਵੇਂ ਗਾਇਨੀਕੋਲੋਜੀਕਲ ਸਰਜਰੀ ਕਰਵਾਉਣ ਵਾਲੀਆਂ ਔਰਤਾਂ ਦੇ ਦੋ ਵੱਖ-ਵੱਖ ਸਮੂਹਾਂ ਲਈ, ਗਮ ਚਬਾਉਣ ਨਾਲ ਉਨ੍ਹਾਂ ਦੀ ਸਰਜਰੀ ਤੋਂ ਪਹਿਲਾਂ ਦੀ ਚਿੰਤਾ ਨੂੰ ਘਟਾਉਣ ਵਿੱਚ ਮਦਦ ਮਿਲੀ। ਇਸਦਾ ਇਹ ਪ੍ਰਭਾਵ 73 ਤੁਰਕੀ ਬੱਚਿਆਂ 'ਤੇ ਵੀ ਪਿਆ ਜਿਨ੍ਹਾਂ ਨੂੰ ਨਾੜੀ ਵਿੱਚ ਕੈਨੂਲਾ ਪਾਇਆ ਜਾ ਰਿਹਾ ਸੀ।

ਸਿੰਗਾਪੁਰ ਦੀ ਏਜੰਸੀ ਫਾਰ ਸਾਇੰਸ, ਟੈਕਨੋਲੋਜੀ ਐਂਡ ਰਿਸਰਚ ਦੇ ਓਰਲ ਪ੍ਰੋਸੈਸਿੰਗ ਖੋਜਕਾਰ ਜਿਆਂਸ਼ੇ ਚੇਨ ਕਹਿੰਦੇ ਹਨ ਕਿ ਚਬਾਉਣਾ ਤਣਾਅ ਵਾਲੀਆਂ ਸਥਿਤੀਆਂ ਵਿੱਚ ਇੱਕ ਕੁਦਰਤੀ ਪ੍ਰਤੀਕਿਰਿਆ ਵਾਂਗ ਲੱਗਦਾ ਹੈ।

ਉਹ ਕਹਿੰਦੇ ਹਨ, "ਜਦੋਂ ਕੁਝ ਲੋਕ ਤਣਾਅ ਵਿੱਚ ਹੁੰਦੇ ਹਨ, ਉਹ ਬਿਨਾਂ ਸੋਚੇ-ਸਮਝੇ ਚਬਾਉਣਾ ਸ਼ੁਰੂ ਕਰ ਦਿੰਦੇ ਹਨ।" ਦੰਦ ਪੀਸਣਾ ਜਾਂ ਬ੍ਰੂਕਸਿਜ਼ਮ, ਜੋ ਚਬਾਉਣ ਵਾਲੀਆਂ ਹੀ ਜਬੜੇ ਦੀਆਂ ਮਾਸਪੇਸ਼ੀਆਂ ਵਰਤਦਾ ਹੈ ਅਤੇ ਲਗਭਗ ਹਰ 10 ਵਿੱਚੋਂ 1 ਬਾਲਗ ਨੂੰ ਪ੍ਰਭਾਵਿਤ ਕਰਦਾ ਹੈ, ਆਮ ਤੌਰ 'ਤੇ ਤਣਾਅ ਅਤੇ ਚਿੰਤਾ ਨਾਲ ਜੁੜਿਆ ਹੁੰਦਾ ਹੈ।

ਪਰ ਇਸ ਮਾਮਲੇ ਵਿੱਚ ਵਿਗਿਆਨਕ ਡਾਟਾ ਪੂਰੀ ਤਰ੍ਹਾਂ ਸਪਸ਼ਟ ਨਹੀਂ ਹੈ।

ਚੇਨ ਕਹਿੰਦੇ ਹਨ ਕਿ ਚਬਾਉਣ ਅਤੇ ਮਨ ਦੇ ਸ਼ਾਂਤ ਹੋਣ ਵਿਚਕਾਰ ਸਬੰਧ ਬਾਰੇ ਸਬੂਤ "ਖਿੱਲਰੇ ਹੋਏ" ਹਨ।


ਉਹ ਕਹਿੰਦੇ ਹਨ ਕਿ ਅਜੇ ਵੀ ਸਾਨੂੰ "ਇਸ ਗੱਲ ਨੂੰ ਪੱਕਾ ਕਰਨ ਲਈ ਕਾਫ਼ੀ ਪ੍ਰਣਾਲੀਬੱਧ ਅਧਿਐਨ ਨਹੀਂ ਮਿਲੇ" ਕਿ ਇਸਦਾ ਮਜ਼ਬੂਤ ਸਬੰਧ ਹੈ।

ਉਪਰੋਕਤ ਕੋਰੀਆਈ ਖੋਜਕਾਰ ਵੱਲੋਂ ਕੀਤੇ ਗਏ ਇੱਕ ਹੋਰ ਅਧਿਐਨ ਵਿੱਚ ਦੇਖਿਆ ਗਿਆ ਕਿ ਗਮ ਚਬਾਉਣ ਨਾਲ ਉਹ ਚਿੰਤਾ ਘੱਟ ਨਹੀਂ ਹੋਈ ਜੋ ਗਰਭਵਤੀ ਔਰਤਾਂ ਨੂੰ ਚੋਣਵੀਂ ਸੀਜੇਰੀਅਨ ਸੈਕਸ਼ਨ ਲਈ ਓਪਰੇਸ਼ਨ ਥੀਏਟਰ ਵੱਲ ਲੈ ਕੇ ਜਾਂਦੇ ਸਮੇਂ ਹੁੰਦੀ ਸੀ। ਇਸ ਨਾਲ ਉਨ੍ਹਾਂ ਲੋਕਾਂ ਦੇ ਤਣਾਅ 'ਤੇ ਵੀ ਕੋਈ ਖ਼ਾਸ ਅਸਰ ਨਹੀਂ ਪਿਆ ਜੋ ਇੱਕ ਅਣਸੁਲਝੀ ਸ਼ਬਦ ਪਹੇਲੀ 'ਤੇ ਕੰਮ ਕਰ ਰਹੇ ਸਨ।



# ਦੁਨੀਆ ਦੀ ਪਹਿਲੀ ਵੈਕਸੀਨ ਏਆਈ ਨੇ ਤਿਆਰ ਕੀਤੀ; ਇਹ ਪ੍ਰਯੋਗ ਲੋਕਾਂ ਦੀਆਂ ਜਾਨਾਂ ਬਚਾ ਸਕਦਾ ਹੈ

ਖੋਜਕਾਰਾਂ ਮੁਤਾਬਕ ਆਰਟੀਫੀਸ਼ੀਅਲ ਇੰਟੈਲੀਜੈਂਸ ਯਾਨੀ ਏਆਈ ਦੀ ਮਦਦ ਨਾਲ ਇੱਕ ਬਿਲਕੁੱਲ ਨਵੀਂ ਕਿਸਮ ਦੀ ਵੈਕਸੀਨ ਤਿਆਰ ਕੀਤੀ ਗਈ ਹੈ ਜੋ ਵਾਇਰਸਾਂ ਦੇ ਕਈ ਸਮੂਹਾਂ ਤੋਂ ਬਚਾਅ ਕਰ ਸਕਦੀ ਹੈ ਅਤੇ ਮਹਾਂਮਾਰੀਆਂ ਨੂੰ ਫੈਲਣ ਤੋਂ ਰੋਕਣ ਵਿੱਚ ਮਦਦ ਕਰ ਸਕਦੀ ਹੈ।



ਯੂਨੀਵਰਸਿਟੀ ਆਫ ਕੈਂਬ੍ਰਿਜ ਦੇ ਖੋਜਕਾਰਾਂ ਦੀ ਟੀਮ ਮੁਤਾਬਕ ਪਹਿਲੀ ਵਾਰ ਕਿਸੇ ਵੈਕਸੀਨ ਦਾ ਮੁੱਖ ਤੱਤ ਪੂਰੇ ਤਰੀਕੇ ਨਾਲ ਏਆਈ ਵੱਲੋਂ ਡਿਜ਼ਾਈਨ ਕੀਤਾ ਗਿਆ ਹੈ ਅਤੇ ਫਿਰ ਇਸ ਦਾ ਟ੍ਰਾਇਲ ਇਨਸਾਨਾਂ 'ਤੇ ਕੀਤਾ ਗਿਆ ਹੈ।

ਇਸ ਵੈਕਸੀਨ ਨੂੰ ਇਸ ਤਰੀਕੇ ਨਾਲ ਤਿਆਰ ਕੀਤਾ ਗਿਆ ਹੈ ਤਾਂ ਜੋ ਇਹ ਸਾਰੇ ਕੋਰੋਨਾ ਵਾਇਰਸ ਜਿਸ ਵਿੱਚ ਕੋਵਿਡ ਦੇ ਸਾਰੇ ਵੈਰੀਏਂਟ ਅਤੇ ਵਾਇਰਸ ਸ਼ਾਮਿਲ ਹਨ, ਜੋ ਮੌਜੂਦਾ ਸਮੇਂ ਵਿੱਚ ਸਿਰਫ ਜਾਨਵਰਾਂ ਨੂੰ ਪ੍ਰਭਾਵਿਤ ਕਰਦੇ ਹਨ ਪਰ ਭਵਿੱਖ ਵਿੱਚ ਮਹਾਂਮਾਰੀ ਫੈਲਾਉਣ ਦੀ ਸਮਰੱਥਾ ਰੱਖਦੇ ਹਨ, ਉਨ੍ਹਾਂ ਦਾ ਮੁਕਾਬਲਾ ਕਰ ਸਕੇ।

ਹਾਲਾਂਕਿ ਇਹ ਖੋਜ ਅਜੇ ਸ਼ੁਰੂਆਤੀ ਪੜਾਅ 'ਚ ਹੈ ਪਰ ਵਿਗਿਆਨੀਆਂ ਦੀ ਟੀਮ ਫਲੂ ਅਤੇ ਈਬੋਲਾ ਦੇ ਇਲਾਜ ਲਈ ਵੈਕਸੀਨ 'ਤੇ ਵੱਖਰੇ ਤੌਰ 'ਤੇ ਪਹਿਲਾਂ ਤੋਂ ਹੀ ਕੰਮ ਕਰ ਰਹੀ ਹੈ।

ਵੈਕਸੀਨ ਸਾਡੇ ਸਰੀਰ ਨੂੰ ਇਹ ਸਿਖਾਉਂਦੀਆਂ ਹਨ ਕਿ ਕਿਸੇ ਸੰਕਰਮਣ ਦੀ ਪਛਾਣ ਕਿਵੇਂ ਕਰਨੀ ਹੈ ਤਾਂ ਜੋ ਉਸ ਨਾਲ ਲੜਨ ਦੀ ਸਾਡੀ ਸਮਰੱਥਾ ਵਧ ਸਕੇ।

ਪਰ ਕੁਝ ਵਾਇਰਸ ਆਪਣੀ ਬਣਤਰ ਜਾਂ ਰੂਪ ਨੂੰ ਬਦਲਣ ਵਿੱਚ ਬਹੁਤ ਮਾਹਰ ਹੁੰਦੇ ਹਨ। ਇਸ ਕਾਰਨ ਵੈਕਸੀਨਾਂ ਜਲਦੀ ਪੁਰਾਣੀਆਂ ਜਾਂ ਘੱਟ ਪ੍ਰਭਾਵਸ਼ਾਲੀ ਹੋ ਸਕਦੀਆਂ ਹਨ। ਇਹੀ ਵਜ੍ਹਾ ਹੈ ਕਿ ਕੋਵਿਡ-19 ਅਤੇ ਮੌਸਮੀ ਫਲੂ ਦੀਆਂ ਵੈਕਸੀਨਾਂ ਨੂੰ ਨਿਯਮਿਤ ਤੌਰ 'ਤੇ ਅਪਡੇਟ ਕਰਨ ਦੀ ਲੋੜ ਪੈਂਦੀ ਹੈ।

ਯੂਨੀਵਰਸਿਟੀ ਆਫ ਕੈਂਬ੍ਰਿਜ ਦੇ ਪ੍ਰੋਫੈਸਰ ਜੋਨਾਥਨ ਹੀਨੀ ਕਹਿੰਦੇ ਹਨ, "ਅਸੀਂ ਹਮੇਸ਼ਾ ਪਿੱਛੇ ਹੁੰਦੇ ਹਾਂ। ਹਾਲਾਂਕਿ ਸਾਡੀ ਇਹ ਕੋਸ਼ਿਸ਼ ਹੈ ਕਿ ਅਸੀਂ ਹਾਲਾਤਾਂ ਤੋਂ ਅੱਗੇ ਰਹੀਏ। ਇੰਨਾ ਅੱਗੇ ਕਿ ਅਸੀਂ
ਕਿਸੇ ਮਹਾਂਮਾਰੀ ਨੂੰ ਫੈਲਣ ਤੋਂ ਪਹਿਲਾਂ ਹੀ ਰੋਕ ਸਕੀਏ।"

ਇਹ ਕੰਮ ਕਿਵੇਂ ਕਰਦਾ ਹੈ ?

ਆਮ ਤੌਰ 'ਤੇ ਵੈਕਸੀਨ ਵਾਇਰਸ ਦੇ ਮੌਜੂਦਾ ਸਟ੍ਰੇਨ ਜਾਂ ਕਿਸਮ ਦਾ ਇਸਤੇਮਾਲ ਕਰਕੇ ਡਿਜ਼ਾਈਨ ਕੀਤੀਆਂ ਜਾਂਦੀਆਂ ਹਨ।

ਕੈਂਬ੍ਰਿਜ ਦੇ ਖੋਜਕਾਰਾਂ ਨੇ ਵੱਖ-ਵੱਖ ਕੋਰੋਨਾ ਵਾਇਰਸ ਦੇ ਜਾਣੇ-ਪਛਾਣੇ ਜੈਨੇਟਿਕ ਕੋਡ ਇਕੱਠੇ ਕੀਤੇ। ਇਹ ਕੋਡ ਉਨ੍ਹਾਂ ਨਿਗਰਾਨੀ ਪ੍ਰੋਗਰਾਮਾਂ ਵੱਲੋਂ ਦਰਜ ਕੀਤੇ ਗਏ ਸਨ ਜੋ ਸੰਭਾਵੀ ਵਾਇਰਲ ਖਤਰਿਆਂ ਦੀ ਪਛਾਣ ਅਤੇ ਨਿਗਰਾਨੀ ਲਈ ਕੰਮ ਕਰ ਰਹੇ ਸਨ।

ਆਰਟੀਫੀਸ਼ੀਅਲ ਇੰਟੈਲੀਜੈਂਸ ਯਾਨੀ ਏਆਈ ਵੱਲੋਂ ਇਨ੍ਹਾਂ ਜੈਨੇਟਿਕ ਕੋਡਸ ਦਾ ਅਧਿਐਨ ਕੀਤਾ ਗਿਆ। ਜਿਸ ਤੋਂ ਬਾਅਦ ਏਆਈ ਵੱਲੋਂ ਇੱਕ ਅਜਿਹੀ "ਸੁਪਰ ਐਂਟੀਜਨ" ਡਿਜ਼ਾਈਨ ਕੀਤੀ ਗਈ ਜੋ ਇਮਿਊਨ ਸਿਸਟਮ ਨੂੰ ਇਸ ਪੂਰੀ ਵਾਇਰਲ ਫੈਮਿਲੀ ਤੋਂ ਸੁਰੱਖਿਆ ਪ੍ਰਦਾਨ ਕਰ ਸਕਦੀ ਹੈ, ਬੇਸ਼ੱਕ ਬਾਅਦ ਵਿੱਚ ਇਨ੍ਹਾਂ ਦੀ ਬਣਤਰ ਵਿੱਚ ਬਦਲਾਅ ਆ ਜਾਵੇ ਜਾਂ ਜਾਨਵਰਾਂ ਤੋਂ ਇਨਸਾਨਾਂ ਵਿੱਚ ਕੋਈ ਨਵਾਂ ਵਾਇਰਸ ਆ ਜਾਵੇ।

ਐਂਟੀਜਨ ਕਿਸੇ ਵੀ ਵੈਕਸੀਨ ਦਾ ਅਹਿਮ ਹਿੱਸਾ ਹੁੰਦੇ ਹਨ ਜੋ ਇਮਿਊਨ ਸਿਸਟਮ ਨੂੰ ਵਾਇਰਸ ਤੋਂ ਲੜਨਾ ਸਿਖਾਉਂਦੇ ਹਨ।

ਪ੍ਰੋ. ਹੀਨੀ ਦੱਸਦੇ ਹਨ ਕਿ ਅਜਿਹਾ ਪਹਿਲੀ ਵਾਰ ਹੋਇਆ ਹੈ ਜਦੋਂ ਏਆਈ ਵੱਲੋਂ ਡਿਜ਼ਾਈਨ ਐਂਟੀਜਨ ਦਾ ਇਨਸਾਨਾਂ 'ਤੇ ਟ੍ਰਾਇਲ ਕੀਤਾ ਗਿਆ ਹੈ। ਉਹ ਕਹਿੰਦੇ ਹਨ ਕਿ ਇਹ ਤਕਨੀਕ ਸਾਨੂੰ ਸਾਰਿਆਂ ਨੂੰ "ਹੈਰਾਨ ਕਰਨ ਵਾਲੀ" ਸੀ ਅਤੇ ਭਵਿੱਖ ਵਿੱਚ ਇਸਦਾ ਇਸਤੇਮਾਲ ਮਨੁੱਖਤਾ ਦੀ ਭਲਾਈ ਲਈ ਕੀਤਾ ਜਾ ਸਕਦਾ ਹੈ।

"ਇਹ ਮਹਾਂਮਾਰੀਆਂ ਤੋਂ ਬਚਾਅ ਲਈ ਸਾਡੀ ਸੁਰੱਖਿਆ ਪ੍ਰਣਾਲੀ ਵਿੱਚ ਆਉਣ ਵਾਲਾ ਬੁਨਿਆਦੀ ਬਦਲਾਅ ਹੈ।"

ਵੈਕਸੀਨ ਰਿਸਰਚ ਖੇਤਰ 'ਚ ਏਆਈ ਦਾ ਭਵਿੱਖ

ਇਹ ਜਾਨਣ ਲਈ ਕਿ ਇਹ ਵੈਕਸੀਨ ਕਿੰਨੀ ਸੁਰੱਖਿਅਤ ਹੈ, 39 ਲੋਕਾਂ 'ਤੇ ਇਸ ਦੇ ਟ੍ਰਾਇਲ ਕੀਤੇ ਗਏ। ਦੂਜਾ ਅਧਿਐਨ ਜਿਸ ਵਿੱਚ 200 ਲੋਕਾਂ ਨੂੰ ਸ਼ਾਮਿਲ ਕੀਤਾ ਗਿਆ ਹੈ, ਹੋਰ ਬਿਹਤਰ ਤਰੀਕੇ ਨਾਲ ਦੱਸ ਸਕੇਗਾ ਕਿ ਇਹ ਵੈਕਸੀਨ ਸਾਡੇ ਇਮਿਊਨ ਸਿਸਟਮ ਨੂੰ ਵਾਇਰਸ ਨਾਲ ਲੜਨ ਦੀ ਸਿਖਲਾਈ ਦੇਣ ਵਿੱਚ ਕਿੰਨੀ ਕਾਰਗਰ ਹੈ।

ਜਨਰਲ ਆਫ ਇਨਫੈਕਸ਼ਨ ਵਿੱਚ ਪ੍ਰਕਾਸ਼ਿਤ ਅਧਿਐਨ ਦੇ ਨਤੀਜਿਆਂ ਅਨੁਸਾਰ, ਇਸ ਵੈਕਸੀਨ ਦਾ ਇਮਿਊਨ ਸਿਸਟਮ 'ਤੇ ਅਸਰ "ਮੱਧਮ ਪੱਧਰ" ਦਾ ਰਿਹਾ ਪਰ ਇਸ ਦੇ ਬਾਵਜੂਦ ਇਸ ਖੋਜ ਨੂੰ ਲੈਕੇ ਕਾਫੀ ਉਤਸਾਹ ਹੈ।

ਯੂਨੀਵਰਸਿਟੀ ਆਫ ਸਾਊਥੈਂਪਟਨ ਵਿੱਚ ਕੁਝ ਟ੍ਰਾਇਲ ਕਰਨ ਵਾਲੇ ਪ੍ਰੋਫੈਸਰ ਸੋਲ ਫਾਊਸਟ ਨੇ ਕਿਹਾ ਕਿ ਏਆਈ ਵੱਲੋਂ ਤਿਆਰ ਇਸ ਡਿਜ਼ਾਈਨ ਵਿੱਚ "ਵਾਕਈ ਸਮਰੱਥਾ" ਹੈ ਅਤੇ ਇਹ "ਬੇਹੱਦ ਰੋਮਾਂਚਕ" ਹੈ।

ਉਨ੍ਹਾਂ ਨੇ ਨੂੰ ਦੱਸਿਆ, "ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਜਦੋਂ ਵਾਇਰਸ ਲਗਾਤਾਰ ਬਦਲ ਰਹੇ ਹੁੰਦੇ ਹਨ ਤਾਂ ਇਹ ਤਕਨੀਕ ਸੰਭਾਵੀ ਮਹਾਂਮਾਰੀਆਂ ਲਈ ਵੈਕਸੀਨ ਡਿਜ਼ਾਈਨ ਕਰਨ ਵਿੱਚ ਕਾਫ਼ੀ ਬਿਹਤਰ ਸਾਬਤ ਹੋ ਸਕਦੀ ਹੈ।"

ਕੈਂਬ੍ਰਿਜ ਦੀ ਟੀਮ ਇਸ ਵੇਲੇ ਜਾਨਵਰਾਂ 'ਤੇ ਇੱਕ ਅਜਿਹੀ ਯੂਨੀਵਰਸਲ ਮੌਸਮੀ ਫਲੂ ਵੈਕਸੀਨ ਦਾ ਟ੍ਰਾਇਲ ਕਰ ਰਹੀ ਹੈ ਜਿਸਨੂੰ ਹਰ ਸਾਲ ਬਦਲਣਾ ਨਹੀਂ ਪਵੇਗਾ। ਇਸ ਤੋਂ ਇਲਾਵਾ,5'1-ਬਰਡ ਫਲੂ ਵੈਕਸੀਨ 'ਤੇ ਕੰਮ ਕੀਤਾ ਜਾ ਰਿਹਾ ਹੈ ਤਾਂ ਜੋ ਜੇਕਰ ਇਹ ਵਾਇਰਸ ਜੋ ਮੌਜੂਦਾ ਸਮੇਂ ਵਿੱਚ ਪੰਛੀਆਂ ਲਈ ਘਾਤਕ ਸਾਬਿਤ ਹੋ ਰਿਹਾ, ਉਹ ਇਨਸਾਨਾਂ ਵਿੱਚ ਫੈਲਣ ਲੱਗੇ ਤਾਂ ਇਸ ਨਾਲ ਨਜਿੱਠਿਆ ਜਾ ਸਕੇ।

ਇਸ ਤੋਂ ਇਲਾਵਾ ਵਾਇਰਲ ਹੈਮੋਰਾਜਿਕ ਬੁਖਾਰ ਲਈ ਵੀ ਵੈਕਸੀਨ ਵਿਕਸਿਤ ਕਰਨ ਦੀ ਕੋਸ਼ਿਸ਼ ਹੋ ਰਹੀ ਹੈ, ਜਿਸ ਵਿੱਚ ਈਬੋਲਾ ਵਾਇਰਸ ਦੀਆਂ ਵੱਖ-ਵੱਖ ਕਿਸਮਾਂ ਸ਼ਾਮਲ ਹਨ। ਇਸ ਵੇਲੇ ਡੈਮੋਕ੍ਰੇਟਿਕ ਰਿਪਬਲਿਕ ਆਫ ਕਾਂਗੋ 'ਚ ਫੈਲ ਰਹੇ ਪ੍ਰਕੋਪ ਦਾ ਕਾਰਨ ਈਬੋਲਾ ਦੀ ਅਜਿਹੀ ਕਿਸਮ ਹੈ, ਜਿਸ ਲਈ ਹਾਲੇ ਤੱਕ ਕੋਈ ਵੈਕਸੀਨ ਵਿਕਸਿਤ ਨਹੀਂ ਕੀਤੀ ਗਈ ਹੈ।

ਮਹਾਂਮਾਰੀਆਂ ਤੋਂ ਬਚਾਅ 'ਚ ਏਆਈ ਕਿਵੇਂ ਮਦਦਗਾਰ ?

ਆਕਸਫੋਰਡ ਵੈਕਸੀਨ ਗਰੁੱਪ ਦੇ ਡਾਇਰੈਕਟਰ ਪ੍ਰੋ. ਐਂਡੀ ਪੋਲਾਰਡ ਹਾਲਾਂਕਿ ਇਸ ਅਧਿਐਨ ਦਾ ਹਿੱਸਾ ਨਹੀਂ ਹਨ ਪਰ ਉਨ੍ਹਾਂ ਦਾ ਕਹਿਣਾ ਹੈ ਕਿ ਇਹ ਤਰੀਕਾ ਜਾਨਵਰਾਂ 'ਤੇ ਹੋ ਰਹੀ ਖੋਜ ਵਿੱਚ ਕਾਫੀ ਮਜਬੂਤ ਅਤੇ ਭਰੋਸੇਯੋਗ ਸਬੂਤ ਪੈਦਾ ਕਰ ਰਿਹਾ ਹੈ।

ਉਨ੍ਹਾਂ ਨੇ ਬੀਬੀਸੀ ਨੂੰ ਦੱਸਿਆ, "ਇਹ ਬਹੁਤ ਹੀ ਦਿਲਚਸਪ ਅੰਕੜੇ ਹਨ ਅਤੇ ਲੋਕਾਂ ਨੇ ਇਹ ਅਨੁਮਾਨ ਨਹੀਂ ਲਗਾਇਆ ਸੀ ਕਿ ਇਸ ਤਰੀਕੇ ਨਾਲ ਅਜਿਹੀਆਂ ਰੋਗ-ਪ੍ਰਤੀਰੋਧਕ ਪ੍ਰਤੀਕਿਰਿਆਵਾਂ ਪੈਦਾ ਕੀਤੀਆਂ ਜਾ ਸਕਣਗੀਆਂ।"

ਉਨ੍ਹਾਂ ਦੇ ਅਨੁਸਾਰ ਅਸਲ ਪ੍ਰੀਖਿਆ ਮਨੁੱਖੀ ਟ੍ਰਾਇਲਸ ਵਿੱਚ ਹੋਵੇਗੀ, ਕਿਉਂਕਿ ਮਨੁੱਖਾਂ ਦੀ ਰੋਗ-ਪ੍ਰਤੀਰੋਧਕ ਪ੍ਰਣਾਲੀ ਪ੍ਰਯੋਗਸ਼ਾਲਾ ਦੇ ਚੂਹਿਆਂ ਤੋਂ ਵੱਖਰੀ ਹੁੰਦੀ ਹੈ। ਸਾਡਾ ਇਮਿਊਨ ਸਿਸਟਮ ਕਈ ਸਾਲਾਂ ਦੌਰਾਨ ਹੋਈਆਂ ਵੱਖ-ਵੱਖ ਲਾਗਾਂ ਅਤੇ ਬਿਮਾਰੀਆਂ ਦੇ ਤਜ਼ਰਬੇ ਕਾਰਨ ਵਿਕਸਿਤ ਹੋਇਆ ਹੁੰਦਾ ਹੈ।

ਵਿਆਪਕ ਤੌਰ 'ਤੇ ਗੱਲ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਏਆਈ, ਵੈਕਸੀਨ ਖੋਜ ਦੇ ਖੇਤਰ ਵਿੱਚ ਇੱਕ "ਗੇਮ ਚੇਂਜਰ" ਸਾਬਤ ਹੋ ਸਕਦਾ ਹੈ। ਏਆਈ ਟੂਲ ਇਹ ਅੰਦਾਜ਼ਾ ਲਗਾਉਣ ਦੀ ਸਮਰੱਥਾ ਰੱਖਦੇ ਹਨ ਕਿ ਮਨੁੱਖੀ ਰੋਗ-ਪ੍ਰਤੀਰੋਧਕ ਪ੍ਰਣਾਲੀ ਕਿਸੇ ਵੈਕਸੀਨ ਪ੍ਰਤੀ ਕਿਵੇਂ ਪ੍ਰਤੀਕਿਰਿਆ ਦੇਵੇਗੀ। ਇਸ ਨਾਲ ਵੈਕਸੀਨ ਵਿਕਾਸ ਦੀ ਪ੍ਰਕਿਰਿਆ ਕਾਫੀ ਤੇਜ਼ ਹੋ ਸਕਦੀ ਹੈ ਅਤੇ ਅਣਗਿਣਤ ਜਾਨਾਂ ਬਚਾਈਆਂ ਜਾ ਸਕਦੀਆਂ ਹਨ।

ਨੈਸ਼ਨਲ ਇੰਸਟੀਚਿਊਟ ਫਾਰ ਹੈਲਥ ਐਂਡ ਕੇਅਰ ਰਿਸਰਚ ਦੇ ਵਿਗਿਆਨਕ ਡਾਇਰੈਕਟਰ ਪ੍ਰੋਫੈਸਰ ਮਾਰੀਅਨ ਨਾਈਟ ਕਹਿੰਦੇ ਹਨ, "ਏਆਈ ਵੱਲੋਂ ਡਿਜ਼ਾਈਨ ਕੀਤੇ ਗਏ ਇਸ 'ਸੁਪਰ-ਐਂਟੀਜਨ' ਟ੍ਰਾਇਲ ਦੀ ਸਫਲਤਾ, ਵਾਇਰਸ ਵਿਰੁੱਧ ਵਿਆਪਕ ਅਤੇ ਲੰਬੇ ਸਮੇਂ ਤੱਕ ਸੁਰੱਖਿਆ ਪ੍ਰਦਾਨ ਕਰਨ ਦੀ ਸਾਡੀ ਸਮਰੱਥਾ ਵਿੱਚ ਇੱਕ ਇਤਿਹਾਸਕ ਅਤੇ ਮਹੱਤਵਪੂਰਨ ਪੁਲਾਂਘ ਨੂੰ ਦਰਸਾਉਂਦੀ ਹੈ।"

ਬ੍ਰਿਟੇਨ ਦੇ ਵਿਗਿਆਨ ਮੰਤਰੀ ਲੋਰਡ ਵੈਲੇਂਸ ਨੇ ਕਿਹਾ, "ਇਹ ਬ੍ਰਿਟਿਸ਼ ਵਿਗਿਆਨ ਦੀ ਸਫਲਤਾ ਦੀ ਇੱਕ ਹੋਰ ਕਹਾਣੀ ਹੈ। ਇਹ ਦਰਸਾਉਂਦਾ ਹੈ ਕਿ ਅਸੀਂ ਆਪਣੀ ਅਧਿਐਨ ਮਹਾਰਤ ਨੂੰ ਏਆਈ ਨਾਲ ਜੋੜ ਕੇ ਨਵੇਂ ਇਲਾਜ ਵਿਕਸਿਤ ਕਰ ਸਕਦੇ ਹਾਂ।"

ਉਨ੍ਹਾਂ ਨੇ ਅੱਗੇ ਕਿਹਾ,"ਮਨੁੱਖਾਂ 'ਤੇ ਹੋਏ ਪਹਿਲੇ ਟ੍ਰਾਇਲਸ ਵਿੱਚ ਸਕਾਰਾਤਮਕ ਨਤੀਜੇ ਮਿਲਣ ਤੋਂ ਬਾਅਦ, ਇਹ ਕੰਮ ਵੈਕਸੀਨਾਂ ਦੇ ਵਿਕਾਸ ਅਤੇ ਉਨ੍ਹਾਂ ਦੀ ਉਪਲੱਬਧਤਾ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਵਿੱਚ ਮਦਦ ਕਰ ਸਕਦਾ ਹੈ, ਜਿਸ ਦਾ ਲੰਬੇ ਸਮੇਂ ਤੱਕ ਦੁਨੀਆ ਭਰ ਦੇ ਲੋਕਾਂ ਨੂੰ ਲਾਭ ਮਿਲੇਗਾ।"

# ਇੱਕੀਵੀਂ ਸਦੀ ਦੀ ਸਭ ਤੋਂ ਵੱਡੀ ਚੁਣੌਤੀ—ਮਾਨਸਿਕ ਸਿਹਤ

ਸਿਆਣੇ ਕਹਿੰਦੇ ਹਨ ਕਿ ‘ਦਰਦ ਦਾ ਡਰ’ ਦਰਦ ਨਾਲੋਂ ਭਿਆਨਕ ਹੁੰਦਾ ਹੈ। ਇਹ ਕਥਨ ਮਾਨਸਿਕ ਤੰਦਰੁਸਤੀ ਦੀ ਮਹੱਤਤਾ ਨੂੰ ਸਪੱਸ਼ਟ ਕਰਨ ਲਈ ਕਾਫੀ ਹੈ। ਜਦੋਂ ਅਸੀਂ ਕਿਸੇ ਨੂੰ ਤੰਦਰੁਸਤੀ ਦੀ ਕਸੌਟੀ ’ਤੇ ਪਰਖਦੇ ਹਾਂ ਤਾਂ ਅਕਸਰ ਸਰੀਰਕ ਤੌਰ ’ਤੇ ਰਿਸ਼ਟ-ਪੁਸ਼ਟ ਵਿਅਕਤੀ ਨੂੰ ਤੰਦਰੁਸਤ ਮੰਨ ਲਿਆ ਜਾਂਦਾ ਹੈ। ਕੁਝ ਵਿਅਕਤੀ ਤਾਂ ਤੰਦਰੁਸਤੀ ਅਤੇ ਸਰੀਰਕ ਸਿਹਤ ਨੂੰ ਇੱਕ-ਦੂਜੇ ਦੀ ਥਾਂ ’ਤੇ ਵੀ ਵਰਤ ਲੈਂਦੇ ਹਨ ਪਰ ਆਧੁਨਿਕਤਾ ਦੇ ਦੌਰ ’ਚ ਸਮੇਂ ਨੇ ਜੋ ਰਫ਼ਤਾਰ ਫੜੀ ਹੈ, ਉਸ ਨੂੰ ਦੇਖ ਕੇ ਕਿਹਾ ਜਾ ਸਕਦਾ ਹੈ ਕਿ ਰਵਾਇਤੀ ਪਰਿਭਾਸ਼ਾਵਾਂ ’ਤੇ ਪੁਨਰਵਿਚਾਰ ਕੀਤਾ ਜਾਵੇ। ਆਧੁਨਿਕ ਮਸ਼ੀਨੀਕਰਨ ਦੇ ਦੌਰ ਵਿੱਚ ਲਾਜ਼ਮੀ ਹੈ ਕਿ ਸਰੀਰਕ ਦੇ ਨਾਲ-ਨਾਲ ਮਾਨਸਿਕ ਸਿਹਤ ਨੂੰ ਵੀ ਤਵੱਜੋ ਦਿੱਤੀ ਜਾਵੇ। ਅਜੀਬ ਗੱਲ ਹੈ ਕਿ ਦੇਸ਼-ਵਿਦੇਸ਼ ਤੋਂ ਆ ਰਹੀਆਂ ਬਹੁਤੀਆਂ ਖ਼ਬਰਾਂ ਭਾਵੇਂ ਤਣਾਅ ਦੇਣ ਵਾਲੀਆਂ ਹੋਣ ਪਰ ਇਨ੍ਹਾਂ ਖ਼ਬਰਾਂ ਤੋਂ ਦੂਰ ਹੋਣ ਦਾ ਜੋਖ਼ਮ ਵੀ ਅਸੀਂ ਨਹੀਂ ਉਠਾ ਸਕਦੇ।



ਮੌਜੂਦਾ ਸਮੇਂ ਵਿੱਚ ਚਿਕਿਤਸਾ ਵਿਗਿਆਨ ਨੇ ਬਹੁਤੀਆਂ ਸਰੀਰਕ ਬਿਮਾਰੀਆਂ ’ਤੇ ਕਾਬੂ ਪਾ ਲਿਆ ਹੈ ਪਰ ਮਾਨਸਿਕ ਬਿਮਾਰੀਆਂ ਦੇ ਸੰਬੰਧ ਵਿੱਚ ਤਸਵੀਰ ਬਿਲਕੁਲ ਅਲੱਗ ਹੈ। ਸ਼ਾਇਦ ਇਸ ਦਾ ਸਭ ਤੋਂ ਅਹਿਮ ਕਾਰਨ ਇਹ ਹੈ ਕਿ ਅਜੇ ਤੱਕ ਸਾਡੇ ਸਮਾਜ ਵਿੱਚ ‘ਮਾਨਸਿਕ ਰੋਗੀ’ ਨੂੰ ਹੀਣਤਾ ਦੀ ਭਾਵਨਾ ਨਾਲ ਦੇਖਿਆ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਕਈ ਵਾਰ ਇਹ ਵੀ ਹੁੰਦਾ ਹੈ ਕਿ ਵਿਅਕਤੀ ਹਾਲੋਂ ਬੇਹਾਲ ਹੁੰਦੇ ਹੋਏ ਵੀ ਖ਼ੁਦ ਜਾਂ ਉਸ ਦੇ ਸਕੇ ਸੰਬੰਧੀ ਉਸ ਨੂੰ ‘ਮਾਨਸਿਕ ਬਿਮਾਰ’ ਕਹਿਣ ਤੋਂ ਝਿਜਕਦੇ ਹਨ। ਇਸ ਮਨੋਬਿਰਤੀ ਨੂੰ ਬਦਲਣ ਦੀ ਲੋੜ ਹੈ।

ਸਾਨੂੰ ਸਮਝਣਾ ਪਵੇਗਾ ਕਿ ਸਰੀਰ ਦੀ ਤਰ੍ਹਾਂ ਮਨ ਵੀ ਬਿਮਾਰ ਹੋ ਸਕਦਾ ਹੈ ਅਤੇ ਮਾਨਸਿਕ ਇਲਾਜ ਵੀ ਸਰੀਰਕ ਇਲਾਜ ਵਾਂਗ ਹੀ ਹੁੰਦਾ ਹੈ। ਇਸ ਬਾਰੇ ਸਮਾਜ ਦੇ ਹਰ ਵਰਗ ਨੂੰ ਜਾਗਰੂਕ ਕਰਨਾ ਪਵੇਗਾ। ਸਾਡੇ ਸਮਾਜ ਦਾ ਇੱਕ ਹਿੱਸਾ ਅਜੇ ਤੱਕ ਵੀ ਸਟੀਕ ਮੈਡੀਕਲ ਸਹਾਇਤਾ ਤੱਕ ਪਹੁੰਚ ਕਰਨ ਦੀ ਬਜਾਏ ‘ਓਹੜ ਪੋਹੜ’ ਨੂੰ ਤਰਜੀਹ ਦਿੰਦਾ ਹੈ। ਕਈ ਵਾਰ ਅਜਿਹਾ ਵੀ ਦੇਖਣ ਵਿੱਚ ਆਉਂਦਾ ਹੈ ਕਿ ਚੰਗੇ ਸੂਝਵਾਨ ਲੋਕ ਵੀ ਬਿਮਾਰੀ ਦੇ ਅਸਲ ਕਾਰਨ ਦੀ ਥਾਂ ਉਸਦੇ ਲੱਛਣਾਂ ਦੇ ਇਲਾਜ ’ਤੇ ਹੀ ਸਮਾਂ ਅਤੇ ਪੈਸਾ ਬਰਬਾਦ ਕਰਦੇ ਹਨ। ਮਨੋਵਿਗਿਆਨ ਤਾਂ ਇੱਥੋਂ ਤੱਕ ਕਹਿੰਦਾ ਹੈ ਕਿ ਸ਼ੁਰੂ ਵਿੱਚ ਹਰੇਕ ਬਿਮਾਰੀ ਹੁੰਦੀ ਹੀ ਮਨੋਵਿਗਿਆਨਕ ਹੈ। ਸਮਾਜ ਦੇ ਹਰ ਕੋਨੇ ਤੱਕ ਇਹ ਗੱਲ ਸਪੱਸ਼ਟ ਰੂਪ ਵਿੱਚ ਲਿਜਾਣ ਦੀ ਲੋੜ ਹੈ ਕਿ ਜਿੰਨੀ ਜਲਦੀ ਕਿਸੇ ਬਿਮਾਰੀ ਦੀ ਸ਼ਨਾਖਤ ਹੋ ਜਾਂਦੀ ਹੈ, ਉਸਦੇ ਇਲਾਜ ਲਈ ਓਨੀ ਘੱਟ ਮੁਸ਼ੱਕਤ ਕਰਨੀ ਪੈਂਦੀ ਹੈ। ਇਸ ਨਾਲ ਜਿੱਥੇ ਫਾਲਤੂ ਭੱਜ ਦੌੜ ਤੋਂ ਨਿਜਾਤ ਮਿਲਦੀ ਹੈ, ਉੱਥੇ ਹੀ ਮਿਹਨਤ ਅਤੇ ਪੈਸੇ ਦੀ ਵੀ ਬੱਚਤ ਹੁੰਦੀ ਹੈ। ਨਵੀਂ ਅਤੇ ਪੁਰਾਣੀ ਪੀੜ੍ਹੀ ਦੇ ਵਿਚਾਰਾਂ ਵਿਚਕਾਰਲਾ ਫਾਸਲਾ ਵੀ ਮਾਨਸਿਕ ਤਣਾਅ ਵਧਾਉਂਦਾ ਹੈ। ਇਸ ਦਾ ਅਸਰ ਦੋਵਾਂ ਧਿਰਾਂ ’ਤੇ ਦੇਖਿਆ ਜਾਂਦਾ ਹੈ।

ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਜਿੱਥੇ ਨਿੱਤ ਨਵੀਂ ਬਦਲਦੀ ਤਕਨੀਕ ਨਾਲ ਆਪਣੇ-ਆਪ ਨੂੰ ਅਪਡੇਟ ਰੱਖਣ ਦੀ ਚੁਣੌਤੀ ਨਾਲ ਜੂਝਣਾ ਪੈਂਦਾ ਹੈ, ਉੱਥੇ ਪੁਰਾਣੀ ਪੀੜ੍ਹੀ ਆਧੁਨਿਕ ਸੂਰਤ-ਏ-ਹਾਲ ਨੂੰ ਵੀ ਆਪਣੇ ਤਜਰਬੇ ਦੀ ਐਨਕ ਨਾਲ ਦੇਖਦੀ ਹੈ। ਸੋ ਆਪੋ-ਆਪਣੀ ਜਗ੍ਹਾ ਦੋਵੇਂ ਠੀਕ ਹੋਣ ਦੇ ਬਾਵਜੂਦ ਇੱਕ ਦੂਜੇ ਦੇ ਮਾਨਸਿਕ ਤਣਾਅ ਦਾ ਕਾਰਨ ਬਣਦੇ ਹਨ। ਸਾਨੂੰ ਤਸਲੀਮ ਕਰਨਾ ਪਵੇਗਾ ਕਿ ਨਾ ਤਾਂ ਮੌਜੂਦਾ ਸਮੇਂ ਹਰੇਕ ਕੰਮ ਪੁਰਾਣੇ ਵਸੀਲਿਆਂ ਨਾਲ ਹੋ ਸਕਦਾ ਹੈ ਅਤੇ ਨਾ ਹੀ ਆਧੁਨਿਕਤਾ ਦੇ ਨਾਲ ਕਦਮ ਮਿਲਾਉਣ ਲਈ ਪੁਰਾਣੀ ਪੀੜ੍ਹੀ ਦੇ ਤਜਰਬਿਆਂ ਨੂੰ ਮੁੱਢੋਂ ਨਕਾਰਨ ਦੀ ਲੋੜ ਹੈ। ਵਿਚਕਾਰਲਾ ਰਸਤਾ ਹਮੇਸ਼ਾ ਖੁੱਲ੍ਹਾ ਹੈ, ਸੋ ਸਮਝਦਾਰੀ ਇਸੇ ਵਿੱਚ ਹੈ ਕਿ ਆਧੁਨਿਕ ਅਤੇ ਤਜਰਬੇਕਾਰ ਲੋਕ ਇੱਕ-ਦੂਜੇ ਦੀ ਅਹਿਮੀਅਤ ਅਤੇ ਲੋੜਾਂ ਨੂੰ ਬਣਦਾ ਮਾਣ-ਸਨਮਾਨ ਦੇਣ। ‘ਭਾਵਨਾਵਾਂ ਦਾ ਦਮਨ ਕਰਨਾ’ ਮਾਨਸਿਕ ਰੋਗਾਂ ਦਾ ਕਾਰਨ ਬਣਦਾ ਹੈ। ਸਾਡੇ ਸਮਾਜ ਵਿੱਚ ‘ਕਿਸੇ ਦੂਸਰੇ ਵਿਅਕਤੀ ਦੀ ਥਾਂ ’ਤੇ ਆਪਣੇ-ਆਪ ਨੂੰ ਰੱਖ ਕੇ ਦੇਖਣ ਦੀ ਪ੍ਰਵਿਰਤੀ’ (ਇਮਪਓਟਹੇ) ਦੀ ਘਾਟ ਵੀ ਮਾਨਸਿਕ ਵਿਗਾੜਾਂ ਦਾ ਇੱਕ ਮਹੱਤਵਪੂਰਨ ਕਾਰਨ ਹੈ। ਸਾਡਾ ਸਮਾਜ ਰਿਸ਼ਤਿਆਂ ਨੂੰ ਬਹੁਤ ਅਹਿਮੀਅਤ ਦਿੰਦਾ ਹੈ, ਪਰ ਰਿਸ਼ਤੇ, ਆਧੁਨਿਕਤਾ ਅਤੇ ਮਾਨਸਿਕ ਸਿਹਤ ਦੇ ਪੱਲੜਿਆਂ ਵਿਚਲਾ ਤਵਾਜ਼ਨ ਹੀ ਸਿਹਤਯਾਬ ਤੇ ਮਜ਼ਬੂਤ ਸ਼ਖ਼ਸੀਅਤ ਦੀ ਜਾਮਨੀ ਦੇ ਸਕਦਾ ਹੈ। ਤਣਾਅ ਅਤੇ ਚਿੰਤਾ ਇੱਕੀਵੀਂ ਸਦੀ ਦੇ ਮਸ਼ੀਨੀਕਰਨ ਦੁਆਰਾ ਮੌਜੂਦਾ ਪੀੜ੍ਹੀ ਦੇ ਰੂ-ਬ-ਰੂ ਕੀਤੀਆਂ ਦੋ ਅਜਿਹੀਆਂ ਅਲਾਮਤਾਂ ਹਨ ਜਿਨ੍ਹਾਂ ਤੋਂ ਪਾਰ ਪਾਉਣਾ ਸਾਡੇ ਸਮਿਆਂ ਦੀ ਸਭ ਤੋਂ ਅਹਿਮ ਚੁਣੌਤੀ ਹੈ। ਸੋਸ਼ਲ ਮੀਡੀਆ ਵੀ ਸਥਿਤੀ ਨੂੰ ਵਿਗਾੜਨ ਵਿੱਚ ਯੋਗਦਾਨ ਪਾ ਰਿਹਾ ਹੈ। ਸੋਸ਼ਲ ਮੀਡੀਆ ਤੋਂ ਬਿਨਾਂ ਅਜੋਕਾ ਸੰਸਾਰ ਕਲਪਨਾ ਤੋਂ ਪਰ੍ਹੇ ਦੀ ਗੱਲ ਲੱਗਦਾ ਹੈ ਪਰ ਇਸ ਦੇ ਚੰਗੇ ਅਤੇ ਮਾੜੇ ਪੱਖ ਘੋਖ ਕੇ ਹੀ ਕਿਸੇ ਨਤੀਜੇ ’ਤੇ ਪਹੁੰਚਣਾ ਚਾਹੀਦਾ ਹੈ। ਸੰਯੁਕਤ ਪਰਿਵਾਰਾਂ ਦੇ ਮੁਕਾਬਲੇ ਇਕਹਿਰੇ ਪਰਿਵਾਰਾਂ ਵਿੱਚ ਮਾਨਸਿਕ ਸਿਹਤ ਵਿੱਚ ਵਿਗਾੜ ਪੈਣ ਦਾ ਖ਼ਦਸ਼ਾ ਜ਼ਿਆਦਾ ਰਹਿੰਦਾ ਹੈ। ਇਕਹਿਰੇ ਪਰਿਵਾਰ ਵਿੱਚ ਮਾਨਸਿਕ ਸਮੱਸਿਆਵਾਂ ਨਾ ਸਿਰਫ਼ ਖੁਦ ਨੂੰ ਸਗੋਂ ਪੂਰੇ ਪਰਿਵਾਰ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਪਦਾਰਥਵਾਦੀ ਸਮੇਂ ਦੀ ਵਿਡੰਬਨਾ ਹੈ ਕਿ ਸੰਯੁਕਤ ਪਰਿਵਾਰ ਦਿਨ ਪ੍ਰਤੀ ਦਿਨ ਘਟ ਰਹੇ ਹਨ ਅਤੇ ਮਾਨਸਿਕ ਉਲਝਣਾਂ ਉਸੇ ਰਫ਼ਤਾਰ ਨਾਲ ਵਧ ਰਹੀਆਂ ਹਨ, ਇਸ ਲਈ ਇਕਹਿਰੇ ਪਰਿਵਾਰਾਂ ਵਿੱਚ ਰਹਿ ਰਹੇ ਲੋਕਾਂ ਨੂੰ ਆਪਣੀ ਮਾਨਸਿਕ ਸਿਹਤ ਨੂੰ ਖ਼ਾਸ ਤਵੱਜੋ ਦੇਣੀ ਚਾਹੀਦੀ ਹੈ ਤਾਂ ਕਿ ਪੂਰੇ ਪਰਿਵਾਰ ਨੂੰ ਕਿਸੇ ਵੀ ਕਿਸਮ ਦੀ ਮਾਨਸਿਕ ਚੁਣੌਤੀ ਤੋਂ ਮਹਿਫ਼ੂਜ਼ ਰੱਖਿਆ ਜਾ ਸਕੇ।

ਉਪਰੋਕਤ ਚਰਚਿਤ ਕੁਝ ਕਾਰਨ ਹਨ ਜੋ ਮਾਨਸਿਕ ਸਿਹਤ ਨੂੰ ਪ੍ਰਭਾਵਿਤ ਕਰ ਸਕਦੇ ਹਨ। ਪਰ ਚੇਤੇ ਰੱਖਣਾ ਚਾਹੀਦਾ ਹੈ ਕਿ ‘ਕਾਰਨਾਂ ਦੀ ਇਹ ਸੂਚੀ’ ਉਪਰੋਕਤ ਚਰਚਾ ਤੱਕ ਮਹਿਦੂਦ ਨਹੀਂ ਹੈ ਸਗੋਂ ਹੋਰ ਅਨੇਕਾਂ ਅਜਿਹੇ ਤੱਥ ਵੀ ਹੋ ਸਕਦੇ ਹਨ ਜਿਨ੍ਹਾਂ ਨੂੰ ਸੂਚੀਬੱਧ ਕਰਨਾ ਲਗਪਗ ਨਾਮੁਮਕਿਨ ਹੈ। ਕੁਝ ਵਿਸ਼ੇਸ਼ ਹਾਲਾਤ ਵਿੱਚ ਕੁਝ ਵੱਖਰੀ ਕਿਸਮ ਦੇ ਕਾਰਕ ਵੀ ਮਾਨਸਿਕ ਸਿਹਤ ਨੂੰ ਪਰਿਭਾਸ਼ਤ ਕਰਨ ਵਿੱਚ ਯੋਗਦਾਨ ਪਾ ਸਕਦੇ ਹਨ ਪਰ ਇਹ ਲਗਪਗ ਪੂਰਨ ਰੂਪ ਵਿੱਚ ਸਪੱਸ਼ਟ ਹੈ ਕਿ ਮਾਨਸਿਕ ਪਹਿਲੂਆਂ ਅਤੇ ਹਾਲਾਤ ਵਿੱਚ ਤਵਾਜ਼ਨ ਕਿਸੇ ਸ਼ਖ਼ਸੀਅਤ ਨੂੰ ਨਿਖਾਰਨ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ।



## ਦੁਨੀਆਦਾਰੀ



# ਮੋਦੀ ਤੇ ਟਰੰਪ ਵੱਲੋਂ ਅਧਿਕਾਰੀਆਂ ਨੂੰ 'ਅਰਥਪੂਰਨ ਵਪਾਰ ਸਮਝੌਤਾ' ਤੇਜ਼ ਕਰਨ ਦੇ ਨਿਰਦੇਸ਼

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੇ ਅਧਿਕਾਰੀਆਂ ਨੂੰ ਜਲਦੀ ਤੋਂ ਜਲਦੀ ਇੱਕ ਸੰਤੁਲਿਤ, ਆਪਸੀ ਲਾਭਕਾਰੀ ਅਤੇ ਵਪਾਰਕ ਤੌਰ 'ਤੇ ਅਰਥਪੂਰਨ ਵਪਾਰ ਸਮਝੌਤੇ ਵੱਲ ਕੰਮ ਕਰਨ ਲਈ ਨਿਰਦੇਸ਼ ਦਿੱਤੇ ਹਨ।

ਵਿਦੇਸ਼ ਮੰਤਰਾਲੇ ਨੇ ਵੀਰਵਾਰ ਨੂੰ ਇਹ ਗੱਲ ਕਹੀ, ਜੋ ਕਿ ਜੀ7 ਸੰਮੇਲਨ ਦੇ ਹਾਸ਼ੀਏ 'ਤੇ ਦੋਵਾਂ ਨੇਤਾਵਾਂ ਵੱਲੋਂ ਤਣਾਅਪੂਰਨ ਦੁਵੱਲੇ ਸਬੰਧਾਂ ਨੂੰ ਮੁੜ ਬਣਾਉਣ ਦੀ ਕੋਸ਼ਿਸ਼ ਵਿੱਚ 16 ਮਹੀਨਿਆਂ ਵਿੱਚ ਪਹਿਲੀ ਵਾਰ ਵਿਆਪਕ ਗੱਲਬਾਤ ਕਰਨ ਤੋਂ ਇੱਕ ਦਿਨ ਬਾਅਦ ਹੋਇਆ ਹੈ।



ਅਮਰੀਕੀ ਵਪਾਰ ਪ੍ਰਤੀਨਿਧੀ, ਜੇਮੀਸਨ ਗ੍ਰੀਰ, ਪ੍ਰਸਤਾਵਿਤ ਵਪਾਰ ਸਮਝੌਤੇ 'ਤੇ ਗੱਲਬਾਤ ਨੂੰ ਅੱਗੇ ਵਧਾਉਣ ਲਈ ਅਗਲੇ ਹਫ਼ਤੇ ਭਾਰਤ ਦਾ ਦੌਰਾ ਕਰਨਗੇ।

ਉਸ ਨੇ ਕਿਹਾ ਕਿ ਮੀਟਿੰਗ ਵਿੱਚ ਮੋਦੀ ਅਤੇ ਟਰੰਪ ਨੇ ਭਾਰਤ-ਅਮਰੀਕਾ ਵਿਆਪਕ ਗਲੋਬਲ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਅਤੇ ਦੋਵਾਂ ਦੇਸ਼ਾਂ ਅਤੇ ਉਨ੍ਹਾਂ ਦੇ ਲੋਕਾਂ ਦੇ ਆਪਸੀ ਲਾਭ ਲਈ ਸਾਰੇ ਖੇਤਰਾਂ ਵਿੱਚ ਸਹਿਯੋਗ ਨੂੰ ਅੱਗੇ ਵਧਾਉਣ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ।

ਇੱਕ ਬਿਆਨ ਵਿੱਚ ਕਿਹਾ ਗਿਆ ਹੈ, "ਨੇਤਾਵਾਂ ਨੇ ਅੰਤਰਿਮ ਦੁਵੱਲੇ ਵਪਾਰ ਸਮਝੌਤੇ ਵੱਲ ਗੱਲਬਾਤ ਵਿੱਚ ਹੋਈ ਮਹੱਤਵਪੂਰਨ ਪ੍ਰਗਤੀ ਨੂੰ ਸੰਤੁਸ਼ਟੀ ਨਾਲ ਨੋਟ ਕੀਤਾ ਅਤੇ ਆਪਣੇ ਅਧਿਕਾਰੀਆਂ ਨੂੰ ਜਲਦੀ ਤੋਂ ਜਲਦੀ ਇੱਕ ਸੰਤੁਲਿਤ, ਆਪਸੀ ਲਾਭਕਾਰੀ ਅਤੇ ਵਪਾਰਕ ਤੌਰ 'ਤੇ ਅਰਥਪੂਰਨ ਸਮਝੌਤੇ ਵੱਲ ਕੰਮ ਕਰਨ ਦਾ ਨਿਰਦੇਸ਼ ਦਿੱਤਾ।"

ਦੋਵਾਂ ਪੱਖਾਂ ਨੇ ਪ੍ਰਸਤਾਵਿਤ ਵਪਾਰ ਸਮਝੌਤੇ 'ਤੇ ਪਹਿਲਾਂ ਹੀ ਗੱਲਬਾਤ ਦੀ ਇੱਕ ਲੜੀ ਕੀਤੀ ਹੈ। ਆਪਣੀ ਟਿੱਪਣੀ ਵਿੱਚ, ਮੋਦੀ ਨੇ ਪਿਛਲੇ ਸਾਲ ਫਰਵਰੀ ਵਿੱਚ ਵਾਸ਼ਿੰਗਟਨ ਡੀਸੀ ਵਿੱਚ ਟਰੰਪ ਨਾਲ ਆਪਣੀ ਆਖਰੀ ਮੁਲਾਕਾਤ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਇਸ ਨੇ ਰਿਸ਼ਤੇ ਵਿੱਚ ਨਵੀਂ ਊਰਜਾ ਲਿਆਂਦੀ ਹੈ। ਪ੍ਰਧਾਨ ਮੰਤਰੀ ਨੇ ਪੱਛਮੀ ਏਸ਼ੀਆ ਵਿੱਚ ਸ਼ਾਂਤੀ ਲਿਆਉਣ ਦੇ ਟਰੰਪ ਦੇ ਯਤਨਾਂ ਲਈ ਉਨ੍ਹਾਂ ਦੀ ਤਾਰੀਫ਼ ਵੀ ਕੀਤੀ।

# ਪੰਜਾਬ ਹਮਲਿਆਂ ਦੀ ਜ਼ਿੰਮੇਵਾਰੀ ਲੈਣ ਵਾਲਾ ਰਹੱਸਮਈ ਗਰੁੱਪ—ਤਹਿਰੀਕ-ਏ-ਤਾਲਿਬਾਨ ਹਿੰਦੁਸਤਾਨ



ਪਾਕਿਸਤਾਨ ਨਾਲ ਲੱਗਦੇ ਬਾਰਡਰ ਨੇੜੇ ਹੋਏ ਜਾਨਲੇਵਾ ਹਮਲਿਆਂ ਤੋਂ ਬਾਅਦ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਸਮੇਤ ਹੋਰ ਭਾਰਤੀ ਅਥਾਰਟੀਜ਼, ਇੱਕ ਨਵੇਂ ਅੱਤਵਾਦੀ ਗਰੁੱਪ ਬਾਰੇ ਜਾਂਚ ਕਰ ਰਹੀਆਂ ਹਨ।

ਤਹਿਰੀਕ-ਏ-ਤਾਲਿਬਾਨ ਹਿੰਦੁਸਤਾਨ ਕਹਾਉਣ ਵਾਲਾ ਇਹ ਗਰੁੱਪ ਉਦੋਂ ਸੁਰਖੀਆਂ ਵਿੱਚ ਆਇਆ ਜਦੋਂ ਇਸ ਨੇ ਕਥਿਤ ਤੌਰ 'ਤੇ ਭਾਰਤੀ ਪੰਜਾਬ ਵਿੱਚ ਦੋ ਪੁਲਿਸ ਮੁਲਾਜ਼ਮਾਂ ਦੀ ਜਾਨ ਲੈਣ ਵਾਲੇ ਇੱਕ ਹਮਲੇ ਦੀ ਜ਼ਿੰਮੇਵਾਰੀ ਲਈ ਸੀ।

ਹਾਲਾਂਕਿ ਇਸ ਦਾ ਨਾਮ ਪਾਕਿਸਤਾਨ ਦੇ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਨਾਲ ਕਾਫ਼ੀ ਮਿਲਦਾ ਜੁਲਦਾ ਹੈ, ਪਰ ਇਸ ਸਮੂਹ ਦਾ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਨਾਲ ਕੋਈ ਕੁਨੈਕਸ਼ਨ ਨਹੀਂ ਹੈ।

ਸੰਗਠਨ ਦੀ ਸ਼ੁਰੂਆਤ, ਢਾਂਚੇ ਅਤੇ ਭਾਰਤ ਵਿੱਚ ਇਸ ਦੇ ਸੰਭਾਵਿਤ ਪ੍ਰਭਾਵ ਬਾਰੇ ਵੀ ਬਹੁਤ ਥੋੜ੍ਹੀ ਜਾਣਕਾਰੀ ਹੈ ਅਤੇ ਇਸ ਦਾ ਕੋਈ ਵਿਆਪਕ ਤੌਰ 'ਤੇ ਜਾਣਿਆ ਪਛਾਣਿਆ ਮੀਡੀਆ ਆਊਟਲੈਟ ਵੀ ਨਹੀਂ ਦਿਸਦਾ।

ਦ ਟਾਈਮਜ਼ ਆਫ ਇੰਡੀਆ ਵਿੱਚ 24 ਮਈ ਨੂੰ ਆਈ ਰਿਪੋਰਟ ਮੁਤਾਬਕ, ਖੁਫੀਆ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਹਵਾਲੇ ਨਾਲ ਭਾਰਤੀ ਮੀਡੀਆ ਰਿਪੋਰਟਾਂ ਨੇ ਪਾਕਿਸਤਾਨ ਸਥਿਤ ਸ਼ਹਿਜ਼ਾਦ ਭੱਟੀ ਨੂੰ ਟੀਟੀਐਚ ਨਾਲ ਜੁੜੀਆਂ ਪ੍ਰਚਾਰ ਅਤੇ ਕਾਰਜਸ਼ੀਲ ਗਤੀਵਿਧੀਆਂ ਦੇ ਪਿੱਛੇ ਇੱਕ ਮੁੱਖ ਵਿਅਕਤੀ ਦੱਸਿਆ ਸੀ।

ਰਿਪੋਰਟਾਂ ਵਿੱਚ ਮੋਟੇ ਤੌਰ 'ਤੇ ਉਸ ਨੂੰ ਭਾਰਤੀ ਪੰਜਾਬ ਵਿੱਚ ਕਈ ਕਾਰਵਾਈਆਂ ਲਈ ਜ਼ਿੰਮੇਵਾਰ 'ਇੱਕ ਗੈਂਗਸਟਰ ਤੋਂ ਅੱਤਵਾਦੀ ਬਣੇ' ਵਿਅਕਤੀ ਵਜੋਂ ਦਰਸਾਇਆ ਗਿਆ।

ਦ ਟਾਈਮਜ਼ ਆਫ ਇੰਡੀਆ ਨੇ 9 ਜੂਨ ਨੂੰ ਰਿਪੋਰਟ ਕੀਤਾ ਕਿ ਐਨਏਆਈ ਨੇ ਪੰਜਾਬ ਅਤੇ ਹਰਿਆਣਾ ਵਿੱਚ ਸ਼ਹਿਜ਼ਾਦ ਭੱਟੀ ਨਾਲ ਸਬੰਧਤ 18 ਥਾਂਵਾਂ 'ਤੇ ਸਰਚ ਕੀਤੀ।

ਇਸ ਵਿੱਚ ਮਾਰਚ 2025 'ਚ ਇਨਫਲੂਐਂਸਰ ਰੋਜਰ ਸੰਧੂ ਦੇ ਜਲੰਧਰ ਸਥਿਤ ਘਰ 'ਤੇ ਗ੍ਰਨੇਡ ਹਮਲਾ, ਨਵੰਬਰ 2025 ਵਿੱਚ ਸਿਰਸਾ ਦੇ ਵੂਮਨ ਪੁਲਿਸ ਸਟੇਸ਼ਨ 'ਤੇ ਧਮਾਕਾ ਅਤੇ ਜਨਵਰੀ 2026 ਵਿੱਚ ਅੰਬਾਲਾ ਦੇ ਬਲਦੇਵ ਨਗਰ ਪੁਲਿਸ ਸਟੇਸ਼ਨ ਵਿੱਚ ਕਾਰ ਬੰਬ ਧਮਾਕੇ ਸ਼ਾਮਿਲ ਹਨ।

ਦ ਨਿਊ ਇੰਡੀਅਨ ਐਕਸਪ੍ਰੈਸ ਨੇ 22 ਫ਼ਰਵਰੀ ਨੂੰ ਰਿਪੋਰਟ ਦਿੱਤੀ ਕਿ ਹਾਲਾਂਕਿ, ਪੰਜਾਬ ਪੁਲਿਸ ਨੇ ਕਿਹਾ ਕਿ ਇਨ੍ਹਾਂ ਘਟਨਾਵਾਂ ਦੀ ਜਾਂਚ ਦੌਰਾਨ, ਸੂਬੇ ਜਾਂ ਭਾਰਤ ਵਿੱਚ ਕਿਸੇ ਹੋਰ ਥਾਂ ਟੀਟੀਐਚ ਦੀ ਕੋਈ ਪੁਖਤਾ ਓਪਰੇਸ਼ਨਲ ਮੌਜੂਦਗੀ ਨਹੀਂ ਸੀ।

ਦ ਵੀਕ ਨੇ 11 ਅਪ੍ਰੈਲ ਨੂੰ ਰਿਪੋਰਟ ਕੀਤਾ ਕਿ ਅਪ੍ਰੈਲ 2026 ਵਿੱਚ ਉੱਤਰਾਖੰਡ ਸਪੈਸ਼ਲ ਟਾਸਕ ਫੋਰਸ ਨੇ ਦੇਹਰਾਦੂਨ ਦੇ ਇੱਕ ਨਿਵਾਸੀ ਵਿਕਰਾਂਤ ਕਸ਼ਯਪ ਨੂੰ ਟੀਟੀਐਚ ਨਾਲ ਜੁੜੇ ਹੈਂਡਲਰਜ਼ ਨਾਲ ਕਥਿਤ ਤੌਰ 'ਤੇ ਕੰਮ ਕਰਨ ਦੇ ਇਲਜ਼ਾਮ ਵਿੱਚ ਗ੍ਰਿਫ਼ਤਾਰ ਕੀਤਾ।

ਪੁਲਿਸ ਨੇ ਕਿਹਾ ਕਿ ਮੁਲਜ਼ਮ ਦਾ ਸੋਸ਼ਲ ਮੀਡੀਆ ਜ਼ਰੀਏ ਕੱਟੜਪੰਥੀਕਰਨ ਕੀਤਾ ਗਿਆ ਅਤੇ ਉਸ ਨੂੰ ਕਥਿਤ ਤੌਰ 'ਤੇ ਸੰਵੇਦਨਸ਼ੀਲ ਥਾਂਵਾਂ ਦੀ ਨਿਗਰਾਨੀ ਅਤੇ ਗ੍ਰੈਫਿਟੀ ਤੇ ਆਨਲਾਈਨ ਗਤੀਵਿਧੀਆਂ ਰਾਹੀਂ ਸਮੂਹ ਦੇ ਨਾਮ ਦਾ ਪ੍ਰਚਾਰ ਕਰਨ ਦਾ ਕੰਮ ਸੌਂਪਿਆ ਗਿਆ ਸੀ।

ਪੁਲਿਸ ਨੇ ਕਿਹਾ ਕਿ ਕਸ਼ਯਪ "ਪਾਕਿਸਤਾਨ ਨਾਲ ਸਬੰਧਤ ਇੱਕ ਅੱਤਵਾਦੀ ਸੰਗਠਨ ਦਾ ਲੋਨ ਵੂਲਫ਼ ਮੌਡਿਊਲ" ਚਲਾ ਰਿਹਾ ਸੀ।

### ਹਮਲਿਆਂ ਦਾ ਦਾਅਵਾ

ਸੰਗਠਨ ਨੇ ਪਹਿਲੀ ਵਾਰ ਵਿਆਪਕ ਧਿਆਨ ਫ਼ਰਵਰੀ ਵਿੱਚ ਉਦੋਂ ਹਾਸਿਲ ਕੀਤਾ ਜਦੋਂ ਪੰਜਾਬ ਵਿੱਚ ਪੁਲਿਸ ਮੁਲਾਜ਼ਮਾਂ ਦੇ ਕਤਲ ਨਾਲ ਸਬੰਧਤ ਪੋਸਟਰ ਸੋਸ਼ਲ ਮੀਡੀਆ 'ਤੇ ਸਰਕੁਲੇਟ ਕੀਤੇ ਗਏ।

ਸੰਗਠਨ ਨੇ ਕਥਿਤ ਤੌਰ 'ਤੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਇੱਕ ਯੋਜਨਾਬੱਧ ਹਮਲੇ ਦੀ ਜ਼ਿੰਮੇਵਾਰੀ ਲਈ ਸੀ ਜਿੱਥੇ ਇੱਕ ਸਰਹੱਦੀ ਚੌਂਕੀ 'ਤੇ ਪੰਜਾਬ ਪੁਲਿਸ ਦੇ ਦੋ ਮੁਲਾਜ਼ਮਾਂ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

ਇਨ੍ਹਾਂ ਕਥਿਤ ਦਾਅਵਿਆਂ ਨੂੰ ਲੱਭ ਜਾਂ ਇਨ੍ਹਾਂ ਦੀ ਪੁਸ਼ਟੀ ਨਹੀਂ ਕਰ ਸਕਿਆ ਹੈ।

ਇਹ ਖੇਤਰ, ਜੁਲਾਈ 2015 ਵਿੱਚ ਲਸ਼ਕਰ-ਏ-ਤਾਇਬਾ ਵੱਲੋਂ ਸੁਰੱਖਿਆ ਬਲਾਂ 'ਤੇ ਕੀਤੇ ਹਮਲੇ ਵਾਲੀ ਥਾਂ ਹੈ ਅਤੇ ਜਨਵਰੀ 2016 ਵਿੱਚ ਪਠਾਨਕੋਟ ਏਅਰ ਫੋਰਸ ਸਟੇਸ਼ਨ 'ਤੇ ਹਮਲਾ ਕਰਨ ਵਾਲੇ ਅੱਤਵਾਦੀ ਸੰਗਠਨ ਵੱਲੋਂ ਵਰਤੇ ਰਸਤੇ ਦੇ ਨੇੜੇ ਹੈ।

ਤਹਿਰੀਕ-ਏ-ਤਾਲਿਬਾਨ ਹਿੰਦੂਸਤਾਨ ਦੇ ਕਥਿਤ ਹਮਲੇ ਤੋਂ ਬਾਅਦ ਇੱਕ ਵੀਡੀਓ ਪਾਕਿਸਤਾਨ ਰਹਿੰਦੇ ਹੈਂਡਲਰਜ਼ ਨੂੰ ਭੇਜੀ ਗਈ ਸੀ ਅਤੇ ਬਾਅਦ ਵਿਚ ਆਨਲਾਈਨ ਸਰਕੁਲੇਟ ਕੀਤੀ ਗਈ ਸੀ।

24 ਮਈ ਨੂੰ ਟੀਟੀਐਚ ਨੇ ਅੰਮ੍ਰਿਤਸਰ ਦੇ ਮਜੀਠਾ ਇਲਾਕੇ ਵਿੱਚ ਦਿਨ ਦਿਹਾੜੇ ਇੱਕ ਹੋਰ ਪੁਲਿਸ ਅਧਿਕਾਰੀ ਦਾ ਕਥਿਤ ਤੌਰ 'ਤੇ ਕਤਲ ਕਰ ਦਿੱਤਾ।

ਦ ਟ੍ਰਿਬਿਊਨ ਦੀ ਰਿਪੋਰਟ ਮੁਤਾਬਕ, ਇਸ ਘਟਨਾ ਤੋਂ ਬਾਅਦ 'ਅਲ-ਬੁਰਾਕ ਸਕੁਐਡ' ਦੇ ਨਾਮ ਹੇਠ ਐਨਕ੍ਰਿਪਟਡ ਪਲੇਟਫ਼ਾਰਮਾਂ 'ਤੇ ਡਿਜੀਟਲ ਪੋਸਟਰ ਜਾਰੀ ਕੀਤੇ ਗਏ ਹਨ।

ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਮੁਤਾਬਕ, ਘਟਨਾ ਤੋਂ ਦੋ ਦਿਨ ਬਾਅਦ ਟੀਟੀਐਚ ਨੇ ਹਮਲੇ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਰਿਲੀਜ਼ ਕੀਤੀ।

ਓਪਇੰਡੀਆ ਵੈਬਸਾਈਟ ਦੀ ਰਿਪੋਰਟ ਮੁਤਾਬਕ, ਇਸ ਸਮੂਹ ਨੇ ਵੱਖ-ਵੱਖ ਖੇਤਰਾਂ ਵਿੱਚ ਭਾਰਤੀ ਫੌਜ ਦੇ ਜਵਾਨਾਂ, ਖੁਫੀਆ ਅਧਿਕਾਰੀਆਂ ਅਤੇ ਸਰਕਾਰੀ ਪ੍ਰਸ਼ਾਸਕਾਂ ਖ਼ਿਲਾਫ਼ ਅਜਿਹੇ ਹੀ ਹਮਲੇ ਕਰਨ ਦੀ ਧਮਕੀ ਦਿੱਤੀ।

### ਕਥਿਤ ਪਾਕਿਸਤਾਨ ਕੁਨੈਕਸ਼ਨ

ਭਾਰਤੀ ਸੁਰੱਖਿਆ ਅਧਿਕਾਰੀਆਂ ਦਾ ਅੰਦਾਜ਼ਾ ਹੈ ਕਿ ਟੀਟੀਐਚ, ਪਾਕਿਸਤਾਨ ਦੀ ਆਈਐਸਆਈ ਦੀ ਪਰੋਕਸੀ ਹੈ ਅਤੇ ਸਰਹੱਦ ਪਾਰ ਤੋਂ ਆਈਐਸਆਈ ਦੇ ਹੈਂਡਲਰਾਂ ਦੇ ਨਿਰਦੇਸ਼ਾਂ ਮੁਤਾਬਕ ਕੰਮ ਕਰ ਰਹੀ ਹੈ।

ਨਿਊਜ਼ ਵੈਬਸਾਈਟ 'ਦ ਪ੍ਰਿੰਟ' ਨੇ ਪੰਜਾਬ ਪੁਲਿਸ ਦੇ ਇੱਕ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਹੈ ਕਿ ਆਈਐਸਆਈ ਰਾਜ ਦੀ ਮਸ਼ੀਨਰੀ ਨੂੰ ਚੁਣੌਤੀ ਦੇਣ ਲਈ ਕਈ ਪ੍ਰੌਕਸੀਆਂ ਦੀ ਵਰਤੋਂ ਕਰਦੀ ਹੈ। ਜੇਕਰ ਇਸ ਨਾਮ ਦਾ ਕੋਈ ਸੰਗਠਨ ਮੌਜੂਦ ਹੈ ਤਾਂ ਇਹ ਆਈਐਸਆਈ ਦਾ ਇੱਕ ਅਜਿਹਾ ਮੋਹਰਾ ਹੈ ਜਿਸ ਦਾ ਮਕਸਦ ਮੁਸ਼ਕਲਾਂ ਭੜਕਾਉਣਾ ਹੈ ਤਾਂ ਜੋ ਉਹ ਇਸ ਵਿੱਚ ਆਪਣੀ ਸ਼ਮੂਲੀਅਤ ਤੋਂ ਅਸਾਨੀ ਨਾਲ ਇਨਕਾਰ ਕਰ ਸਕਣ।

ਇੱਕ ਇਸੇ ਤਰ੍ਹਾਂ ਦਾ ਸੰਗਠਨ ਤਹਿਰੀਕ-ਏ-ਤਾਲਿਬਾਨ ਕਸ਼ਮੀਰ ਪਿਛਲੇ ਸਾਲ ਸਾਹਮਣੇ ਆਇਆ ਸੀ ਅਤੇ ਭਾਰਤੀ ਮੀਡੀਆ ਵੱਲੋਂ ਇਸ ਨੂੰ ਵੀ ਆਈਐਸਆਈ ਦੇ ਇੱਕ ਮੋਹਰੇ ਵਜੋਂ ਦਰਸਾਇਆ ਗਿਆ ਸੀ।

ਇਸ ਸੰਗਠਨ ਨੇ ਭਾਰਤ ਨੂੰ ਨਿਸ਼ਾਨਾ ਬਣਾਉਣ ਦੀ ਧਮਕੀ ਦਿੱਤੀ ਸੀ ਅਤੇ ਪਾਕਿਸਤਾਨ ਨੂੰ ਦਖ਼ਲ ਨਾ ਦੇਣ ਦੀ ਤਾਕੀਦ ਕੀਤੀ ਸੀ ਅਤੇ ਆਈਐਸਆਈ ਨਾਲ ਲਿੰਕ ਹੋਣ ਦੇ ਇਲਜ਼ਾਮ ਸਨ।

ਤਹਿਰੀਕ-ਏ-ਤਾਲਿਬਾਨ ਕਸ਼ਮੀਰ ਅਤੇ ਤਹਿਰੀਕ-ਏ-ਤਾਲਿਬਾਨ ਹਿੰਦੂਸਤਾਨ ਦਾ ਸਾਹਮਣੇ ਆਉਣਾ ਪਿਛਲੇ ਸਾਲ ਮਈ ਵਿੱਚ ਭਾਰਤ ਅਤੇ ਪਾਕਿਸਤਾਨ ਵਿਚਾਲੇ ਹੋਏ ਫੌਜੀ ਟਕਰਾਅ ਤੋਂ ਬਾਅਦ ਦੇਖੇ ਗਏ ਰੁਝਾਨਾਂ ਨਾਲ ਮੇਲ ਖਾਂਦਾ ਹੈ ਜੋ ਇਹ ਦਰਸਾਉਂਦਾ ਹੈ ਕਿ ਭਾਰਤ ਵਿਰੋਧੀ ਸਮੂਹ ਕਸ਼ਮੀਰ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਹਮਲੇ ਤੇਜ਼ ਕਰਨਗੇ।

### ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਨਾਲ ਕੋਈ ਸਪਸ਼ਟ ਸਬੰਧ ਨਹੀਂ

ਹਾਲਾਂਕਿ ਨਵੇਂ ਰਹੱਸਮਈ ਗਰੁੱਪ ਟੀਟੀਐਚ ਦਾ ਨਾਮ ਪਾਕਿਸਤਾਨ ਸਥਿਤ ਟੀਟੀਪੀ ਨਾਲ ਮਿਲਦਾ ਜੁਲਦਾ ਹੈ, ਪਰ ਸੁਰੱਖਿਆ ਮਾਹਰਾਂ ਦਾ ਮੰਨਣਾ ਹੈ ਕਿ ਇਹ ਦੋਹੇਂ ਪੂਰੀ ਤਰ੍ਹਾਂ ਵੱਖਰੀਆਂ ਸੰਸਥਾਵਾਂ ਹਨ ਜਿਨ੍ਹਾਂ ਦੇ ਖੇਤਰੀ ਵਿਰੋਧੀ ਇੱਕ ਦੂਜੇ ਦੇ ਉਲਟ ਹਨ ਅਤੇ ਇਨ੍ਹਾਂ ਵਿੱਚ ਕੋਈ ਸੰਗਠਨਾਤਮਕ ਸਬੰਧ ਨਹੀਂ ਹੈ।

ਹੁਣ ਤੱਕ, ਟੀਟੀਪੀ ਵੱਲੋਂ ਟੀਟੀਐਚ ਬਾਰੇ ਕੋਈ ਟਿੱਪਣੀ ਕਰਦਿਆਂ ਨਹੀਂ ਦੇਖਿਆ ਗਿਆ ਹੈ।

ਹਾਲਾਂਕਿ, ਤਹਿਰੀਕ-ਏ-ਤਾਲਿਬਾਨ ਹਿੰਦੁਸਤਾਨ ਦੇ ਬਿਆਨ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਵੱਲੋਂ ਵਰਤੇ ਜਾਣ ਵਾਲੇ ਫ਼ਾਰਮੈਟ, ਟੈਂਪਲੇਟ ਅਤੇ ਬਰਾਂਡਿੰਗ ਦੀ ਬਹੁਤ ਨਕਲ ਕਰਦੇ ਹਨ।

ਅਜਿਹੀ ਨਕਲ ਵਾਲੀ ਬਰਾਂਡਿੰਗ, ਖਾਸ ਤੌਰ 'ਤੇ ਜਦੋਂ ਕੋਈ ਰਸਮੀ ਸਬੰਧ ਹੋਣ ਦਾ ਦਾਅਵਾ ਨਹੀਂ ਕੀਤਾ ਗਿਆ ਹੈ ਅਤੇ ਟੀਟੀਪੀ ਨੇ ਇਸ ਸਮੂਹ ਨੂੰ ਮਾਨਤਾ ਨਹੀਂ ਦਿੱਤੀ ਹੈ, ਟੀਟੀਐਚ ਦੇ ਬਿਆਨਾਂ ਅਤੇ ਇਸ ਉੱਭਰ ਰਹੇ ਗਰੁੱਪ ਦੀ

# ਚੀਨ ਦੀਆਂ ਔਰਤਾਂ—ਮਰਦਾਂ ਦੇ ਲਿਬਾਸ




ਜਿਵੇਂ ਗਰਮੀ ਨੇੜੇ ਆ ਰਹੀ ਸੀ, ਕੈਕਸਿਨ ਨੇ ਆਪਣੇ ਵਾਰਡਰੋਬ ਨੂੰ ਸਹੀ ਕਰਦਿਆਂ ਇੱਕ ਬਦਲਾਅ ਮਹਿਸੂਸ ਕੀਤਾ। ਹੁਣ ਉਨ੍ਹਾਂ ਕੋਲ ਔਰਤਾਂ ਦੇ ਕੱਪੜਿਆਂ ਨਾਲੋਂ 'ਮਰਦਾਂ ਦੇ ਕੱਪੜੇ' ਵੱਧ ਸਨ।

ਕੀ ਕਮੀਜ਼ਾਂ, ਟੀ-ਸ਼ਰਟਾਂ ਅਤੇ ਸ਼ੋਰਟਸ ਉਨ੍ਹਾਂ ਨੇ ਆਪਣੇ ਬੋਇਫ੍ਰੈਂਡ ਜਾਂ ਪਿਤਾ ਲਈ ਨਹੀਂ ਖਰੀਦੇ ਸਨ, ਨਹੀਂ, ਬਲਕਿ ਉਨ੍ਹਾਂ ਨੇ ਇਹ ਮਰਦਾਂ ਵਾਲੇ ਕੱਪੜੇ ਆਪਣੇ ਲਈ ਖਰੀਦੇ ਸਨ।

ਕੈਕਸਿਨ ਇਕੱਲੀ ਨਹੀਂ ਹੈ। ਚੀਨ ਵਿੱਚ ਬਹੁਤ ਸਾਰੀਆਂ ਨੌਜਵਾਨ ਔਰਤਾਂ, ਉਨ੍ਹਾਂ ਦੀਆਂ ਦੋਸਤਾਂ ਅਤੇ ਆਨਲਾਈਨ ਸਮੂਹਾਂ ਵਿੱਚ ਵੀ ਉਹ ਇੱਕੋ ਜਿਹੇ ਕਾਰਨਾਂ ਕਰਕੇ ਮਰਦਾਂ ਦੇ ਕੱਪੜਿਆਂ ਵੱਲ ਰੁਝਾਨ ਰੱਖ ਰਹੀਆਂ ਹਨ, ਜਿਵੇਂ ਕਿ ਵਧੀਆ ਗੁਣਵੱਤਾ, ਘੱਟ ਕੀਮਤਾਂ, ਵਧੇਰੇ ਆਰਾਮ ਅਤੇ ਘੱਟ ਬਾਡੀ ਸ਼ੇਮਿੰਗ।

ਪਰ ਇਸ ਰੁਝਾਨ ਦੇ ਪਿੱਛੇ ਅਸਲ ਕਾਰਨ ਕੀ ਹਨ?

### ਇਹ ਕਿਵੇਂ ਸ਼ੁਰੂ ਹੋਇਆ

ਚੀਨ ਦੀ ਲੋਕਪ੍ਰਿਯ ਸੋਸ਼ਲ ਮੀਡੀਆ ਐਪ ਜਿਉਹੋਂਗਸ਼ੂ, ਜਿਸਨੂੰ ਰੈੱਡਨੋਟ ਵੀ ਕਿਹਾ ਜਾਂਦਾ ਹੈ, 'ਤੇ ਵੂਮੈਨ ਵੇਅਰਿੰਗ ਮੇਨਜ਼ ਵੇਅਰ ਟੈਗ ਨੂੰ 8.2 ਕਰੋੜ ਤੋਂ ਵੱਧ ਵਾਰ ਦੇਖਿਆ ਗਿਆ ਹੈ, ਜਦਕਿ "ਜੈਂਡਰ ਨਿਊਟ੍ਰਲ ਡਰੈਸਿੰਗ" 9 ਕਰੋੜ ਤੋਂ ਵੀ ਵੱਧ ਵਿਊਜ਼ ਪਾਰ ਕਰ ਚੁੱਕਾ ਹੈ।

ਇਸ ਵਿਸ਼ੇ 'ਤੇ ਪੋਸਟਾਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ, ਜਿਨ੍ਹਾਂ ਵਿੱਚ ਅਕਸਰ ਮਰਦਾਂ ਦੇ ਕੱਪੜਿਆਂ ਦੇ ਫਾਇਦੇ ਬਾਰੇ ਗੱਲ ਕੀਤੀ ਜਾਂਦੀ ਹੈ, ਜਿਵੇਂ ਕਿ ਵਧੇਰੇ ਕਾਟਨ ਅਤੇ ਲਿਨਨ ਦੀ ਮਾਤਰਾ, ਸਾਫ਼ ਕਟਿੰਗ, ਵੱਡੀਆਂ ਜੇਬਾਂ, ਵਧੀਆ ਫਿਨਿਸ਼ਿੰਗ ਅਤੇ ਘੱਟ ਕੀਮਤਾਂ।

ਕੈਕਸਿਨ ਨੂੰ ਯਾਦ ਹੈ ਕਿ ਉਨ੍ਹਾਂ ਦੇ ਵਾਰਡਰੋਬ ਭਾਵ ਅਲਮਾਰੀ ਵਿੱਚ ਇਹ ਬਦਲਾਅ 2023 ਵਿੱਚ ਸ਼ੁਰੂ ਹੋਇਆ ਸੀ, ਜਦੋਂ ਉਨ੍ਹਾਂ ਦੇ ਡੋਇਨ (ਚੀਨ ਦਾ ਘਰੇਲੂ ਟਿਕਟੋਕ ਵਰਜਨ) ਫੀਡ 'ਤੇ ਮਰਦਾਂ ਦੀਆਂ ਟੀ-ਸ਼ਰਟਾਂ ਵੇਚਣ ਵਾਲੀਆਂ ਲਾਈਵਸਟ੍ਰੀਮਾਂ ਆਉਣ ਲੱਗੀਆਂ।

ਸ਼ੁਰੂ ਵਿੱਚ ਉਸਨੂੰ ਇਹ ਹੈਰਾਨੀਜਨਕ ਲੱਗਿਆ, ਉਨ੍ਹਾਂ ਨੇ ਕਦੇ ਆਪਣੇ ਪਿਤਾ ਜਾਂ ਬੋਇਫ੍ਰੈਂਡ ਲਈ ਖਰੀਦਦਾਰੀ ਨਹੀਂ ਕੀਤੀ ਸੀ, ਫਿਰ ਐਲਗੋਰਿਦਮ ਉਨ੍ਹਾਂ ਨੂੰ ਇਹ ਸਮੱਗਰੀ ਕਿਉਂ ਦਿਖਾ ਰਿਹਾ ਸੀ?

ਕੈਕਸਿਨ ਨੇ ਸੋਚਿਆ ਕਿ ਇਹ ਕੋਈ ਗਲਿਚ ਹੋਏਗਾ, ਫਿਰ ਇੱਕ ਦਿਨ ਉਹ ਬਾਥਰੂਮ ਵਿੱਚ ਸੀ ਅਤੇ ਉਨ੍ਹਾਂ ਦਾ ਫੋਨ ਅਣਜਾਣੇ ਵਿੱਚ ਇੱਕ ਕੱਪੜਿਆਂ ਦੀ ਲਾਈਵਸਟ੍ਰੀਮ 'ਤੇ ਚੱਲਦਾ ਰਹਿ ਗਿਆ।

"ਕੁੜੀਆਂ ਇਸਨੂੰ ਛੋਟੇ ਸਾਈਜ਼ ਵਿੱਚ ਖਰੀਦ ਕੇ ਖੁਦ ਪਾ ਸਕਦੀਆਂ ਹਨ। ਇਹ ਯੂਨੀਸੈਕਸ ਹੈ, ਔਰਤਾਂ ਵੀ ਇਹ ਪਾ ਸਕਦੀਆਂ ਹਨ।"

ਇਹ ਲਾਈਨਾਂ ਕੁਝ ਮਿੰਟਾਂ ਵਿੱਚ ਵਾਰ-ਵਾਰ ਦੋਹਰਾਈਆਂ ਜਾਂਦੀਆਂ ਰਹੀਆਂ।

ਔਰਤਾਂ ਲਈ ਬਣੀਆਂ ਲਾਈਵਸਟ੍ਰੀਮਾਂ, ਜਿਨ੍ਹਾਂ ਵਿੱਚ ਅਕਸਰ ਸਰੀਰ ਨੂੰ ਪਤਲਾ ਦਿਖਾਉਣ, ਕਮੀਆਂ ਨੂੰ ਢੱਕਣ ਜਾਂ ਨਾਜ਼ੁਕ, ਆਦਰਸ਼ਕ ਪੇਸ਼ ਕਰਨ 'ਤੇ ਜ਼ੋਰ ਹੁੰਦਾ ਹੈ, ਦੀ ਤੁਲਨਾ ਵਿੱਚ ਇਹ ਵਾਲੀ ਲਾਈਵਸਟ੍ਰੀਮ ਕੱਪੜਿਆਂ ਦੀ ਗੁਣਵੱਤਾ ਅਤੇ ਮਟੀਰੀਅਲ 'ਤੇ ਕੇਂਦ੍ਰਿਤ ਸੀ।

ਉਹ ਕਹਿੰਦੀ ਹੈ, "ਇਹ ਮੈਨੂੰ ਬਹੁਤ ਪਸੰਦ ਆਇਆ। ਮੈਂ ਕਦੇ ਨਹੀਂ ਸਮਝ ਸਕੀ ਕਿ ਔਰਤਾਂ ਦੇ ਕੱਪੜੇ ਹਮੇਸ਼ਾ ਮੁੱਖਧਾਰਾ ਸੁੰਦਰਤਾ ਦੇ ਮਿਆਰਾਂ ਨੂੰ ਕਿਉਂ ਧੱਕਦੇ ਹਨ, ਖ਼ਾਸ ਕਰਕੇ ਜਦੋਂ ਡਿਜ਼ਾਈਨ ਅਕਸਰ ਅਣਸੁਖਾਵੇਂ ਹੁੰਦੇ ਹਨ।"

### ਕੀਮਤ ਨੇ ਵੀ ਮਦਦ ਕੀਤੀ

ਜ਼ਿਆਦਾਤਰ ਕਮੀਜ਼ਾਂ 100 ਯੁਆਨ (ਲਗਭਗ 1,325 ਰੁਪਏ) ਤੋਂ ਘੱਟ ਦੀਆਂ ਸਨ। ਭਾਵੇਂ ਉਸਨੂੰ ਉਹ ਵਾਪਸ ਵੀ ਕਰਨੀ ਪੈਂਦੀ, ਤਾਂ ਵੀ ਖ਼ਤਰਾ ਘੱਟ ਮਹਿਸੂਸ ਹੁੰਦਾ ਸੀ।

ਉਨ੍ਹਾਂ ਨੇ ਆਪਣੀ ਪਹਿਲੀ "ਮਰਦਾਂ ਵਾਲੀ" ਟੀ-ਸ਼ਰਟ ਖਰੀਦੀ ਅਤੇ ਉਹ ਹੈਰਾਨ ਰਹਿ ਗਈ। ਇਹ ਉਨ੍ਹਾਂ ਨੂੰ ਔਰਤਾਂ ਦੇ ਉਹਨਾਂ ਕੱਪੜਿਆਂ ਨਾਲੋਂ ਵਧੇਰੇ ਆਰਾਮਦਾਇਕ, ਮੋਟੀ ਅਤੇ ਸਾਹ ਲੈਣ ਯੋਗ ਲੱਗੀ, ਜਿਨ੍ਹਾਂ ਨੂੰ ਉਨ੍ਹਾਂ ਨੇ ਪਹਿਲਾਂ ਤਿੰਨ ਗੁਣਾ ਕੀਮਤ 'ਤੇ ਖਰੀਦਿਆ ਸੀ।

ਕੈਕਸੀਨ ਨੂੰ ਬਹੁਤ ਜ਼ਿਆਦਾ ਸਮਾਂ ਨਹੀਂ ਲੱਗਿਆ ਤੇ ਉਹ ਹੋਰ ਮਰਦਾਂ ਵਾਲੇ ਕੱਪੜੇ ਖਰੀਦਣ ਲੱਗ ਪਏ ਅਤੇ ਇਸ ਨੂੰ ਪਹਿਨਣ ਨੂੰ ਲੈ ਕੇ ਜਿਸ ਝਿਜਕ ਜਾਂ ਅਸਹਿਜਤਾ ਦੀ ਉਸਨੇ ਉਮੀਦ ਕੀਤੀ ਸੀ, ਉਹ ਕਦੇ ਮਹਿਸੂਸ ਹੀ ਨਹੀਂ ਹੋਈ।

ਉਹ ਕਹਿੰਦੀ ਹੈ, "ਸਮੇਂ ਦੇ ਨਾਲ, ਇਹ ਕੱਪੜੇ ਹੌਲੀ-ਹੌਲੀ ਉਨ੍ਹਾਂ ਦੀ ਅਲਮਾਰੀ 'ਤੇ ਹਾਵੀ ਹੋਣ ਲੱਗੇ, "ਜਿਵੇਂ ਕੋਈ ਹਮਲਾਵਰ ਪ੍ਰਜਾਤੀ ਜੋ ਅਸਲ ਕੱਪੜਿਆਂ ਨੂੰ ਹੌਲੀ-ਹੌਲੀ ਬਾਹਰ ਕੱਢ ਰਹੀ ਹੋਵੇ।"

### ਘੱਟ ਖਰਚ ਕਰਨ ਦੀ ਰੁਝਾਨ

ਇਹ ਰੁਝਾਨ ਉਸ ਸਮੇਂ ਸਾਹਮਣੇ ਆ ਰਿਹਾ ਹੈ ਜਦੋਂ 2022 ਦੇ ਅੰਤ ਵਿੱਚ ਕੋਵਿਡ-19 ਪਾਬੰਦੀਆਂ ਹਟਣ ਤੋਂ ਬਾਅਦ ਵੀ ਚੀਨ ਦੀ ਖਪਤਕਾਰ ਅਰਥਵਿਵਸਥਾ ਕਮਜ਼ੋਰ ਬਣੀ ਹੋਈ ਹੈ।

ਕੈਕਸਿਨ ਵਰਗੇ ਕਰਮਚਾਰੀਆਂ ਲਈ, ਜੋ ਸ਼ੰਘਾਈ ਵਿੱਚ ਮਸ਼ਹੂਰ ਅਤੇ ਕਾਫ਼ੀ ਸਖ਼ਤ "996" ਕੰਮਕਾਜੀ ਪ੍ਰਣਾਲੀ (ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ, ਹਫ਼ਤੇ ਵਿੱਚ ਛੇ ਦਿਨ) ਅਧੀਨ ਕੰਮ ਕਰਦੀ ਹੈ, ਵਿੱਤੀ ਸਾਵਧਾਨੀ ਹੁਣ ਆਮ ਗੱਲ ਬਣ ਗਈ ਹੈ।

ਹੁਣ ਉਹ ਨੌਕਰੀ ਬਦਲਣ ਲਈ ਪਹਿਲਾਂ ਨਾਲੋਂ ਘੱਟ ਉਤਸ਼ਾਹਿਤ ਹੈ ਅਤੇ ਕੱਪੜਿਆਂ ਵਰਗੀਆਂ ਜ਼ਰੂਰੀ ਚੀਜ਼ਾਂ 'ਤੇ ਵੀ ਵੱਡੀ ਰਕਮ ਖਰਚਣ ਤੋਂ ਕਤਰਾਉਂਦੀ ਹੈ।

ਇਸ ਪ੍ਰਸੰਗ ਵਿੱਚ ਕੁਝ ਖਪਤਕਾਰਾਂ ਨੇ "ਰਿਵਰਸ ਕੰਜ਼ਪਸ਼ਨ" ਦੇ ਰੁਝਾਨ ਨੂੰ ਅਪਨਾਇਆ ਹੈ, ਜਿਸ ਵਿੱਚ ਫਾਸਟ ਫੈਸ਼ਨ ਦੀ ਥਾਂ ਕੀਮਤ ਦੇ ਮੁਕਾਬਲੇ ਵਧੀਆ ਮੁੱਲ ਅਤੇ ਟਿਕਾਊਪਣ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਕੈਕਸਿਨ ਦਾ ਕਹਿਣਾ ਹੈ, "ਜੇ ਕੋਈ ਚੀਜ਼ ਫਿੱਟ ਨਾ ਆਵੇ ਤਾਂ ਉਸ ਨੂੰ ਵਾਪਸ ਕਰਨਾ ਆਸਾਨ ਹੈ। ਮੈਨੂੰ ਹੁਣ ਕੱਪੜਿਆਂ 'ਤੇ ਬਹੁਤ ਪੈਸਾ ਖਰਚਣ ਦਾ ਕੋਈ ਮਤਲਬ ਨਹੀਂ ਲੱਗਦਾ, ਵੈਸੇ ਵੀ ਮੈਂ ਕਿਸੇ ਕੱਪੜੇ ਨੂੰ ਇੱਕ ਸੀਜ਼ਨ ਤੋਂ ਵੱਧ ਨਹੀਂ ਪਹਿਨਦੀ।"

### ਸਾਈਜ਼ ਦਾ ਮਸਲਾ

ਕਈ ਔਰਤਾਂ ਲਈ ਇਹ ਬਦਲਾਅ ਲਿੰਗ ਪਛਾਣ ਬਾਰੇ ਕੋਈ ਬਿਆਨ ਦੇਣ ਨਾਲੋਂ ਵੱਧ ਵਿਹਾਰਕ ਲੋੜਾਂ ਨਾਲ ਜੁੜਿਆ ਹੋਇਆ ਹੈ।

ਚੀਨ ਵਿੱਚ ਔਰਤਾਂ ਦੇ ਕੱਪੜਿਆਂ ਦੀ ਸਭ ਤੋਂ ਵੱਧ ਆਲੋਚਨਾ ਉਨ੍ਹਾਂ ਦੇ ਸਾਈਜ਼ ਨੂੰ ਲੈ ਕੇ ਕੀਤੀ ਜਾਂਦੀ ਹੈ।

ਡੋਇਨ ਅਤੇ ਜਿਉਹੋਂਗਸ਼ੂ ਵਰਗੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਪਤਲੇ ਸਰੀਰ ਵਾਲੀਆਂ ਇਨਫਲੂਐਂਸਰ ਅਕਸਰ ਦਿਖਾਉਂਦੀਆਂ ਹਨ ਕਿ ਕਥਿਤ ਤੌਰ 'ਤੇ ਵੱਡੇ ਸਾਈਜ਼ ਵੀ ਉਨ੍ਹਾਂ ਨੂੰ ਮੁਸ਼ਕਲ ਨਾਲ ਹੀ ਫਿੱਟ ਆਉਂਦੇ ਹਨ।

ਅਜਿਹੀਆਂ ਐਕਸ ਐੱਲ (ਐਕਸਟਰਾ ਲਾਰਜ) ਲੇਬਲ ਵਾਲੀਆਂ ਡਰੈੱਸਾਂ ਵੀ ਦੇਖਣ ਨੂੰ ਮਿਲਦੀਆਂ ਹਨ ਜੋ ਪੱਟ 'ਤੇ ਹੀ ਨਹੀਂ ਚੜ੍ਹਦੀਆਂ, ਜਾਂ ਫਿਰ ਅਜਿਹੀਆਂ ਸਾਈਜ਼ਿੰਗ ਪ੍ਰਣਾਲੀਆਂ ਜਿਨ੍ਹਾਂ ਵਿੱਚ ਮੁਕਾਬਲਤਨ ਪਤਲੀਆਂ ਔਰਤਾਂ ਨੂੰ ਵੀ ਸਭ ਤੋਂ ਛੋਟੇ ਸਾਈਜ਼ਾਂ ਵਿੱਚ ਰੱਖਿਆ ਜਾਂਦਾ ਹੈ।

ਦੂਜੇ ਪਾਸੇ, ਲੰਬੇ ਕੱਦ ਵਾਲੀਆਂ ਔਰਤਾਂ ਨੂੰ ਬਹੁਤ ਜਲਦੀ ਵੱਡੇ ਸਾਈਜ਼ਾਂ ਦੀ ਸ਼੍ਰੇਣੀ ਵਿੱਚ ਧੱਕ ਦਿੱਤਾ ਜਾਂਦਾ ਹੈ।

ਇੱਕ ਵਾਇਰਲ ਵੀਡੀਓ ਵਿੱਚ ਇੱਕ ਬਲੌਗਰ ਆਪਣੇ ਪੂਡਲ ਕੁੱਤੇ ਨੂੰ ਐੱਲ ਸਾਈਜ਼ ਦਾ ਟੌਪ ਪਹਿਨਾਉਂਦੀ ਹੈ ਅਤੇ ਉਹ ਉਸਨੂੰ ਬਿਲਕੁਲ ਫਿੱਟ ਆ ਜਾਂਦਾ ਹੈ।

ਸ਼ੰਘਾਈ ਦੀ ਵਕੀਲ ਲੀ, ਜਿਸਨੇ ਆਪਣਾ ਸਿਰਫ਼ ਉਪਨਾਮ ਹੀ ਜਨਤਕ ਕਰਨ ਦੀ ਬੇਨਤੀ ਕੀਤੀ, ਕਹਿੰਦੀ ਹੈ ਕਿ ਉਹ ਕਾਫ਼ੀ ਪਹਿਲਾਂ ਹੀ ਮਰਦਾਂ ਦੇ ਕੱਪੜਿਆਂ ਵੱਲ ਮੁੜ ਗਈ ਸੀ ਕਿਉਂਕਿ ਔਰਤਾਂ ਦੇ ਕੱਪੜੇ ਉਸਨੂੰ ਸ਼ਾਇਦ ਹੀ ਕਦੇ ਢੰਗ ਨਾਲ ਫਿੱਟ ਆਉਂਦੇ ਸਨ। ਉਨ੍ਹਾਂ ਦੀ ਲੰਬਾਈ 170 ਸੈਂਟੀਮੀਟਰ ਹੈ ਅਤੇ ਉਨ੍ਹਾਂ ਦੇ ਮੋਢੇ ਚੌੜੇ ਹਨ।

ਲੀ ਦੱਸਦੀ ਹੈ ਕਿ ਯੂਰਪ ਵਿੱਚ ਪੜ੍ਹਾਈ ਕਰਨ ਤੱਕ ਉਨ੍ਹਾਂ ਨੂੰ ਇਹ ਅਹਿਸਾਸ ਹੀ ਨਹੀਂ ਹੋਇਆ ਸੀ ਕਿ ਐੱਮ (ਮੀਡੀਅਮ) ਸਾਈਜ਼ ਦੇ ਕੱਪੜੇ ਵੀ ਉਨ੍ਹਾਂ ਨੂੰ ਬਿਲਕੁਲ ਢੰਗ ਨਾਲ ਫਿੱਟ ਆ ਸਕਦੇ ਹਨ।

ਉਹ ਕਹਿੰਦੀ ਹੈ, "ਮੈਨੂੰ ਲੱਗਦਾ ਹੈ ਕਿ ਇੱਥੇ ਔਰਤਾਂ ਦੇ ਕੱਪੜੇ ਮੇਰੇ ਵਰਗੇ ਸਰੀਰਕ ਬਣਤਰ ਵਾਲੇ ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਏ ਹੀ ਨਹੀਂ ਜਾਂਦੇ।"

ਉਹ ਮਰਦਾਂ ਦੇ ਕੱਪੜਿਆਂ ਦੀ ਵਿਹਾਰਕਤਾ ਵੱਲ ਵੀ ਇਸ਼ਾਰਾ ਕਰਦੀ ਹੈ। ਉਨ੍ਹਾਂ ਦੇ ਮੁਤਾਬਕ, ਐੱਮ ਸਾਈਜ਼ ਦੀ ਇੱਕ ਮਰਦਾਂ ਦੀ ਪੈਂਟ ਦੀਆਂ ਜੇਬਾਂ ਵਿੱਚ 11 ਇੰਚ ਦਾ ਟੈਬਲੇਟ ਅਤੇ ਇੱਕ ਕਿਤਾਬ ਆਸਾਨੀ ਨਾਲ ਆ ਸਕਦੇ ਹਨ ਅਤੇ ਇਸ ਨਾਲ ਪੈਂਟ ਦੀ ਫਿੱਟਿੰਗ 'ਤੇ ਵੀ ਕੋਈ ਅਸਰ ਨਹੀਂ ਪੈਂਦਾ।

ਉਹ ਕਹਿੰਦੀ ਹੈ, "ਕੀ ਔਰਤਾਂ ਦੇ ਕਿਹੜੇ ਕੱਪੜੇ ਅਜਿਹਾ ਕਰ ਸਕਦੇ ਹਨ? ਇੱਥੋਂ ਤੱਕ ਕਿ ਲਿਪਸਟਿਕ ਵੀ ਨਾਲ ਰੱਖੋ ਤਾਂ ਸਰੀਰ ਉਭਰਿਆ ਹੋਇਆ ਦਿਖਾਈ ਦੇਣ ਲੱਗਦਾ ਹੈ।"

### ਉਦਯੋਗ 'ਤੇ ਦਬਾਅ

ਦਰਮਿਆਨੇ ਆਕਾਰ ਦੇ ਇੱਕ ਫੈਸ਼ਨ ਬ੍ਰਾਂਡ ਵਿੱਚ ਡਿਜ਼ਾਈਨਰ ਵਾਂਗ ਦੇ ਅਨੁਸਾਰ, ਕੱਪੜਿਆਂ ਦੇ ਸਾਈਜ਼ ਅਤੇ ਗੁਣਵੱਤਾ ਨਾਲ ਜੁੜੀਆਂ ਸਮੱਸਿਆਵਾਂ ਅਸਲ ਵਿੱਚ ਉਦਯੋਗ 'ਤੇ ਪੈ ਰਹੇ ਵੱਡੇ ਦਬਾਅ ਦੀ ਝਲਕ ਹਨ।

ਮਹਾਮਾਰੀ ਤੋਂ ਬਾਅਦ ਚੀਨ ਦਾ ਕੱਪੜਾ ਉਦਯੋਗ ਕਾਫ਼ੀ ਸੁੰਗੜ ਗਿਆ ਹੈ। ਉਤਪਾਦਨ ਅਤੇ ਬਰਾਮਦਗੀ ਦੋਵਾਂ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ। ਇਸ ਦੇ ਨਾਲ ਹੀ, ਪ੍ਰਚੂਨ ਵਿਕਰੀ ਵਿੱਚ ਵਾਧਾ ਵੀ ਕਾਫ਼ੀ ਹੌਲਾ ਪੈ ਗਿਆ ਹੈ।

2024 ਵਿੱਚ ਇਹ ਵਾਧਾ ਸਿਰਫ਼ 0.1 ਫ਼ੀਸਦੀ ਰਿਹਾ, ਜਦਕਿ 2023 ਵਿੱਚ ਇਹ ਲਗਭਗ 15 ਫ਼ੀਸਦੀ ਸੀ।

ਹੁਣ ਕੰਪਨੀਆਂ ਨਵੇਂ ਡਿਜ਼ਾਈਨਾਂ ਦੀ ਗਿਣਤੀ ਘਟਾ ਰਹੀਆਂ ਹਨ ਅਤੇ ਖਪਤਕਾਰ, ਜਿਨ੍ਹਾਂ ਕੋਲ ਪਹਿਲਾਂ ਹੀ ਕਾਫ਼ੀ ਕੱਪੜੇ ਹਨ, ਖਰੀਦਦਾਰੀ ਵਿੱਚ ਕਟੌਤੀ

## ਟਰੰਪ ਨੂੰ ਧਮਕੀ ਦੇਣ ਵਾਲੇ ਕੈਨੇਡੀਅਨ ਪੁਲੀਸ ਅਫ਼ਸਰ ਵਿਰੁੱਧ ਕੇਸ ਦਰਜ



ਰਾਇਲ ਕੈਨੇਡਾ ਮਾਂਉਂਟਿਡ ਪੁਲੀਸ ਦੇ ਇੱਕ ਅਫਸਰ ਵਿਰੁੱਧ ਅਮਰੀਕਨ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਆਨਲਾਈਨ ਧਮਕੀ ਦੇਣ ਦਾ ਅਪਰਾਧਕ ਮਾਮਲਾ ਦਰਜ ਕੀਤਾ ਗਿਆ ਹੈ। ਪੁਲੀਸ ਕਰਮੀ ਨੂੰ ਡਿਊਟੀ ਤੋਂ ਉਦੋਂ ਹੀ ਫਾਰਗ ਕਰ ਦਿੱਤਾ ਗਿਆ ਸੀ, ਜਦ ਉਸ ਨੇ ਪਿਛਲੇ ਸਾਲ ਸਨੈਪਚੈਟ ਤੇ ਧਮਕੀਆਂ ਭਰੀ ਵੀਡੀਓ ਪੋਸਟ ਕੀਤੀ ਸੀ।

ਕਿਊਬਕ 'ਚ ਤਾਇਨਾਤ ਪੁਲੀਸ ਅਫਸਰ ਦੀ ਪਛਾਣ 34 ਸਾਲਾ ਈਵਨਸਨ ਡੁਮੈਰਲਸ ਵਜੋਂ ਦੱਸੀ ਗਈ ਹੈ, ਜੋ ਜੀ-7 ਮੌਕੇ ਅਲਬਰਟਾ 'ਚ ਸੰਮੇਲਨ ਸਥਾਨ ਤੇ ਓਵਰਸੀਜ਼ ਸਕਿਉਰਟੀ ਡਿਊਟੀ ਭਾਵ ਵਿਦੇਸ਼ਾਂ ਤੋਂ ਆਉਣ ਵਾਲੇ ਵਿਅਕਤੀਆਂ ਦੀ ਸੁਰੱਖਿਆ ਡਿਊਟੀ ਤੇ ਤਾਈਨਾਤ ਕੀਤਾ ਗਿਆ ਸੀ।

ਜਿਵੇਂ ਹੀ ਉਸ ਦੀ ਵੀਡੀਓ ਵਾਇਰਲ ਹੋਈ ਤਾਂ ਉਸਨੂੰ ਤੁਰੰਤ ਡਿਊਟੀ ਤੋਂ ਫਾਰਗ ਕਰਕੇ ਜਾਂਚ ਸ਼ੁਰੂ ਕੀਤੀ ਗਈ ਸੀ। ਵਿਸ਼ੇਸ਼ ਜਾਂਚ ਟੀਮ ਵਲੋਂ ਪਿਛਲੇ ਦਿਨੀਂ ਰਿਪੋਰਟ ਚ ਦੋਸ਼ੀ ਪਾਏ ਗਏ ਪੁਲੀਸ ਅਫਸਰ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ। ਬੇਸ਼ੱਕ ਉਸ ਨੇ ਕੁਝ ਘੰਟਿਆਂ ਬਾਅਦ ਆਪਣੀ ਸਨੈਪਚੈਟ ਵੀਡੀਓ ਡਿਲੀਟ ਕਰ ਦਿੱਤੀ ਗਈ ਸੀ, ਪਰ ਸੁਰੱਖਿਆ ਅਫਸਰ ਵਲੋਂ ਇੰਝ ਕੀਤੇ ਜਾਣ ਨੂੰ ਗੰਭੀਰ ਅਪਰਾਧ ਮੰਨਿਆ ਗਿਆ। ਉਸ ਨੂੰ 30 ਜੁਲਾਈ ਨੂੰ ਅਦਾਲਤ 'ਚ ਪੇਸ਼ ਕੀਤਾ ਜਾਵੇਗਾ।

## ਪਰਵਾਸੀਆਂ ਕਾਰਨ ਆਸਟਰੇਲੀਆ ਦੀ ਆਬਾਦੀ ਵਿੱਚ ਤੇਜ਼ ਵਾਧਾ




ਆਸਟਰੇਲਿਆਈ ਅੰਕੜਾ ਬਿਊਰੋ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਨੇ ਦੇਸ਼ ਦੀ ਵਧਦੀ ਆਬਾਦੀ ਨੂੰ ਲੈ ਕੇ ਨਵੀਂ ਚਰਚਾ ਛੇੜ ਦਿੱਤੀ ਹੈ। ਦਸੰਬਰ 2025 ਤੱਕ ਆਸਟਰੇਲੀਆ ਦੀ ਆਬਾਦੀ ਲਗਪਗ 2 ਕਰੋੜ 78 ਲੱਖ ਤੱਕ ਪਹੁੰਚ ਗਈ ਸੀ। ਸਿਰਫ਼ ਇੱਕ ਸਾਲ ਦੌਰਾਨ ਕਰੀਬ 4 ਲੱਖ 12 ਹਜ਼ਾਰ ਲੋਕ ਆਬਾਦੀ ਵਿੱਚ ਵਾਧੇ ਵਜੋਂ ਸ਼ਾਮਲ ਹੋਏ।

ਹੈਰਾਨੀਜਨਕ ਹੈ ਕਿ ਇਸ ਵਾਧੇ ਵਿੱਚੋਂ ਕਰੀਬ 3 ਲੱਖ 1 ਹਜ਼ਾਰ ਲੋਕ ਵਿਦੇਸ਼ਾਂ ਤੋਂ ਆਏ ਪਰਵਾਸੀਆਂ ਕਾਰਨ ਸ਼ਾਮਲ ਹੋਏ, ਜਦਕਿ ਜਨਮਾਂ ਅਤੇ ਮੌਤਾਂ ਦੇ ਫ਼ਰਕ ਨਾਲ ਵਾਧਾ ਕੇਵਲ 1 ਲੱਖ 11 ਹਜ਼ਾਰ ਰਿਹਾ। ਦੂਜੇ ਸ਼ਬਦਾਂ ਵਿੱਚ ਹਰ 10 ਨਵੇਂ ਵਸਨੀਕਾਂ ਵਿੱਚੋਂ ਲਗਪਗ 7 ਵਿਦੇਸ਼ਾਂ ਤੋਂ ਆਏ।

ਅੰਕੜਿਆਂ ਅਨੁਸਾਰ ਔਸਤਨ ਹਰ ਰੋਜ਼ 1,100 ਤੋਂ ਵੱਧ ਲੋਕ ਆਸਟਰੇਲੀਆ ਦੀ ਆਬਾਦੀ ਵਿੱਚ ਜੁੜੇ। ਇਸ ਤੇਜ਼ ਵਾਧੇ ਨੇ ਮਕਾਨਾਂ ਦੀ ਕਮੀ, ਕਿਰਾਏ ਦੀਆਂ ਵਧਦੀਆਂ ਕੀਮਤਾਂ ਅਤੇ ਬੁਨਿਆਦੀ ਸਹੂਲਤਾਂ ਉੱਤੇ ਦਬਾਅ ਬਾਰੇ ਚਿੰਤਾਵਾਂ ਹੋਰ ਵਧਾ ਦਿੱਤੀਆਂ ਹਨ।

ਸਰਕਾਰ ਦਾ ਕਹਿਣਾ ਹੈ ਕਿ ਪਰਵਾਸੀਆਂ ਦੀ ਗਿਣਤੀ ਪਹਿਲਾਂ ਨਾਲੋਂ ਘਟ ਰਹੀ ਹੈ ਅਤੇ ਹਾਲਾਤ ਕਾਬੂ ਵਿੱਚ ਹਨ ਪਰ ਆਲੋਚਕ ਸਵਾਲ ਪੁੱਛ ਰਹੇ ਹਨ ਕਿ ਜਦੋਂ ਘਰ ਪਹਿਲਾਂ ਹੀ ਘੱਟ ਹਨ ਤਾਂ ਇੰਨੇ ਨਵੇਂ ਲੋਕਾਂ ਲਈ ਰਹਿਣ ਦੀ ਥਾਂ ਕਿੱਥੋਂ ਆਵੇਗੀ। ਇਹੀ ਸਵਾਲ ਹੁਣ ਦੇਸ਼ ਭਰ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।


SIKH GAMES CANADA
A MEGA SPORTS EVENT IN CANADA
SIKH GAMES CANADA 2026
July 1st to 5th, 2026
12601 64 AVE, TAMANAWIS PARK, SURREY BC
FREE ENTRY
LIVE TELECAST
18TH LIONS CUP
International Hockey Tournament
TRACK AND FIELD
WRESTLING
VOLLEYBALL
SMASHING
VOLLEYBALL
SHOOTING (MEDIUM)
LIONS
LIONS
FIELD HOCKEY
LIONS CUP INTERNATIONAL
3 MATCH FIELD HOCKEY SERIES
CANADA VS USA
JUNE 29TH, JUNE 30TH & JULY 2ND 2026
TUG OF WAR
CULTURAL PROGRAM
LAMBORGHINI SHOW
OVER 65 RACE
GURU KA LANGAR
GATKA AKHARA
MOTORCYCLE CLUB
TRACTOR SHOW
JEEP CLUB SHOW
+1-604-621-3500
info@sikhgamescanada.com
www.sikhgamescanada.com




# ਸਪੋਰਟਸ/ਖੇਡਾਂ



## ਫੀਫਾ ਵਰਲਡ ਕੱਪ: ਅਰਜਨਟੀਨਾ ਨੇ ਅਲਜੀਰੀਆ ਨੂੰ 3-0 ਨਾਲ ਹਰਾਇਆ

ਲਿਓਨਲ ਮੈਸੀ ਨੇ ਆਲਮੀ ਫੁਟਬਾਲ ਕੱਪ ਵਿੱਚ ਆਪਣੀ ਪਹਿਲੀ ਹੈਟ੍ਰਿਕ ਦਰਜ ਕੀਤੀ ਹੈ ਅਤੇ ਇਸ ਦੇ ਨਾਲ ਹੀ ਉਹ ਟੂਰਨਾਮੈਂਟ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਗੋਲ ਕਰਨ ਵਾਲੇ ਖਿਡਾਰੀਆਂ ਦੀ ਸੂਚੀ ਵਿੱਚ ਸਾਂਝੇ ਤੌਰ ’ਤੇ ਪਹਿਲੇ ਨੰਬਰ ’ਤੇ ਪਹੁੰਚ ਗਿਆ ਹੈ। ਉਸ ਦੇ ਇਸ ਸ਼ਾਨਦਾਰ ਪ੍ਰਦਰਸ਼ਨ ਦੀ ਬਦੌਲਤ ਮੌਜੂਦਾ ਚੈਂਪੀਅਨ ਅਰਜਨਟੀਨਾ ਨੇ ਗਰੁੱਪ ਸਟੇਜ ਦੇ ਆਪਣੇ ਪਹਿਲੇ ਮੈਚ ਵਿੱਚ ਅਲਜੀਰੀਆ ’ਤੇ 3-0 ਨਾਲ ਸ਼ਾਨਦਾਰ ਜਿੱਤ ਦਰਜ ਕੀਤੀ। ਮੈਸੀ ਨੇ ਮੰਗਲਵਾਰ ਰਾਤ ਖੇਡੇ ਗਏ ਮੈਚ ਦੇ ਸ਼ੁਰੂਆਤੀ ਮਿੰਟਾਂ ਵਿੱਚ ਹੀ ਆਪਣੇ ਇੰਟਰ ਮਿਆਮੀ ਦੇ ਸਾਥੀ ਖਿਡਾਰੀ ਰੋਡਰਿਗੋ ਡੀ ਪੌਲ ਦੇ ਸ਼ਾਨਦਾਰ ਪਾਸ ’ਤੇ ਪਹਿਲਾ ਗੋਲ ਦਾਗ਼ਿਆ। ਦੂਜਾ ਗੋਲ ਉਸ ਨੇ ਦੂਜੇ ਅੱਧ ਦੇ ਸ਼ੁਰੂ ਵਿੱਚ ਰੀਬਾਊਂਡ (ਬਾਲ ਦਾ ਵਾਪਸ ਆਉਣਾ) ’ਤੇ ਕੀਤਾ। ਇਸ ਤੋਂ ਤੁਰੰਤ ਬਾਅਦ, ਉਸ ਨੇ ਪੈਨਲਟੀ ਬਾਕਸ ਦੇ ਉੱਪਰੋਂ



ਜ਼ਬਰਦਸਤ ਸ਼ਾਟ ਲਾ ਕੇ ਆਪਣਾ ਤੀਜਾ ਗੋਲ ਕਰਦਿਆਂ ਹੈਟ੍ਰਿਕ ਪੂਰੀ ਕੀਤੀ। ਹੈਟ੍ਰਿਕ ਬਣਾਉਣ ਤੋਂ ਤੁਰੰਤ ਬਾਅਦ ਜਦੋਂ ਉਹ ਮੈਦਾਨ ਤੋਂ ਬਾਹਰ ਗਿਆ, ਤਾਂ ਅਰਜਨਟੀਨਾ ਦੇ ਸਮਰਥਕਾਂ ਨਾਲ ਭਰੇ ਸਟੇਡੀਅਮ ਨੇ ਖੜ੍ਹੇ ਹੋ ਕੇ ਤਾੜੀਆਂ ਨਾਲ ਉਸ ਦੀ ਹੌਸਲਾ ਅਫ਼ਜ਼ਾਈ ਕੀਤੀ। ਇਨ੍ਹਾਂ ਤਿੰਨ ਗੋਲਾਂ ਨਾਲ ਮੈਸੀ ਦੇ ਵਿਸ਼ਵ ਕੱਪ ਕਰੀਅਰ ਦੇ ਕੁੱਲ 16 ਗੋਲ ਹੋ ਗਏ ਹਨ, ਜਿਸ ਨਾਲ ਉਸ ਨੇ ਜਰਮਨੀ ਦੇ ਮਿਰੋਸਲਾਵ ਕਲੋਜ਼ ਦੇ ਸਰਵਕਾਲੀ ਰਿਕਾਰਡ ਦੀ ਬਰਾਬਰੀ ਕਰ ਲਈ ਹੈ। ਉਹ ਪੁਰਤਗਾਲ ਦੇ ਕ੍ਰਿਸਟੀਆਨੋ ਰੋਨਾਲਡੋ ਤੋਂ ਬਾਅਦ ਪੰਜ ਵੱਖ-ਵੱਖ ਵਿਸ਼ਵ ਕੱਪਾਂ ਵਿੱਚ ਗੋਲ ਕਰਨ ਵਾਲਾ ਦੁਨੀਆ ਦਾ ਦੂਜਾ ਖਿਡਾਰੀ ਬਣ ਗਿਆ ਹੈ। ਰਿਕਾਰਡ ਛੇਵੀਂ ਵਾਰ ਵਿਸ਼ਵ ਕੱਪ ਖੇਡ ਰਹੇ ਮੈਸੀ ਨੇ ਮੈਚ ਤੋਂ ਬਾਅਦ ਕਿਹਾ, ‘‘ਵਿਸ਼ਵ ਕੱਪ ਦੇ ਪਹਿਲੇ ਮੈਚ ਹਮੇਸ਼ਾ ਮੁਸ਼ਕਲ ਹੁੰਦੇ ਹਨ, ਅਤੇ ਅਸੀਂ ਦੇਖ ਰਹੇ ਹਾਂ ਕਿ ਇੱਥੇ ਕੋਈ ਵੀ ਟੀਮ ਆਸਾਨੀ ਨਾਲ ਹਾਰ ਨਹੀਂ ਮੰਨ ਰਹੀ।’’

## ਫਰਾਂਸ ਦੇ ਐੱਮਬਾਪੇ ਨੇ ਪੇਲੇ ਨੂੰ ਪਿੱਛੇ ਛੱਡਿਆ



ਕਿਲੀਅਨ ਐੱਮਬਾਪੇ ਨੇ ਆਲਮੀ ਫੀਫਾ ਕੱਪ ਵਿੱਚ ਸਭ ਤੋਂ ਵੱਧ ਗੋਲ ਕਰਨ ਦੀ ਸੂਚੀ ਵਿੱਚ ਮਹਾਨ ਖਿਡਾਰੀ ਪੇਲੇ ਨੂੰ ਪਿੱਛੇ ਛੱਡ ਦਿੱਤਾ ਹੈ ਅਤੇ ਫਰਾਂਸ ਦੀ ਕੌਮੀ ਟੀਮ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਗੋਲ ਦਾਗ਼ਣ ਵਾਲਾ ਖਿਡਾਰੀ ਬਣ ਗਿਆ ਹੈ। ਐੱਮਬਾਪੇ ਨੇ ਮੰਗਲਵਾਰ ਨੂੰ ਸੇਨੇਗਲ ਵਿਰੁੱਧ ਫਰਾਂਸ ਦੀ 3-1 ਦੀ ਜਿੱਤ ਨਾਲ ਹੋਈ ਸ਼ੁਰੂਆਤ ਦੌਰਾਨ ਆਪਣੇ ਵਿਸ਼ਵ ਕੱਪ ਕਰੀਅਰ ਦੇ 13ਵੇਂ ਅਤੇ 14ਵੇਂ ਗੋਲ ਕੀਤਾ। ਕੌਮਾਂਤਰੀ ਪੱਧਰ ’ਤੇ ਇਹ ਉਸ ਦੇ 57ਵੇਂ ਅਤੇ 58ਵੇਂ ਗੋਲ ਸਨ, ਜਿਸ ਨਾਲ ਉਸ ਨੇ ਓਲਿਵਰ ਜਿਰੂਦ ਦੇ ਰਿਕਾਰਡ ਦੀ ਬਰਾਬਰੀ ਕਰਦਿਆਂ ਉਸ ਨੂੰ ਪਿੱਛੇ ਛੱਡ ਦਿੱਤਾ ਅਤੇ ਦੇਸ਼ ਦੇ ਸ਼ਾਨਦਾਰ ਫੁਟਬਾਲ ਇਤਿਹਾਸ ਵਿੱਚ ਸਭ ਤੋਂ ਉੱਚਾ ਮੁਕਾਮ ਹਾਸਲ ਕਰ ਲਿਆ ਹੈ।

ਐੱਮਬਾਪੇ ਨੇ ਫਰੈਂਚ ਭਾਸ਼ਾ ਵਿੱਚ ਗੱਲ ਕਰਦਿਆਂ ਕਿਹਾ, ‘‘ਮੈਂ ਆਪਣੇ ਦੇਸ਼ ਲਈ ਇਤਿਹਾਸ ਰਚਣ ਅਤੇ ਆਪਣੀ ਟੀਮ ਨੂੰ ਆਲਮੀ ਕੱਪ ਜਿਤਾਉਣ ਲਈ ਖੇਡਦਾ ਹਾਂ।’’ ਉਸ ਨੇ ਇਹ ਵੀ ਦੱਸਿਆ ਕਿ ਜਦੋਂ ਉਸ ਨੇ ਗੋਲ ਕੀਤੇ ਤਾਂ ਉਹ ਆਪਣੇ ਪਰਿਵਾਰ, ਦੋਸਤਾਂ ਅਤੇ ਪਿਆਰਿਆਂ ਬਾਰੇ ਸੋਚ ਰਿਹਾ ਸੀ। ਮੈਚ ਦੇ ਦੂਜੇ ਅੱਧ ਦੀ ਸ਼ੁਰੂਆਤ ਸਣੇ ਐੱਮਬਾਪੇ ਨੂੰ ਗੋਲ ਕਰਨ ਦੇ ਕਈ ਸ਼ਾਨਦਾਰ ਮੌਕੇ ਮਿਲੇ ਸਨ, ਪਰ ਸੇਨੇਗਲ ਦੇ ਗੋਲਕੀਪਰ ਐਡੂਅਰਡ ਮੈਂਡੀ ਨੇ ਉਨ੍ਹਾਂ ਨੂੰ ਨਾਕਾਮ ਕਰ ਦਿੱਤਾ। ਆਖ਼ਰਕਾਰ 66ਵੇਂ ਮਿੰਟ ਵਿੱਚ ਐੱਮਬਾਪੇ ਨੇ ਆਪਣਾ ਪਹਿਲਾ ਗੋਲ ਦਾਗ਼ਿਆ। ਇਸ ਤੋਂ ਬਾਅਦ, ਮੈਚ ਦੇ ਅੰਤਿਮ ਵਾਧੂ ਸਮੇਂ ਦੇ ਛੇਵੇਂ ਮਿੰਟ ਵਿੱਚ ਸੇਨੇਗਲ ਵੱਲੋਂ ਆਪਣਾ ਪਹਿਲਾ ਗੋਲ ਕੀਤੇ ਜਾਣ ਦੇ ਮਹਿਜ਼ ਕੁਝ ਸਕਿੰਟਾਂ ਬਾਅਦ ਐੱਮਬਾਪੇ ਨੇ ਕਾਫ਼ੀ ਫ਼ਾਸਲੇ ਤੋਂ ਇੱਕ ਹੋਰ ਸ਼ਾਨਦਾਰ ਗੋਲ ਕਰ ਦਿੱਤਾ।

## ਆਨਲਾਈਨ ਨਸਲਵਾਦ ਦਾ ਨਿਸ਼ਾਨਾ—ਕੈਨੇਡਾ ਦੀ ਫੁੱਟਬਾਲ ਟੀਮ

ਕੈਨੇਡਾ ਦੀ ਪੁਰਸ਼ ਕੌਮੀ ਫੁੱਟਬਾਲ ਟੀਮ ਦੇ ਖਿਡਾਰੀਆਂ ਨੇ ਸੋਸ਼ਲ ਮੀਡੀਆ ਕੰਪਨੀਆਂ ਅਤੇ ਸੰਘੀ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਆਨਲਾਈਨ ਨਸਲਵਾਦ, ਨਫ਼ਰਤੀ ਭਾਸ਼ਾ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਖ਼ਿਲਾਫ਼ ਸਖ਼ਤ ਕਦਮ ਚੁੱਕੇ ਜਾਣ। ਖਿਡਾਰੀਆਂ ਦਾ ਕਹਿਣਾ ਹੈ ਕਿ ਦੇਸ਼ ਦੀ ਨੁਮਾਇੰਦਗੀ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਸੋਸ਼ਲ ਮੀਡੀਆ ’ਤੇ ਲਗਾਤਾਰ ਨਸਲੀ ਟਿੱਪਣੀਆਂ ਅਤੇ ਧਮਕੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

2026 ਫੀਫਾ ਵਿਸ਼ਵ ਕੱਪ ਦੀ ਸਾਂਝੀ ਮੇਜ਼ਬਾਨੀ ਕਰ ਰਹੇ ਕੈਨੇਡਾ ਦੇ ਕਈ ਖਿਡਾਰੀਆਂ ਮੁਤਾਬਕ ਮੈਚਾਂ ਤੋਂ ਤੁਰੰਤ ਬਾਅਦ ਉਨ੍ਹਾਂ ਦੇ ਸੋਸ਼ਲ ਮੀਡੀਆ ਖਾਤਿਆਂ ’ਤੇ ਨਫ਼ਰਤੀ ਸੁਨੇਹਿਆਂ ਦੀ ਬਾਰਿਸ਼ ਹੋ ਜਾਂਦੀ ਹੈ। ਇਹ ਸੁਨੇਹੇ ਅਕਸਰ ਕਿਸੇ ਖੇਡ ਗਲਤੀ, ਸਖ਼ਤ ਟੈਕਲ ਜਾਂ ਵਿਰੋਧੀ ਖਿਡਾਰੀ ਨਾਲ ਹੋਈ ਘਟਨਾ ਤੋਂ ਬਾਅਦ ਆਉਂਦੇ ਹਨ।

ਡਿਫੈਂਡਰ ਮੋਇਜ਼ ਬੋਮਬੀਟੋ ਨੇ ਦੱਸਿਆ ਕਿ 2024 ਕੋਪਾ ਅਮਰੀਕਾ ਦੌਰਾਨ ਅਰਜਨਟੀਨਾ ਦੇ ਸਟਾਰ ਖਿਡਾਰੀ ਲਿਓਨਲ ਮੈਸੀ ਖ਼ਿਲਾਫ਼ ਕੀਤੀ ਗਈ ਇੱਕ ਸਖ਼ਤ ਟੈਕਲ ਤੋਂ ਬਾਅਦ ਉਨ੍ਹਾਂ ਨੂੰ ਹਜ਼ਾਰਾਂ ਨਸਲਵਾਦੀ ਟਿੱਪਣੀਆਂ ਮਿਲੀਆਂ। ਉਨ੍ਹਾਂ ਕਿਹਾ ਕਿ ਇਸ ਤਜਰਬੇ ਨੇ ਉਨ੍ਹਾਂ ਨੂੰ ਇਹ ਅਹਿਸਾਸ ਕਰਵਾਇਆ ਕਿ ਆਧੁਨਿਕ ਸਮਾਜ ਵਿੱਚ ਵੀ ਨਸਲਵਾਦ ਡੂੰਘੀਆਂ ਜੜ੍ਹਾਂ ਰੱਖਦਾ ਹੈ।




ਬੋਮਬੀਟੋ ਦੀ ਮਾਰਕੀਟਿੰਗ ਏਜੰਟ ਨਾਦੀਆ ਅਲੀ ਅਨੁਸਾਰ ਮੈਚ ਤੋਂ ਬਾਅਦ ਸੈਂਕੜੇ ਨਸਲੀ ਟਿੱਪਣੀਆਂ ਦੀ ਸ਼ਿਕਾਇਤ ਮੈਟਾ ਕੋਲ ਕੀਤੀ ਗਈ ਸੀ, ਪਰ ਕਥਿਤ ਤੌਰ ’ਤੇ ਕੰਪਨੀ ਨੇ ਜਵਾਬ ਦਿੱਤਾ ਕਿ ਇਹ ਸਮੱਗਰੀ ਉਸ ਦੀਆਂ ਨੀਤੀਆਂ ਦੀ ਉਲੰਘਣਾ ਨਹੀਂ ਕਰਦੀ। ਦੂਜੇ ਪਾਸੇ ਮੈਟਾ ਨੇ ਕਿਹਾ ਹੈ ਕਿ ਉਸ ਦੇ ਪਲੇਟਫਾਰਮਾਂ ’ਤੇ ਨਸਲੀ ਦੁਰਵਿਵਹਾਰ ਲਈ ਕੋਈ ਥਾਂ ਨਹੀਂ ਹੈ ਅਤੇ ਇਸ ਨੂੰ ਰੋਕਣ ਲਈ ਵੱਖ-ਵੱਖ ਸੁਰੱਖਿਆ ਉਪਾਅ ਲਾਗੂ ਕੀਤੇ ਗਏ ਹਨ।

ਕੈਨੇਡਾ ਦੇ ਮੁੱਖ ਕੋਚ ਜੈਸੀ ਮਾਰਸ਼ ਨੇ ਕਿਹਾ ਕਿ ਬੋਮਬੀਟੋ ਨਾਲ ਹੋਏ ਸਲੂਕ ਨੇ ਉਨ੍ਹਾਂ ਨੂੰ ਡੂੰਘਾ ਦੁਖ ਪਹੁੰਚਾਇਆ। ਉਨ੍ਹਾਂ ਕਿਹਾ ਕਿ ਟੀਮ ਦੇ ਖਿਡਾਰੀ ਨਾ ਸਿਰਫ਼ ਮੈਦਾਨ ’ਤੇ, ਸਗੋਂ ਮੈਦਾਨ ਤੋਂ ਬਾਹਰ ਵੀ ਦਬਾਅ ਅਤੇ ਮਾਨਸਿਕ ਤਣਾਅ ਦਾ ਸਾਹਮਣਾ ਕਰ ਰਹੇ ਹਨ।

ਮਿਡਫੀਲਡਰ ਲਿਆਮ ਮਿੱਲਰ ਨੇ ਦੱਸਿਆ ਕਿ ਵੈਨੇਜ਼ੁਏਲਾ ਖ਼ਿਲਾਫ਼ ਇੱਕ ਮਹੱਤਵਪੂਰਨ ਪੈਨਲਟੀ ਖੁੰਝਣ ਤੋਂ ਬਾਅਦ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਤੱਕ ਮਿਲੀਆਂ। ਉਨ੍ਹਾਂ ਕਿਹਾ ਕਿ ਖੇਡ ਦੀ ਆਲੋਚਨਾ ਅਤੇ ਨਫ਼ਰਤੀ ਦੁਰਵਿਵਹਾਰ ਵਿੱਚ ਸਪੱਸ਼ਟ ਫ਼ਰਕ ਹੈ ਅਤੇ ਨਸਲਵਾਦ ਜਾਂ ਮੌਤ ਦੀਆਂ ਧਮਕੀਆਂ ਨੂੰ ਕਦੇ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ।

ਡਿਫੈਂਡਰ ਰਿਚੀ ਲਾਰਿਆ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਵੀ ਅਜਿਹੇ ਤਜਰਬਿਆਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਦੀ ਪਤਨੀ ਮੇਲਾਨੀ ਲਾਰਿਆ ਨੇ ਕਿਹਾ ਕਿ ਕਈ ਨਸਲੀ ਟਿੱਪਣੀਆਂ ਉਨ੍ਹਾਂ ਦੇ ਛੋਟੇ ਪੁੱਤਰ ਦੀਆਂ ਤਸਵੀਰਾਂ ਹੇਠਾਂ ਕੀਤੀਆਂ ਜਾਂਦੀਆਂ ਹਨ, ਜੋ ਪਰਿਵਾਰ ਲਈ ਬਹੁਤ ਦੁਖਦਾਈ ਹੁੰਦੀਆਂ ਹਨ।

ਖਿਡਾਰੀਆਂ ਦਾ ਮੰਨਣਾ ਹੈ ਕਿ ਆਨਲਾਈਨ ਖੇਡ ਸੱਟੇਬਾਜ਼ੀ ਦੇ ਵਧਦੇ ਰੁਝਾਨ ਨੇ ਵੀ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾਇਆ ਹੈ। ਮਿਡਫੀਲਡਰ ਸਟੀਫਨ ਯੂਸਟਾਕਿਓ ਅਨੁਸਾਰ ਜਦੋਂ ਸੱਟੇਬਾਜ਼ ਆਪਣੇ ਦਾਅ ਹਾਰ ਜਾਂਦੇ ਹਨ ਤਾਂ ਉਹ ਖਿਡਾਰੀਆਂ ਨੂੰ ਨਿਸ਼ਾਨਾ ਬਣਾਉਂਦੇ ਹਨ।

ਇਸੇ ਦੌਰਾਨ ਕੈਨੇਡਾ ਦੀ ਸੰਘੀ ਸਰਕਾਰ ਨੇ ਆਨਲਾਈਨ ਨੁਕਸਾਨਾਂ ਨਾਲ ਨਜਿੱਠਣ ਲਈ ਬਿੱਲ ਸੀ-34 ਪੇਸ਼ ਕੀਤਾ ਹੈ। ਪ੍ਰਸਤਾਵਿਤ ਕਾਨੂੰਨ ਤਹਿਤ ਸੋਸ਼ਲ ਮੀਡੀਆ ਅਤੇ ਕ੍ਰਿਤ੍ਰਿਮ ਬੁੱਧੀ (ਏਆਈ) ਪਲੇਟਫਾਰਮਾਂ ਲਈ ਨਵੀਆਂ ਜ਼ਿੰਮੇਵਾਰੀਆਂ ਤੈਅ ਕੀਤੀਆਂ ਜਾਣਗੀਆਂ, ਜਿਨ੍ਹਾਂ ਵਿੱਚ ਨੁਕਸਾਨਦੇਹ ਸਮੱਗਰੀ ਦੀਆਂ ਸ਼ਿਕਾਇਤਾਂ ਦੀ ਨਿਰਧਾਰਤ ਸਮੇਂ ਅੰਦਰ ਜਾਂਚ ਅਤੇ ਕਾਰਵਾਈ ਸ਼ਾਮਲ ਹੈ।

ਫਾਰਵਰਡ ਪ੍ਰਾਮਿਸ ਡੇਵਿਡ ਨੇ ਕਿਹਾ ਕਿ ਜੇਕਰ ਨਫ਼ਰਤੀ ਸੁਨੇਹੇ ਭੇਜਣ ਵਾਲਿਆਂ ਦੀ ਪਛਾਣ ਜਨਤਕ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਕਾਨੂੰਨੀ ਤੌਰ ’ਤੇ ਜਵਾਬਦੇਹ ਬਣਾਇਆ ਜਾਵੇ ਤਾਂ ਅਜਿਹੀਆਂ ਘਟਨਾਵਾਂ ਵਿੱਚ ਵੱਡੀ ਕਮੀ ਆ ਸਕਦੀ ਹੈ। ਟੀਮ ਦੇ ਖਿਡਾਰੀਆਂ ਅਤੇ ਕੋਚਿੰਗ ਸਟਾਫ਼ ਦਾ ਮੰਨਣਾ ਹੈ ਕਿ ਬੋਲਣ ਦੀ ਆਜ਼ਾਦੀ ਅਤੇ ਜਵਾਬਦੇਹੀ ਵਿਚਕਾਰ ਸੰਤੁਲਨ ਬਣਾਈ ਰੱਖਦਿਆਂ ਆਨਲਾਈਨ ਨਫ਼ਰਤ ਖ਼ਿਲਾਫ਼ ਪ੍ਰਭਾਵਸ਼ਾਲੀ ਕਾਰਵਾਈ ਦੀ ਲੋੜ ਹੈ।

## ਕ੍ਰਿਕਟ: ਭਾਰਤ ‘ਏ’ ਨੇ ਅਫ਼ਗਾਨਿਸਤਾਨ ‘ਏ’ ਨੂੰ 101 ਦੌੜਾਂ ਨਾਲ ਹਰਾਇਆ




ਸ਼ਾਨਦਾਰ ਆਲਰਾਊਂਡਰ ਪ੍ਰਦਰਸ਼ਨ ਦੀ ਬਦੌਲਤ ਭਾਰਤ ‘ਏ’ ਨੇ ਅੱਜ ਖੇਡੇ ਗਏ ਮੈਚ ਵਿੱਚ ਅਫ਼ਗਾਨਿਸਤਾਨ ‘ਏ’ ਨੂੰ 101 ਦੌੜਾਂ ਦੇ ਵੱਡੇ ਫ਼ਰਕ ਨਾਲ ਕਰਾਰੀ ਹਾਰ ਦਿੱਤੀ। ਇਸ ਜਿੱਤ ਦੇ ਨਾਲ ਹੀ ਭਾਰਤੀ ਟੀਮ ਇੱਥੇ ਖੇਡੀ ਜਾ ਰਹੀ ਇਕ ਰੋਜ਼ਾ ਤਿਕੋਣੀ ਲੜੀ ਦੇ ਫਾਈਨਲ ਵਿੱਚ ਪਹੁੰਚ ਗਈ ਹੈ। ਕਪਤਾਨ ਤਿਲਕ ਵਰਮਾ, ਪ੍ਰਿਆਂਸ਼ ਆਰੀਆ ਅਤੇ ਕੁਮਾਰ ਕੁਸ਼ਾਗਰਾ ਦੇ ਸ਼ਾਨਦਾਰ ਨੀਮ-ਸੈਂਕੜਿਆਂ ਦੀ ਮਦਦ ਨਾਲ ਭਾਰਤ ‘ਏ’ ਨੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ 9 ਵਿਕਟਾਂ ਦੇ ਨੁਕਸਾਨ ’ਤੇ 319 ਦੌੜਾਂ ਦਾ ਵੱਡਾ ਸਕੋਰ ਖੜ੍ਹਾ ਕੀਤਾ।

ਜਵਾਬ ਵਿੱਚ, ਭਾਰਤ ‘ਏ’ ਦੇ ਗੇਂਦਬਾਜ਼ਾਂ ਨੇ ਇਕਜੁੱਟ ਪ੍ਰਦਰਸ਼ਨ ਕਰਦੇ ਹੋਏ ਅਫ਼ਗਾਨਿਸਤਾਨ ‘ਏ’ ਦੀ ਪੂਰੀ ਟੀਮ ਨੂੰ 36.5 ਓਵਰਾਂ ਵਿੱਚ ਮਹਿਜ਼ 218 ਦੌੜਾਂ ’ਤੇ ਹੀ ਆਊਟ ਕਰ ਦਿੱਤਾ। ਇਸ ਜਿੱਤ ਨਾਲ ਭਾਰਤ ‘ਏ’ ਨੇ ਐਤਵਾਰ ਨੂੰ ਹੋਣ ਵਾਲੇ ਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕਰ ਲਈ। ਭਾਰਤੀ ਗੇਂਦਬਾਜ਼ਾਂ ਵਿੱਚੋਂ ਨਿਸ਼ਾਂਤ ਸਿੰਧੂ ਸਭ ਤੋਂ ਸਫਲ ਰਿਹਾ, ਜਿਸ ਨੇ ਆਪਣੇ 6.5 ਓਵਰਾਂ ਵਿੱਚ 31 ਦੌੜਾਂ ਦੇ ਕੇ 4 ਵਿਕਟਾਂ ਹਾਸਲ ਕੀਤੀਆਂ।

## ਸਰਪ੍ਰੀਤ ਸਿੰਘ ਨੇ ਰਚਿਆ ਇਤਿਹਾਸ ਫੀਫਾ ਆਲਮੀ ਕੱਪ ਖੇਡਣ ਵਾਲਾ ਪਹਿਲਾ ਪੰਜਾਬੀ !

ਨਿਊਜ਼ੀਲੈਂਡ ਦੇ ਮਿਡਫੀਲਡਰ ਸਰਪ੍ਰੀਤ ਸਿੰਘ ਨੇ ਆਲਮੀ ਫੁਟਬਾਲ ਕੱਪ ਵਿੱਚ ਨਵਾਂ ਇਤਿਹਾਸ ਰਚਦਿਆਂ ਕਿਸੇ ਵਿਸ਼ਵ ਕੱਪ ਮੈਚ ਦੀ ਸ਼ੁਰੂਆਤੀ ਟੀਮ ਵਿੱਚ ਥਾਂ ਬਣਾਉਣ ਵਾਲੇ ਭਾਰਤੀ ਮੂਲ ਦੇ ਪਹਿਲੇ ਫੁਟਬਾਲਰ ਬਣਨ ਦਾ ਮਾਣ ਹਾਸਲ ਕੀਤਾ ਹੈ। ਪੰਜਾਬੀ ਮਾਪਿਆਂ ਦੇ ਘਰ ਔਕਲੈਂਡ ਵਿੱਚ ਜਨਮੇ 27 ਸਾਲਾ ਸਰਪ੍ਰੀਤ ਨੇ ਇਰਾਨ ਖ਼ਿਲਾਫ਼ 2-2 ਨਾਲ ਡਰਾਅ ਰਹੇ ਮੁਕਾਬਲੇ ਵਿੱਚ ਨਿਊਜ਼ੀਲੈਂਡ ਦੀ ਪਹਿਲੀ ਇਕਾਦਸ਼ ਦਾ ਹਿੱਸਾ ਬਣ ਕੇ ਆਪਣਾ ਵਿਸ਼ਵ ਕੱਪ ਡੈਬਿਊ ਕੀਤਾ।

ਮੁੱਖ ਕੋਚ ਡੈਰੇਨ ਬੈਜ਼ਲੇ ਨੇ ਸਰਪ੍ਰੀਤ ’ਤੇ ਭਰੋਸਾ ਜਤਾਉਂਦਿਆਂ ਉਸ ਨੂੰ ਸ਼ੁਰੂਆਤੀ ਟੀਮ ਵਿੱਚ ਸ਼ਾਮਲ ਕੀਤਾ ਅਤੇ ਉਸ ਨੇ ਲਗਭਗ ਪੂਰਾ ਮੈਚ ਖੇਡਿਆ। 10 ਨੰਬਰ ਦੀ ਜਰਸੀ ਪਹਿਨਣ ਵਾਲੇ ਸਰਪ੍ਰੀਤ ਨੇ ਇਰਾਨ ਦੇ ਗੋਲ ਵੱਲ ਤਿੰਨ ਕੋਸ਼ਿਸ਼ਾਂ ਕੀਤੀਆਂ, ਹਾਲਾਂਕਿ ਉਹ ਗੋਲ ਕਰਨ ਵਿੱਚ ਸਫਲ ਨਹੀਂ ਹੋ ਸਕਿਆ। ਉਸ ਨੂੰ 90ਵੇਂ ਮਿੰਟ ਵਿੱਚ ਬਦਲਿਆ ਗਿਆ।




ਨਿਊਜ਼ੀਲੈਂਡ ਹੁਣ ਗਰੁੱਪ ‘ਜੀ’ ਦੇ ਆਪਣੇ ਅਗਲੇ ਮੁਕਾਬਲੇ ਵਿੱਚ 21 ਜੂਨ ਨੂੰ ਵੈਨਕੂਵਰ ਵਿੱਚ ਮਿਸਰ ਨਾਲ ਭਿੜੇਗਾ।

ਇਸ ਤੋਂ ਪਹਿਲਾਂ ਆਸਟਰੇਲੀਆ ਲਈ ਖੇਡਣ ਵਾਲੇ ਭਾਰਤੀ ਮੂਲ ਦੇ ਖਿਡਾਰੀ ਨਿਸ਼ਾਨ ਵੈਲੂਪਿੱਲੈ ਨੇ ਵੀ ਵਿਸ਼ਵ ਕੱਪ ਵਿੱਚ ਆਪਣੀ ਮੌਜੂਦਗੀ ਦਰਜ ਕਰਵਾਈ ਸੀ। 25 ਸਾਲਾ ਨਿਸ਼ਾਨ ਤੁਰਕੀ ਖ਼ਿਲਾਫ਼ 2-0 ਦੀ ਜਿੱਤ ਦੌਰਾਨ 60ਵੇਂ ਮਿੰਟ ਵਿੱਚ ਬਦਲਵੇਂ ਖਿਡਾਰੀ ਵਜੋਂ ਮੈਦਾਨ ਵਿੱਚ ਉਤਰੇ ਸਨ।

ਸਰਪ੍ਰੀਤ ਸਿੰਘ ਇਸ ਤੋਂ ਪਹਿਲਾਂ 2017 ਅਤੇ 2019 ਦੇ ਫੀਫਾ ਅੰਡਰ-20 ਵਿਸ਼ਵ ਕੱਪ ਵਿੱਚ ਵੀ ਨਿਊਜ਼ੀਲੈਂਡ ਦੀ ਨੁਮਾਇੰਦਗੀ ਕਰ ਚੁੱਕੇ ਹਨ। ਮੌਜੂਦਾ ਟੂਰਨਾਮੈਂਟ ਤੋਂ ਪਹਿਲਾਂ ਵਿਸ਼ਵ ਕੱਪ ਵਿੱਚ ਹਿੱਸਾ ਲੈਣ ਵਾਲੇ ਇਕਲੌਤੇ ਭਾਰਤੀ ਮੂਲ ਦੇ ਖਿਡਾਰੀ ਫਰਾਂਸ ਦੇ ਵਿਕਾਸ ਧੋਰਾਸੂ ਸਨ, ਜਿਨ੍ਹਾਂ ਨੇ 2006 ਦੇ ਵਿਸ਼ਵ ਕੱਪ ਵਿੱਚ ਬਦਲਵੇਂ ਖਿਡਾਰੀ ਵਜੋਂ ਦੋ ਗਰੁੱਪ ਮੈਚ ਖੇਡੇ ਸਨ।

ਮੌਜੂਦਾ ਵਿਸ਼ਵ ਕੱਪ ਦੌਰਾਨ ਭਾਰਤੀ ਮੂਲ ਦੇ ਹੋਰ ਦੋ ਖਿਡਾਰੀਆਂ—ਕਾਂਗੋ ਦੇ ਸੈਮੂਅਲ ਮੌਤੂਸਾਮੀ ਅਤੇ ਕਤਰ ਦੇ ਤਹਿਸੀਨ ਮੁਹੰਮਦ ਜਮਸ਼ੇਦ—ਨੂੰ ਵੀ ਮੈਦਾਨ ਵਿੱਚ ਉਤਰਨ ਦਾ ਮੌਕਾ ਮਿਲ ਸਕਦਾ ਹੈ।

# ਮਨਪ੍ਰੀਤ ਸਿੰਘ ਨੇ ਭਾਰਤੀ ਹਾਕੀ ਲਈ ਰਚਿਆ ਇਤਿਹਾਸ

## ਦੇਸ਼ ਲਈ ਸਭ ਤੋਂ ਵੱਧ ਮੈਚ ਖੇਡਣ ਵਾਲੇ ਖਿਡਾਰੀ




ਭਾਰਤੀ ਹਾਕੀ ਖਿਡਾਰੀ ਮਨਪ੍ਰੀਤ ਸਿੰਘ ਨੇ ਆਪਣਾ 413ਵਾਂ ਮੈਚ ਖੇਡ ਕੇ ਦੇਸ਼ ਲਈ ਸਭ ਤੋਂ ਵੱਧ ਹਾਕੀ ਮੈਚ ਖੇਡਣ ਵਾਲੇ ਖਿਡਾਰੀ ਵਜੋਂ ਹਾਕੀ ਦੇ ਇਤਿਹਾਸ ਵਿੱਚ ਆਪਣਾ ਨਾਮ ਦਰਜ ਕਰਵਾ ਲਿਆ ਹੈ।

ਮਨਪ੍ਰੀਤ ਨੇ ਦਿਲੀਪ ਤਿਰਕੀ ਦਾ ਰਿਕਾਰਡ ਤੋੜਿਆ, ਜੋ ਇਸ ਵੇਲੇ ਹਾਕੀ ਇੰਡੀਆ ਦੇ ਪ੍ਰਧਾਨ ਹਨ ਅਤੇ ਆਪਣੇ ਸ਼ਾਨਦਾਰ ਕਰੀਅਰ ਦੌਰਾਨ 412 ਅੰਤਰਰਾਸ਼ਟਰੀ ਮੈਚ ਖੇਡਣ ਦਾ ਰਿਕਾਰਡ ਉਨ੍ਹਾਂ ਦੇ ਨਾਮ ਸੀ।

ਮਨਪ੍ਰੀਤ ਨੇ ਲੰਘੇ ਬੁੱਧਵਾਰ ਨੂੰ ਰੌਟਰਡੈਮ ਵਿੱਚ ਜਰਮਨੀ ਖ਼ਿਲਾਫ਼ ਐਫਆਈਐਚ ਹਾਕੀ ਪ੍ਰੋ ਲੀਗ 2025/26 ਦੇ ਮੈਚ ਦੌਰਾਨ ਇਹ ਰਿਕਾਰਡ ਤੋੜਿਆ।

ਇਸ ਵੱਡੀ ਉਪਲੱਬਧੀ ਲਈ ਹਾਕੀ ਇੰਡੀਆ ਨੇ ਮਨਪ੍ਰੀਤ ਦੀ ਸਰਾਹਨਾ ਕਰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਇਨਾਮ ਵਜੋਂ 10 ਲੱਖ ਰੁਪਏ ਦੇਣ ਦਾ ਵੀ ਐਲਾਨ ਕੀਤਾ ਹੈ।

### ਭਾਰਤੀ ਹਾਕੀ ਦਾ ਅਹਿਮ ਚਿਹਰਾ

ਮਨਪ੍ਰੀਤ ਸਿੰਘ ਨੇ ਸਾਲ 2011 ਵਿੱਚ 19 ਸਾਲ ਦੀ ਉਮਰ ਵਿੱਚ ਸੀਨੀਅਰ ਖੇਡ ਲਈ ਡੈਬਿਊ ਕੀਤਾ ਸੀ ਅਤੇ ਉਸ ਤੋਂ ਬਾਅਦ ਤੋਂ ਹੀ ਉਨ੍ਹਾਂ ਨੇ ਦੁਨੀਆ ਭਰ ਵਿੱਚ ਭਾਰਤ ਦੀ ਹਾਕੀ 'ਚ ਵਾਪਸੀ ਅਤੇ ਦੇਸ਼ ਦੇ ਆਧੁਨਿਕ ਹਾਕੀ ਇਤਿਹਾਸ ਦੇ ਸਭ ਤੋਂ ਸਫਲ ਦੌਰਾਂ ਵਿੱਚੋਂ ਇੱਕ ਨੂੰ ਸਿਰਜਣ ਵਿੱਚ ਮਦਦ ਕੀਤੀ ਹੈ।

ਹੁਣ ਇਸ ਨਵੇਂ ਰਿਕਾਰਡ ਨਾਲ ਮਨਪ੍ਰੀਤ ਸਿੰਘ ਨੇ ਭਾਰਤ ਲਈ ਹਾਕੀ ਖੇਡਣ ਵਾਲੇ ਹੁਣ ਤੱਕ ਦੇ ਸਭ ਤੋਂ ਮਹਾਨ ਖਿਡਾਰੀਆਂ ਵਿੱਚ ਆਪਣੀ ਜਗ੍ਹਾ ਪੱਕੀ ਕਰ ਲਈ ਹੈ।

ਇਸ ਉਪਲੱਬਧੀ ਨੇ ਮਨਪ੍ਰੀਤ ਨੂੰ ਵਿਸ਼ਵ ਹਾਕੀ ਦੇ ਸਭ ਤੋਂ ਖ਼ਾਸ ਕਲੱਬਾਂ ਵਿੱਚੋਂ ਇੱਕ ਵਿੱਚ ਵੀ ਸ਼ਾਮਲ ਕਰ ਦਿੱਤਾ ਹੈ। 413 ਅੰਤਰਰਾਸ਼ਟਰੀ ਮੈਚਾਂ ਨਾਲ, ਉਹ ਹੁਣ ਪੁਰਸ਼ਾਂ ਦੇ ਅੰਤਰਰਾਸ਼ਟਰੀ ਮੈਚਾਂ ਦੀ ਆਲ-ਟਾਈਮ ਸੂਚੀ ਵਿੱਚ ਪੰਜਵੇਂ ਸਥਾਨ 'ਤੇ ਹਨ।

ਉਨ੍ਹਾਂ ਤੋਂ ਅੱਗੇ ਬੈਲਜੀਅਮ ਦੇ ਜੌਨ-ਜੌਨ ਡੋਮੇਨ (481), ਨੀਦਰਲੈਂਡਸ ਦੇ ਟਿਊਨ ਡੀ ਨੂਈਜਰ (453), ਆਸਟ੍ਰੇਲੀਆ ਦੇ ਐਡੀ ਓਕੈਂਡਨ (451) ਅਤੇ ਗ੍ਰੇਟ ਬ੍ਰਿਟੇਨ ਦੇ ਬੈਰੀ ਮਿਡਲਟਨ (432) ਹਨ।

ਮਨਪ੍ਰੀਤ ਨੇ ਨਾ ਸਿਰਫ਼ ਤਿਰਕੀ ਦਾ ਰਿਕਾਰਡ ਤੋੜਿਆ, ਸਗੋਂ '400-ਕੈਪਸ ਕਲੱਬ' ਵਿੱਚ ਸ਼ਾਮਲ ਹੋਰ ਦਿੱਗਜਾਂ — ਪਾਕਿਸਤਾਨ ਦੇ ਵਸੀਮ ਅਹਿਮਦ (410) ਅਤੇ ਨੀਦਰਲੈਂਡਸ ਦੇ ਜੇਰੋਇਨ ਡੇਲਮੀ (401) — ਨੂੰ ਵੀ ਪਿੱਛੇ ਛੱਡ ਦਿੱਤਾ ਹੈ।

ਖ਼ਾਸ ਗੱਲ ਇਹ ਹੈ ਕਿ 33 ਸਾਲਾ ਮਨਪ੍ਰੀਤ ਦੁਨੀਆ ਦੇ ਇਕਲੌਤੇ ਅਜਿਹੇ ਸਰਗਰਮ ਹਾਕੀ ਖਿਡਾਰੀ ਹਨ ਜਿਨ੍ਹਾਂ ਦੇ ਨਾਮ 400 ਤੋਂ ਵੱਧ ਕੈਪਸ ਹਨ। ਇਹ ਨਾ ਸਿਰਫ਼ ਉਨ੍ਹਾਂ ਦੇ ਲੰਬੇ ਕਰੀਅਰ ਨੂੰ ਦਰਸਾਉਂਦਾ ਹੈ, ਸਗੋਂ ਪਿਛਲੇ 15 ਸਾਲਾਂ ਤੋਂ ਸਿਖਰਲੇ ਪੱਧਰ 'ਤੇ ਲਗਾਤਾਰ ਸ਼ਾਨਦਾਰ ਪ੍ਰਦਰਸ਼ਨ ਕਰਨ ਦੀ ਉਨ੍ਹਾਂ ਦੀ ਸਮਰੱਥਾ ਨੂੰ ਵੀ ਸਾਬਤ ਕਰਦਾ ਹੈ।

### ਅਰਜੁਨ ਐਵਾਰਡ ਅਤੇ ਮੇਜਰ ਧਿਆਨਚੰਦ ਖੇਡ ਰਤਨ ਨਾਲ ਸਨਮਾਨਿਤ

ਹਾਕੀ ਇੰਡੀਆ ਦੀ ਅਧਿਕਾਰਿਤ ਵੈਬਸਾਈਟ 'ਤੇ ਦਿੱਤੀ ਜਾਣਕਾਰੀ ਮੁਤਾਬਕ, 2012 ਲੰਡਨ ਓਲੰਪਿਕ ਵਿੱਚ ਮੁਸ਼ਕਲ ਸ਼ੁਰੂਆਤ ਤੋਂ ਲੈ ਕੇ 2020 ਟੋਕੀਓ ਓਲੰਪਿਕਸ (ਜੋ 2021 ਵਿੱਚ ਹੋਏ ਸਨ) ਵਿੱਚ ਭਾਰਤ ਨੂੰ ਇਤਿਹਾਸਕ ਕਾਂਸੀ ਦਾ ਤਗਮਾ ਦਿਵਾਉਣ ਤੱਕ, ਮਨਪ੍ਰੀਤ ਦਾ ਸਫ਼ਰ ਵਿਸ਼ਵ ਮੰਚ 'ਤੇ ਭਾਰਤੀ ਹਾਕੀ ਦੀ ਵਾਪਸੀ ਦੀ ਕਹਾਣੀ ਬਿਆਨ ਕਰਦਾ ਹੈ।

ਇਸ ਦੌਰਾਨ, ਉਨ੍ਹਾਂ ਨੇ 2014 ਅਤੇ 2022 ਏਸ਼ੀਆਈ ਖੇਡਾਂ ਵਿੱਚ ਭਾਰਤ ਨੂੰ ਸੋਨ ਤਗਮਾ ਦਿਵਾਉਣ, 2017 ਅਤੇ 2025 ਵਿੱਚ ਏਸ਼ੀਆ ਕੱਪ ਜਿੱਤਣ, ਕਈ ਵਾਰ ਏਸ਼ੀਅਨ ਚੈਂਪੀਅਨਜ਼ ਟਰਾਫ਼ੀ ਜਿੱਤਣ ਅਤੇ ਟੋਕੀਓ 2020 ਤੇ ਪੈਰਿਸ 2024 ਓਲੰਪਿਕ ਵਿੱਚ ਲਗਾਤਾਰ ਕਾਂਸੇ ਦੇ ਤਗਮੇ ਦਿਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ।

ਆਪਣੀ ਪੀੜ੍ਹੀ ਦੇ ਸਭ ਤੋਂ ਵਧੀਆ ਅਤੇ ਫਿੱਟ ਮਿਡਫੀਲਡਰਾਂ ਵਿੱਚੋਂ ਇੱਕ, ਜਲੰਧਰ ਦੇ ਮਿੱਠਾਪੁਰ ਦੇ ਰਹਿਣ ਵਾਲੇ ਮਨਪ੍ਰੀਤ ਨੂੰ ਭਾਰਤੀ ਹਾਕੀ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ 2018 ਵਿੱਚ ਅਰਜੁਨ ਐਵਾਰਡ ਅਤੇ 2021 ਵਿੱਚ ਮੇਜਰ ਧਿਆਨਚੰਦ ਖੇਡ ਰਤਨ ਨਾਲ ਸਨਮਾਨਿਤ ਕੀਤਾ ਗਿਆ।

### ਇਸ ਨਵੇਂ ਮੁਕਾਮ 'ਤੇ ਪਹੁੰਚਣ ਬਾਰੇ ਕੀ ਬੋਲੇ ਮਨਪ੍ਰੀਤ ਸਿੰਘ

ਹਾਕੀ ਇੰਡੀਆ ਦੀ ਅਧਿਕਾਰਿਤ ਵੈਬਸਾਈਟ 'ਤੇ ਦਿੱਤੀ ਜਾਣਕਾਰੀ ਮੁਤਾਬਕ, ਇਸ ਮੁਕਾਮ 'ਤੇ ਪਹੁੰਚਣ ਦੀ ਖੁਸ਼ੀ ਜ਼ਾਹਿਰ ਕਰਦਿਆਂ ਮਨਪ੍ਰੀਤ ਸਿੰਘ ਨੇ ਕਿਹਾ, "ਭਾਰਤ ਲਈ ਇੰਨੇ ਸਾਰੇ ਮੈਚ ਖੇਡਣਾ ਮੇਰੇ ਲਈ ਬਹੁਤ ਮਾਣ ਵਾਲੀ ਗੱਲ ਹੈ। ਦੇਸ਼ ਦੀ ਨੁਮਾਇੰਦਗੀ ਕਰਨਾ ਹਮੇਸ਼ਾ ਤੋਂ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਨਮਾਨ ਰਿਹਾ ਹੈ ਅਤੇ ਇਸ ਮੁਕਾਮ ਤੱਕ ਪਹੁੰਚ ਕੇ ਮੈਨੂੰ ਬਹੁਤ ਖੁਸ਼ੀ ਹੋ ਰਹੀ ਹੈ।"

ਉਨ੍ਹਾਂ ਕਿਹਾ, "ਮੈਂ ਇਹ ਕਾਮਯਾਬੀ ਆਪਣੀ ਟੀਮ ਦੇ ਸਾਥੀਆਂ ਨੂੰ ਸਮਰਪਿਤ ਕਰਦਾ ਹਾਂ ਅਤੇ ਆਪਣੇ ਕਰੀਅਰ ਦੇ ਹਰ ਕਦਮ 'ਤੇ ਸਾਥ ਦੇਣ ਲਈ ਹਾਕੀ ਇੰਡੀਆ ਦਾ ਧੰਨਵਾਦ ਕਰਦਾ ਹਾਂ। ਮੇਰੇ ਨਾਲ ਮੈਦਾਨ 'ਤੇ ਖੇਡਣ ਵਾਲੇ ਹਰ ਖਿਡਾਰੀ ਨੇ ਇਸ ਸਫ਼ਰ ਵਿੱਚ ਯੋਗਦਾਨ ਪਾਇਆ ਹੈ। ਮੇਰੇ ਕਰੀਅਰ ਦੇ ਉਤਾਰ-ਚੜ੍ਹਾਵਾਂ ਦੌਰਾਨ, ਮੇਰੀ ਟੀਮ ਦੇ ਸਾਥੀ ਮੇਰੇ ਨਾਲ ਖੜ੍ਹੇ ਰਹੇ ਅਤੇ ਉਨ੍ਹਾਂ ਨੇ ਮੇਰਾ ਸਾਥ ਦਿੱਤਾ। ਮੈਂ ਇਹ ਉਪਲੱਬਧੀ ਆਪਣੇ ਪਰਿਵਾਰ ਨੂੰ ਵੀ ਸਮਰਪਿਤ ਕਰਨਾ ਚਾਹੁੰਦਾ ਹਾਂ, ਖ਼ਾਸ ਕਰਕੇ ਆਪਣੀ ਮਾਂ, ਭਰਾਵਾਂ, ਪਤਨੀ ਅਤੇ ਬੱਚਿਆਂ ਨੂੰ, ਜਿਨ੍ਹਾਂ ਨੇ ਸ਼ੁਰੂ ਤੋਂ ਹੀ ਬਿਨਾਂ ਕਿਸੇ ਸ਼ਰਤ ਮੇਰਾ ਸਾਥ ਦਿੱਤਾ ਹੈ।"

ਅੱਗੇ ਵਧਣ ਦੀ ਪ੍ਰੇਰਣਾ ਬਾਰੇ ਗੱਲ ਕਰਦਿਆਂ ਮਨਪ੍ਰੀਤ ਨੇ ਕਿਹਾ, "ਮੈਨੂੰ ਇਸ ਗੱਲ ਤੋਂ ਪ੍ਰੇਰਣਾ ਮਿਲਦੀ ਹੈ ਕਿ ਮੇਰਾ ਹਮੇਸ਼ਾ ਤੋਂ ਸੁਪਨਾ ਰਿਹਾ ਹੈ ਕਿ ਮੈਂ ਭਾਰਤ ਲਈ ਖੇਡਾਂ ਅਤੇ ਦੇਸ਼ ਲਈ ਤਗਮੇ ਜਿੱਤਾਂ। ਮੈਨੂੰ ਇਸ ਗੱਲ 'ਤੇ ਬਹੁਤ ਮਾਣ ਹੈ ਕਿ ਮੈਂ ਟੀਮ ਨਾਲ ਲਗਾਤਾਰ ਓਲੰਪਿਕ ਤਗਮੇ ਜਿੱਤੇ ਹਨ। ਵਿਸ਼ਵ ਕੱਪ ਅਤੇ ਓਲੰਪਿਕ ਸੋਨ ਤਗਮਾ ਜਿੱਤਣ ਦਾ ਸੁਪਨਾ ਮੈਨੂੰ ਹਰ ਦਿਨ ਪ੍ਰੇਰਿਤ ਕਰਦਾ ਹੈ। ਮੇਰੇ ਬੱਚੇ ਵੀ ਮੈਨੂੰ ਬਹੁਤ ਪ੍ਰੇਰਿਤ ਕਰਦੇ ਹਨ। ਪਰਿਵਾਰ ਅਤੇ ਟੀਮ ਸਾਥੀਆਂ ਦਾ ਸਾਥ ਮੈਨੂੰ ਮੈਦਾਨ 'ਤੇ ਆਪਣਾ ਸਰਵੋਤਮ ਪ੍ਰਦਰਸ਼ਨ ਕਰਨ ਅਤੇ ਉਨ੍ਹਾਂ ਨੂੰ ਮਾਣ ਮਹਿਸੂਸ ਕਰਵਾਉਣ ਦੀ ਊਰਜਾ ਦਿੰਦਾ ਹੈ।"

### ਹਾਕੀ ਇੰਡੀਆ ਦੇ ਪ੍ਰਧਾਨ ਡਾਕਟਰ ਦਿਲੀਪ ਤਿਰਕੀ ਨੇ ਕਿਹਾ 'ਦੁਰਲੱਭ ਉਪਲੱਭਧੀ'

ਮਨਪ੍ਰੀਤ ਨੂੰ ਇਸ ਕਾਮਯਾਬੀ ਲਈ ਵਧਾਈ ਦਿੰਦਿਆਂ ਹਾਕੀ ਇੰਡੀਆ ਦੇ ਪ੍ਰਧਾਨ ਡਾਕਟਰ ਦਿਲੀਪ ਤਿਰਕੀ ਨੇ ਕਿਹਾ, "ਭਾਰਤੀ ਹਾਕੀ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਮੈਚ ਖੇਡਣ ਵਾਲਾ ਖਿਡਾਰੀ ਬਣਨਾ ਸੱਚਮੁੱਚ ਇੱਕ ਅਸਾਧਾਰਣ ਉਪਲੱਭਧੀ ਹੈ। ਇਹ ਮਨਪ੍ਰੀਤ ਦੇ ਖੇਡ ਪ੍ਰਤੀ ਬੇਮਿਸਾਲ ਸਮਰਪਣ, ਨਿਰੰਤਰਤਾ ਅਤੇ ਜਨੂੰਨ ਨੂੰ ਦਰਸਾਉਂਦਾ ਹੈ। ਇੰਨੇ ਸਾਲਾਂ ਤੱਕ ਦੇਸ਼ ਦੀ ਸਭ ਤੋਂ ਉੱਚੇ ਪੱਧਰ 'ਤੇ ਨੁਮਾਇੰਦਗੀ ਕਰਨਾ ਅਤੇ ਇੰਨਾ ਸ਼ਾਨਦਾਰ ਮਿਆਰ ਕਾਇਮ ਰੱਖਣਾ ਇੱਕ ਦੁਰਲੱਭ ਉਪਲੱਭਧੀ ਹੈ।"

ਉਨ੍ਹਾਂ ਅੱਗੇ ਕਿਹਾ, "ਹਾਲੀਆ ਸਮੇਂ ਵਿੱਚ ਟੀਮ ਦੀਆਂ ਕਈ ਵੱਡੀਆਂ ਜਿੱਤਾਂ ਵਿੱਚ ਮਨਪ੍ਰੀਤ ਨੇ ਅਹਿਮ ਭੂਮਿਕਾ ਨਿਭਾਈ ਹੈ, ਜਿਸ ਵਿੱਚ ਟੋਕੀਓ ਵਿੱਚ ਕਾਂਸੀ ਦੇ ਤਗਮੇ ਨਾਲ ਓਲੰਪਿਕ ਪੋਡਿਅਮ 'ਤੇ ਭਾਰਤ ਦੀ ਇਤਿਹਾਸਕ ਵਾਪਸੀ ਵੀ ਸ਼ਾਮਲ ਹੈ। ਰਿਕਾਰਡਾਂ ਦਾ ਮਕਸਦ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਨਾ ਹੁੰਦਾ ਹੈ ਅਤੇ ਮੈਨੂੰ ਖੁਸ਼ੀ ਹੈ ਕਿ ਇਹ ਮੁਕਾਮ ਉਸ ਖਿਡਾਰੀ ਨੇ ਹਾਸਿਲ ਕੀਤਾ ਹੈ ਜਿਸ ਨੇ ਭਾਰਤੀ ਹਾਕੀ ਨੂੰ ਇੰਨਾ ਕੁਝ ਦਿੱਤਾ ਹੈ। ਹਾਕੀ ਇੰਡੀਆ ਵੱਲੋਂ, ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ ਅਤੇ ਭਾਰਤੀ ਜਰਸੀ ਵਿੱਚ ਉਨ੍ਹਾਂ ਦੇ ਹੋਰ ਵੀ ਯਾਦਗਾਰ ਪਲਾਂ ਦੀ ਕਾਮਨਾ ਕਰਦਾ ਹਾਂ।"

ਹਾਕੀ ਇੰਡੀਆ ਦੇ ਸਕੱਤਰ ਜਨਰਲ ਭੋਲਾ ਨਾਥ ਸਿੰਘ ਨੇ ਵੀ ਮਨਪ੍ਰੀਤ ਦੀ ਸ਼ਲਾਘਾ ਕੀਤੀ ਅਤੇ ਕਿਹਾ, "ਮਨਪ੍ਰੀਤ ਸਿੰਘ ਦਾ ਸਫ਼ਰ ਵਚਨਬੱਧਤਾ, ਸਮਰਪਣ ਅਤੇ ਸ਼ਾਨਦਾਰ ਪ੍ਰਦਰਸ਼ਨ ਦੀ ਮਿਸਾਲ ਹੈ। ਭਾਰਤ ਦਾ ਸਭ ਤੋਂ ਵੱਧ ਮੈਚ ਖੇਡਣ ਵਾਲੇ ਹਾਕੀ ਖਿਡਾਰੀ ਬਣਨਾ, ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਅਨੁਸ਼ਾਸਨ ਦਾ ਸਬੂਤ ਹੈ, ਜੋ ਉਨ੍ਹਾਂ ਨੇ ਆਪਣੇ ਪੂਰੇ ਕਰੀਅਰ ਦੌਰਾਨ ਦਿਖਾਇਆ ਹੈ। ਇੰਨੇ ਸਾਲਾਂ ਵਿੱਚ, ਉਨ੍ਹਾਂ ਨੇ ਵਿਸ਼ਵ ਮੰਚ 'ਤੇ ਕੁਝ ਸਭ ਤੋਂ ਵੱਡੇ ਟੂਰਨਾਮੈਂਟਾਂ ਵਿੱਚ ਟੀਮ ਲਈ ਲਗਾਤਾਰ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ ਅਤੇ ਆਪਣੇ ਖੇਡ ਅਤੇ ਲੀਡਰਸ਼ਿਪ ਨਾਲ ਸਾਡੇ ਨੌਜਵਾਨ ਖਿਡਾਰੀਆਂ ਨੂੰ ਪ੍ਰੇਰਿਤ ਕੀਤਾ ਹੈ।"

"ਇਹ ਮੁਕਾਮ ਨਾ ਸਿਰਫ਼ ਮਨਪ੍ਰੀਤ ਲਈ ਇੱਕ ਨਿੱਜੀ ਉਪਲੱਭਧੀ ਹੈ, ਸਗੋਂ ਭਾਰਤੀ ਹਾਕੀ ਲਈ ਵੀ ਮਾਣ ਵਾਲਾ ਪਲ ਹੈ। ਅਸੀਂ ਉਨ੍ਹਾਂ ਨੂੰ ਇਸ ਇਤਿਹਾਸਕ ਉਪਲੱਭਧੀ ਲਈ ਵਧਾਈ ਦਿੰਦੇ ਹਾਂ ਅਤੇ ਭਵਿੱਖ ਵਿੱਚ ਉਨ੍ਹਾਂ ਦੀ ਹੋਰ ਸਫਲਤਾ ਦੀ ਕਾਮਨਾ ਕਰਦੇ ਹਾਂ।"

ਭਾਰਤੀ ਹਾਕੀ ਦੇ ਸਾਬਕਾ ਕਪਤਾਨ ਸਰਦਾਰ ਸਿੰਘ ਨੇ ਵੀ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਇੱਕ ਵੀਡੀਓ ਜਾਇ ਕਰਦਿਆਂ ਮਨਪ੍ਰੀਤ ਸਿੰਘ ਨੂੰ ਉਨ੍ਹਾਂ ਦਾ 413ਵਾਂ ਮੈਚ ਖੇਡਣ ਤੋਂ ਪਹਿਲਾਂ ਆਪਣੀਆਂ ਸ਼ੁਭਕਾਮਨਾਵਾਂ ਭੇਜੀਆਂ ਸਨ।

ਪੰਜਾਬ ਦੇ ਮਿੱਠਾਪੁਰ ਤੋਂ ਮਨਪ੍ਰੀਤ ਸਿੰਘ ਬਚਪਨ ਤੋਂ ਹਾਕੀ ਖੇਡ ਰਹੇ ਹਨ ਅਤੇ ਇਸ ਦਾ ਸ਼ੌਕ ਉਨ੍ਹਾਂ ਨੂੰ ਉਨ੍ਹਾਂ ਦੇ ਵੱਡੇ ਭਰਾ ਤੋਂ ਪਿਆ ਜੋ ਆਪ ਜ਼ਿਲ੍ਹਾ ਪੱਧਰ ਦੇ ਖਿਡਾਰੀ ਰਹੇ ਹਨ।

ਕੁਝ ਸਾਲ ਪਹਿਲਾਂ ਮਨਪ੍ਰੀਤ ਦੀ ਮਾਤਾ ਨੇ ਦੱਸਿਆ ਕਿ ਬਚਪਨ ਵਿੱਚ ਉਹ ਘਰ ਦੇ ਕੋਲ ਮਿੱਠਾਪੁਰ ਵਿਖੇ ਅਭਿਆਸ ਕਰਿਆ ਕਰਦੇ ਸਨ ਅਤੇ ਬਚਪਨ ਵਿੱਚ ਉਹ ਪਰਗਟ ਸਿੰਘ ਤੋਂ ਕਾਫ਼ੀ ਪ੍ਰਭਾਵਿਤ ਸਨ ਅਤੇ ਉਨ੍ਹਾਂ ਨੂੰ ਆਪਣਾ ਆਦਰਸ਼ ਮੰਨਦੇ ਹਨ।

ਮਨਪ੍ਰੀਤ ਦੇ ਨੈਣ ਨਕਸ਼ ਕਰਕੇ ਕਈ ਵਾਰ ਨਾਲ ਦੇ ਖਿਡਾਰੀ ਇਨ੍ਹਾਂ ਨੂੰ 'ਕੋਰੀਅਨ' ਦੇ ਨਾਮ ਨਾਲ ਬੁਲਾਉਂਦੇ ਹਨ।

ਉਨ੍ਹਾਂ ਦੇ ਪਤਨੀ ਮਲੇਸ਼ੀਆ ਤੋਂ ਹਨ।

ਆਪਣੇ ਪਰਿਵਾਰ ਵਿੱਚ ਤਿੰਨ ਭਰਾਵਾਂ ਵਿੱਚੋਂ ਸਭ ਤੋਂ ਛੋਟੇ ਮਨਪ੍ਰੀਤ ਦੇ ਪਿਤਾ ਦੁਬਈ ਰਹਿੰਦੇ ਸਨ ਅਤੇ ਹੁਣ ਉਹ ਇਸ ਦੁਨੀਆਂ ਵਿੱਚ ਨਹੀਂ ਹਨ।

ਉਨ੍ਹਾਂ ਦੇ ਪਾਲਣ ਪੋਸ਼ਣ ਵਿੱਚ ਉਨ੍ਹਾਂ ਦੀ ਮਾਤਾ ਨੇ ਅਹਿਮ ਭੂਮਿਕਾ ਨਿਭਾਈ ਹੈ।

ਜਦੋਂ ਪਰਗਟ ਸਿੰਘ ਨੂੰ ਪੁੱਛਿਆ ਕਿ ਤੁਸੀਂ ਕੀ ਕਰਦੇ ਹੋ?

ਇੱਕ ਵਾਰ ਬਚਪਨ ਵਿੱਚ ਤਾਂ ਪਰਗਟ ਸਿੰਘ ਉਨ੍ਹਾਂ ਨੂੰ ਮਿਲੇ ਤਾਂ ਮਨਪ੍ਰੀਤ ਨੇ ਪੁੱਛਿਆ ਕਿ ਤੁਸੀਂ ਕੀ ਕਰਦੇ ਹੋ ਜਿਸ ਦੇ ਜਵਾਬ ਵਿੱਚ ਪਰਗਟ ਸਿੰਘ ਨੇ ਕਿਹਾ ਕਿ ਉਹ ਹਾਕੀ ਖੇਡਦੇ ਹਨ ਅਤੇ ਪੰਜਾਬ ਪੁਲਿਸ ਵਿੱਚ ਡੀਐੱਸਪੀ ਹਨ।

ਮਨਪ੍ਰੀਤ ਨੇ ਵੀ ਅੱਗੋਂ ਕਿਹਾ ਕਿ ਉਹ ਵੀ ਹਾਕੀ ਖੇਡਣਗੇ ਅਤੇ ਪੰਜਾਬ ਪੁਲਿਸ ਵਿੱਚ ਐਸਪੀ ਬਣਨਗੇ। ਉਨ੍ਹਾਂ ਦੀਆਂ ਦੋਵੇਂ ਗੱਲਾਂ ਪੂਰੀਆਂ ਹੋ ਗਈਆਂ ਹਨ, ਉਹ ਭਾਰਤੀ ਹੱਕੀ ਟੀਮ ਦਾ ਅਹਿਮ ਚਿਹਰਾ ਹਨ ਅਤੇ ਪੰਜਾਬ ਪੁਲਿਸ ਵਿੱਚ ਸੇਵਾਵਾਂ ਵੀ ਨਿਭਾ ਰਹੇ ਹਨ।

ਸਾਲ 2022 ਦੀਆਂ ਰਾਸ਼ਟਰਮੰਡਲ ਖੇਡਾਂ ਲਈ ਜਦੋਂ ਮਨਪ੍ਰੀਤ ਸਿੰਘ ਭਾਰਤੀ ਹਾਕੀ ਟੀਮ ਦੇ ਮੁੜ ਤੋਂ ਕਪਤਾਨ ਚੁਣੇ ਗਏ ਸਨ ਤਾਂ ਖੇਡ ਪੱਤਰਕਾਰ ਸੌਰਭ ਦੁੱਗਲ ਨੇ ਇੱਕ ਰਿਪੋਰਟ ਵਿੱਚ ਦੱਸਿਆ ਸੀ ਕਿ ਪਰਗਟ ਸਿੰਘ ਤੋਂ ਬਾਅਦ ਮਨਪ੍ਰੀਤ ਮਿੱਠਾਪੁਰ ਦੇ ਦੂਸਰੇ ਅਜਿਹੇ ਖਿਡਾਰੀ ਹਨ ਜੋ ਹਾਕੀ ਟੀਮ ਦੇ ਕਪਤਾਨ ਵੀ ਰਹੇ ਹਨ।

---

## ਸ਼ੁਭਮਨ ਨੂੰ ਕਿਸੇ ਵੀ ਫਾਰਮੈਟ ’ਚੋਂ ਬਾਹਰ ਨਹੀਂ ਰੱਖਣਾ ਚਾਹੀਦਾ: ਅਜ਼ਹਰੂਦੀਨ



ਭਾਰਤ ਦੇ ਸਾਬਕਾ ਕ੍ਰਿਕਟ ਕਪਤਾਨ ਮੁਹੰਮਦ ਅਜ਼ਹਰੂਦੀਨ ਨੇ ਟੀ-20 ਫਾਰਮੈਟ ਵਿੱਚੋਂ ਸ਼ੁਭਮਨ ਗਿੱਲ ਦੀ ਗ਼ੈਰ-ਹਾਜ਼ਰੀ ਦੇ ਨਾਲ-ਨਾਲ ਟੈਸਟ ਟੀਮ ਵਿੱਚ ਸਰਫ਼ਰਾਜ਼ ਖ਼ਾਨ ਅਤੇ ਆਕਿਬ ਨਬੀ ਨੂੰ ਨਾ ਚੁਣੇ ਜਾਣ ’ਤੇ ਵੀ ਸਵਾਲ ਖੜ੍ਹੇ ਕੀਤੇ ਹਨ। ਅਜ਼ਹਰੂਦੀਨ ਨੇ ਕਿਹਾ ਕਿ ਟੈਸਟ ਅਤੇ ਇਕ ਰੋਜ਼ਾ ਮੈਚਾਂ ਵਿੱਚ ਭਾਰਤ ਦੀ ਕਪਤਾਨੀ ਕਰ ਰਹੇ ਗਿੱਲ ਨੇ ਕਪਤਾਨ ਦੀ ਭੂਮਿਕਾ ਬਹੁਤ ਵਧੀਆ ਢੰਗ ਨਾਲ ਨਿਭਾਈ ਹੈ ਅਤੇ ਉਸ ਨੂੰ ਕਿਸੇ ਵੀ ਫਾਰਮੈਟ ਵਿੱਚੋਂ ਬਾਹਰ ਨਹੀਂ ਰੱਖਿਆ ਜਾਣਾ ਚਾਹੀਦਾ। ਗਿੱਲ ਜੋ ਕਿ ਟੀ-20 ਕੌਮਾਂਤਰੀ ਵਿੱਚ ਭਾਰਤ ਦਾ ਉਪ ਕਪਤਾਨ ਸੀ, ਨੂੰ ਇਸ ਸਾਲ ਦੇ ਸ਼ੁਰੂ ਵਿੱਚ ਹੋਏ ਟੀ-20 ਵਿਸ਼ਵ ਕੱਪ ਤੋਂ ਪਹਿਲਾਂ ਟੀਮ ਵਿੱਚੋਂ ਬਾਹਰ ਕਰ ਦਿੱਤਾ ਗਿਆ ਸੀ। ਅੱਜ ਇੱਕ ਵਿਸ਼ੇਸ਼ ਇੰਟਰਵਿਊ ਵਿੱਚ ਅਜ਼ਹਰੂਦੀਨ ਨੇ ਕਿਹਾ, ‘‘ਗਿੱਲ ਕਪਤਾਨੀ ਦੀ ਜ਼ਿੰਮੇਵਾਰੀ ਨੂੰ ਬਹੁਤ ਵਧੀਆ ਤਰੀਕੇ ਨਾਲ ਸੰਭਾਲ ਰਿਹਾ ਹੈ। ਉਸ ਦੇ ਨਿੱਜੀ ਪ੍ਰਦਰਸ਼ਨ ਵਿੱਚ ਵੀ ਕਾਫ਼ੀ ਸੁਧਾਰ ਹੋਇਆ ਹੈ। ਉਹ ਬਿਹਤਰੀਨ ਖਿਡਾਰੀਆਂ ਵਿੱਚ ਸ਼ੁਮਾਰ ਹੈ; ਮੈਨੂੰ ਨਹੀਂ ਪਤਾ ਕਿ ਉਹ ਉਸ ਨੂੰ ਟੀ-20 ਲਈ ਕਿਉਂ ਨਹੀਂ ਚੁਣਦੇ।’’


---

## ਆਸਟਰੇਲੀਅਨ ਸਿੱਖ ਖੇਡਾਂ ਲਈ ਰਾਸ਼ਟਰੀ ਕਮੇਟੀ ਬਣਾਈ

ਇਥੇ ਆਸਟਰੇਲੀਅਨ ਸਿੱਖ ਖੇਡਾਂ ਦੀ ਕੌਮੀ ਕਮੇਟੀ ਦੀ ਸਲਾਨਾ ਜਨਰਲ ਮੀਟਿੰਗ ਦੌਰਾਨ ਸਾਲ 2026-27 ਲਈ ਨਵੀਂ ਰਾਸ਼ਟਰੀ ਪ੍ਰਬੰਧਕੀ ਕਮੇਟੀ ਦਾ ਗਠਨ ਕੀਤਾ ਗਿਆ। ਦਲਜੀਤ ਸਿੰਘ ਧਾਮੀ ਨੂੰ ਸਰਬਸੰਮਤੀ ਨਾਲ ਪ੍ਰਧਾਨ, ਗੁਰਪ੍ਰੀਤ ਸ਼ੋਕਰ ਨੂੰ ਉਪ-ਪ੍ਰਧਾਨ, ਜਗਦੀਪ ਸਿੰਘ ਭਿੰਡਰ ਨੂੰ ਖਜ਼ਾਨਚੀ ਅਤੇ ਜਸਦੇਵ ਬੱਲ ਨੂੰ ਸਕੱਤਰ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਹਰਪ੍ਰੀਤ ਸਿੰਘ ਨੂੰ ਖੇਡ ਵਿੰਗ ਦਾ ਪ੍ਰਤੀਨਿਧ ਅਤੇ ਨਰਿੰਦਰ ਸਿੰਘ ਨੂੰ ਸਹਾਇਕ ਪ੍ਰਤੀਨਿਧ ਬਣਾਇਆ ਗਿਆ। ਸੱਭਿਆਚਾਰਕ ਗਤੀਵਿਧੀਆਂ ਲਈ ਅਮਰਜੋਤ ਬੈਂਸ ਗੋਰਾਇਆ ਨੂੰ ਕੋਆਰਡੀਨੇਟਰ ਅਤੇ ਹਰਪਾਲ ਕੌਰ ਸੰਧੂ ਨੂੰ ਸਹਾਇਕ ਕੋਆਰਡੀਨੇਟਰ ਦੀ ਜ਼ਿੰਮੇਵਾਰੀ ਸੌਂਪੀ ਗਈ। ਮਹਿਲਾ ਵਿੰਗ ਦੀ ਪ੍ਰਤੀਨਿਧ ਵਜੋਂ ਜੈਸਿਕਾ ਅਤੇ ਸਹਾਇਕ ਪ੍ਰਤੀਨਿਧ ਵਜੋਂ ਸਤਵਿੰਦਰ ਕੌਰ ਦੀ ਚੋਣ ਕੀਤੀ ਗਈ। ਪਰਥ ਦੀ ਸੂਬਾਈ ਖੇਡ ਕਮੇਟੀ ਨਾਲ ਬਿਹਤਰ ਤਾਲਮੇਲ ਅਤੇ ਰਾਸ਼ਟਰੀ ਪੱਧਰ ’ਤੇ ਸਹਿਯੋਗ ਵਧਾਉਣ ਲਈ ਹੈਰੀ ਗਿੱਲ ਨੂੰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ। ਨਵ-ਨਿਯੁਕਤ ਪ੍ਰਧਾਨ ਦਲਜੀਤ ਸਿੰਘ ਧਾਮੀ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਸਿੱਖ ਖੇਡਾਂ ਦੀ ਸ਼ਾਨਦਾਰ ਰਵਾਇਤ ਨੂੰ ਅੱਗੇ ਵਧਾਉਣ, ਨੌਜਵਾਨ ਪੀੜ੍ਹੀ ਨੂੰ ਖੇਡਾਂ ਨਾਲ ਜੋੜਨ ਅਤੇ ਆਸਟਰੇਲੀਆ ਵਿੱਚ ਸਿੱਖ ਸੱਭਿਆਚਾਰ, ਏਕਤਾ ਅਤੇ ਸੇਵਾ ਦੀ ਭਾਵਨਾ ਨੂੰ ਪ੍ਰਫੁੱਲਤ ਕਰਨ ਲਈ ਸਮਰਪਿਤ ਹੋ ਕੇ ਕੰਮ ਕਰੇਗੀ।

# ਆਓ..! ਮੁਹੱਬਤ ਦੀ ਫ਼ਸਲ ਬੀਜੀਏ!



ਮਨੁੱਖ ਧਰਤੀ ਉੱਤੇ ਖਾਲੀ ਹੱਥ ਆਉਂਦਾ ਹੈ ਅਤੇ ਖਾਲੀ ਹੱਥ ਹੀ ਤੁਰ ਜਾਂਦਾ ਹੈ। ਪਰ ਇਹਨਾਂ ਦੋ ਖਾਲੀ ਹੱਥਾਂ ਦੇ ਵਿਚਕਾਰ ਉਹ ਇੰਨੀਆਂ ਕੰਧਾਂ ਖੜ੍ਹੀਆਂ ਕਰ ਲੈਂਦਾ ਹੈ ਕਿ ਆਖ਼ਰ ਉਹ ਖੁਦ ਹੀ ਉਹਨਾਂ ਕੰਧਾਂ ਦਾ ਕੈਦੀ ਬਣ ਜਾਂਦਾ ਹੈ। ਇਹਨਾਂ ਨਫ਼ਰਤ ਦੀਆਂ ਦੀਵਾਰਾਂ ਨੇ ਸਮਾਜ ਨੂੰ ਜਾਤਾਂ ਤੇ ਵਰਨਾਂ ਵਿੱਚ ਵੰਡਿਆ ਹੈ। ਇਸੇ ਕਰਕੇ ਅਸੀਂ ਇਕੱਲੇ ਇਕੱਲੇ ਦੌੜ ਰਹੇ ਹਾਂ।

ਅੱਜ ਦਾ ਮਨੁੱਖ ਇਕੱਲਾ ਦੌੜ ਰਿਹਾ ਹੈ। ਉਸਨੂੰ ਨਹੀਂ ਪਤਾ ਕਿ ਉਹ ਕਿੱਥੇ ਪਹੁੰਚਣਾ ਚਾਹੁੰਦਾ ਹੈ, ਪਰ ਉਹ ਦੌੜ ਰਿਹਾ ਹੈ। ਕੋਈ ਧਨ ਦੇ ਪਿੱਛੇ, ਕੋਈ ਅਹੁਦੇ ਦੇ ਪਿੱਛੇ, ਕੋਈ ਸ਼ੋਹਰਤ ਦੇ ਪਿੱਛੇ। ਹਰ ਕੋਈ ਆਪਣੇ ਲਈ ਇੱਕ ਛੋਟਾ ਜਿਹਾ ਸਾਮਰਾਜ ਬਣਾਉਣਾ ਚਾਹੁੰਦਾ ਹੈ। ਪਰ ਇਸ ਦੌੜ ਵਿੱਚ ਉਹ ਆਪਣੇ ਹੀ ਲੋਕਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਪਹਿਲਾਂ ਇਹ ਦੂਰੀਆਂ ਨਹੀਂ ਸੀ। ਭਾਈਚਾਰਕ ਸਾਂਝ ਸੀ। ਦੁੱਖ ਤੇ ਸੁੱਖ ਸਾਂਝੇ ਸਨ। ਸੰਯੁਕਤ ਪਰਿਵਾਰ ਸਨ। ਸਾਂਝਾ ਚੁੱਲ੍ਹਾ ਚੌਂਕਾ ਹੁੰਦਾ ਸੀ। ਰਿਸ਼ਤਿਆਂ ਦੀ ਪਵਿੱਤਰਤਾ ਕਾਇਮ ਰੱਖਣ ਲਈ ਬਾਪੂ ਦਾ ਖੂੰਡਾ ਹੁੰਦਾ ਸੀ। ਵੱਡਿਆਂ ਦਾ ਸਤਿਕਾਰ ਹੁੰਦਾ ਸੀ, ਉਹਨਾਂ ਦਾ ਡਰ ਵੀ ਹੁੰਦਾ ਸੀ। ਇਹ ਡਰ ਹੁਣ ਵਰਗਾ ਨਹੀਂ। ਕਦੇ ਰਿਸ਼ਤੇ ਮਨੁੱਖ ਦੀ ਸਭ ਤੋਂ ਵੱਡੀ ਦੌਲਤ ਹੁੰਦੇ ਸਨ। ਅੱਜ ਦੌਲਤ ਹੀ ਸਭ ਤੋਂ ਵੱਡਾ ਰਿਸ਼ਤਾ ਬਣ ਗਈ ਹੈ। ਜਿੱਥੇ ਪੈਸਾ ਹੈ ਉੱਥੇ ਭੀੜ ਹੈ, ਜਿੱਥੇ ਮੁਹੱਬਤ ਹੈ, ਉੱਥੇ ਇਕੱਲਾਪਣ ਹੈ। ਇਹ ਸਾਡੇ ਸਮੇਂ ਦਾ ਸਭ ਤੋਂ ਵੱਡਾ ਦੁੱਖ ਹੈ।

ਮਨੁੱਖ ਨੂੰ ਧਰਮ ਨੇ ਨਹੀਂ ਵੰਡਿਆ, ਧਰਮ ਦੇ ਠੇਕੇਦਾਰਾਂ ਨੇ ਵੰਡਿਆ ਹੈ। ਮਨੁੱਖ ਨੂੰ ਰੱਬ ਤੋਂ ਨਹੀਂ, ਰੱਬ ਦੇ ਨਾਮ ਉੱਤੇ ਬਣਾਏ ਡਰ ਤੋਂ ਡਰਾਇਆ ਗਿਆ ਹੈ। ਸਵਰਗ ਦੀਆਂ ਲਾਲਸਾਵਾਂ ਅਤੇ ਨਰਕ ਦੀਆਂ ਧਮਕੀਆਂ ਦੇ ਵਿਚਕਾਰ ਮਨੁੱਖ ਆਪਣੀ ਧਰਤੀ ਹੀ ਭੁੱਲ ਗਿਆ ਹੈ।

ਡਰ ਅੱਜ ਦੀ ਸਭ ਤੋਂ ਵੱਡੀ ਸਿਆਸਤ ਹੈ। ਡਰ ਵੇਚਿਆ ਜਾ ਰਿਹਾ ਹੈ ਅਤੇ ਲੋਕ ਖਰੀਦ ਰਹੇ ਹਨ। ਡਰ ਦਾ ਬੀਜ ਮਨ ਵਿੱਚ ਬੀਜ ਦਿੱਤਾ ਜਾਵੇ ਤਾਂ ਮਨੁੱਖ ਆਪਣੇ ਆਪ ਨੂੰ ਹੀ ਸ਼ੱਕ ਦੀ ਨਜ਼ਰ ਨਾਲ ਵੇਖਣ ਲੱਗ ਪੈਂਦਾ ਹੈ। ਫਿਰ ਉਹ ਨਾ ਸਵਾਲ ਕਰਦਾ ਹੈ, ਨਾ ਵਿਰੋਧ, ਨਾ ਸੁਪਨੇ ਵੇਖਦਾ ਹੈ। ਉਹ ਸਿਰਫ਼ ਬਚਣ ਦੀ ਕੋਸ਼ਿਸ਼ ਕਰਦਾ ਹੈ। ਪਰ ਬਚਦਾ ਉਹ ਫੇਰ ਵੀ ਨਹੀਂ। ਇਹਨਾਂ ਸਮਿਆਂ ਦੀ ਕੇਹੀ ਤ੍ਰਾਸਦੀ ਹੈ।

ਪੰਜਾਬ ਦੀ ਧਰਤੀ ਵੀ ਇਸ ਡਰ ਦੀ ਖੇਤੀ ਦਾ ਸ਼ਿਕਾਰ ਹੋਈ ਹੈ। ਇੱਥੇ ਲੋਕਾਂ ਦੇ ਮਨਾਂ ਵਿੱਚ ਅਣਸੁਰੱਖਿਆ, ਬੇਵਿਸ਼ਵਾਸੀ ਅਤੇ ਨਿਰਾਸ਼ਾ ਦੇ ਬੀਜ ਬੀਜੇ ਗਏ ਹਨ। ਨਤੀਜਾ ਇਹ ਹੈ ਕਿ ਨੌਜਵਾਨ ਆਪਣੀ ਮਿੱਟੀ ਤੋਂ ਟੁੱਟ ਰਿਹਾ ਹੈ। ਪਿੰਡਾਂ ਦੇ ਦਰਵਾਜ਼ੇ ਖੁੱਲ੍ਹੇ ਹਨ, ਪਰ ਘਰ ਖਾਲੀ ਹੋ ਰਹੇ ਹਨ। ਖੇਤ ਖੜ੍ਹੇ ਹਨ, ਪਰ ਵਾਰਸ ਤੁਰਦੇ ਜਾ ਰਹੇ ਹਨ। ਹੁਣ ਖੇਤਾਂ ਬੱਲਦਾਂ ਦੇ ਗਲ਼ ਟੱਲੀਆਂ ਨਹੀਂ ਖੜਕਦੀਆਂ, ਸਗੋਂ ਡਾਂਗਾਂ ਤੇ ਗੋਲੀਆਂ ਕੜਕਦੀਆਂ ਹਨ। ਖੇਤ ਨਹੀਂ ਬਦਲਿਆ ਮਨੁੱਖ ਬਦਲ ਗਿਆ ਹੈ। ਉਸ ਦੀ ਸੋਚ ਬਦਲ ਗਈ ਹੈ। ਉਸ ਨੂੰ ਆਪਣੇ ਹਿੱਤ ਵਰਤਿਆ ਜਾਂਦਾ ਹੈ।

ਹਰ ਯੁੱਗ ਵਿੱਚ ਪੰਜਾਬ ਨੂੰ ਕਿਸੇ ਨਾ ਕਿਸੇ ਨਾਂ ਨਾਲ ਵਰਤਿਆ ਗਿਆ। ਕਦੇ ਅੰਨਦਾਤਾ ਕਹਿ ਕੇ, ਕਦੇ ਸਰਹੱਦ ਦਾ ਰਾਖਾ ਕਹਿ ਕੇ ਅਤੇ ਕਦੇ ਕਿਸੇ ਹੋਰ ਨਾਂ ਨਾਲ। ਪਰ ਜਦੋਂ ਪੰਜਾਬ ਨੇ ਆਪਣੇ ਹੱਕਾਂ ਦੀ ਗੱਲ ਕੀਤੀ ਤਾਂ ਉਸਨੂੰ ਸ਼ੱਕ ਦੀ ਨਜ਼ਰ ਨਾਲ ਵੇਖਿਆ ਗਿਆ। ਇਹ ਇਤਿਹਾਸ ਦਾ ਉਹ ਸੱਚ ਹੈ ਜਿਸ ਉੱਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ ਪਰ ਸਾਰਾ ਦੋਸ਼ ਦੂਜਿਆਂ ਦੇ ਸਿਰ ਧਰ ਕੇ ਵੀ ਅਸੀਂ ਬਚ ਨਹੀਂ ਸਕਦੇ। ਸਾਡੇ ਅੰਦਰ ਵੀ ਬਹੁਤ ਕੁਝ ਟੁੱਟਿਆ ਹੋਇਆ ਹੈ। ਟੁੱਟੇ ਹੋਏ ਨੂੰ ਜੋੜਿਆ ਜਾ ਸਕਦਾ ਹੈ। ਜੋੜਮੇਲੇ ਇਸੇ ਕਰਕੇ ਲੱਗਦੇ ਹਨ। ਵਿਛੜੇ ਹੋਏ ਸੱਜਣ ਮਿਲ ਸਕਣ। ਜਦੋਂ ਸਭ ਦਾ ਮਾਲਕ ਇੱਕ ਹੈ, ਫੇਰ ਜਾਤਾਂ ਪਾਤਾਂ ਕਿਉਂ ਹਨ ?

ਜਾਤਾਂ ਦੀਆਂ ਕੰਧਾਂ ਅਜੇ ਵੀ ਖੜ੍ਹੀਆਂ ਹਨ। ਊਚ-ਨੀਚ ਦੇ ਕਿਲ੍ਹੇ ਅਜੇ ਵੀ ਮਜ਼ਬੂਤ ਹਨ। ਅਸੀਂ ਅਜੇ ਵੀ ਮਨੁੱਖ ਨੂੰ ਮਨੁੱਖ ਵਜੋਂ ਨਹੀਂ, ਜਾਤ, ਧਰਮ, ਗੋਤ, ਵਰਗ ਅਤੇ ਪਾਰਟੀ ਵਜੋਂ ਵੇਖਦੇ ਹਾਂ। ਜਦੋਂ ਤੱਕ ਇਹ ਨਜ਼ਰ ਨਹੀਂ ਬਦਲਦੀ, ਉਦੋਂ ਤੱਕ ਸਮਾਜ ਨਹੀਂ ਬਦਲੇਗਾ। ਜਾਤ ਮਨੁੱਖ ਨੂੰ ਛੋਟਾ ਕਰਦੀ ਹੈ, ਜਮਾਤ ਮਨੁੱਖ ਨੂੰ ਤਾਕਤ ਦਿੰਦੀ ਹੈ। ਜਾਤ ਵੰਡਦੀ ਹੈ, ਜਮਾਤ ਜੋੜਦੀ ਹੈ। ਜਾਤ ਹੰਕਾਰ ਪੈਦਾ ਕਰਦੀ ਹੈ, ਜਮਾਤ ਬਰਾਬਰੀ ਸਿਖਾਉਂਦੀ ਹੈ। ਗੁਰੂ ਸਾਹਿਬਾਨ ਨੇ ਸੰਗਤ, ਪੰਗਤ ਤੇ ਲੰਗਰ ਦੀ ਪ੍ਰਥਾ ਚਲਾ ਕੇ ਸਾਨੂੰ ਇੱਕਜੁੱਟਤਾ ਦਾ ਸੰਦੇਸ਼ ਦਿੱਤਾ ਸੀ। ਹੁਣ ਅਸੀਂ ਆਪੋ ਆਪਣੇ ਘੁਰਨੇ ਬਣਾ ਕੇ, ਚੁਰਾਂ ਬਣਾ ਕੇ ਬਹਿ ਗਏ ਹਾਂ। ਅਸੀਂ ਆਪਣੇ ਗੁਰੂ ਦਾ ਹੁਕਮ ਭੁੱਲ ਗਏ ਹਾਂ।

ਇਸ ਲਈ ਅੱਜ ਦੀ ਸਭ ਤੋਂ ਵੱਡੀ ਲੋੜ ਕਿਸੇ ਨਵੇਂ ਨਾਅਰੇ ਦੀ ਨਹੀਂ, ਸਗੋਂ ਨਵੇਂ ਸਮਾਜਿਕ ਬੀਜ ਦੀ ਹੈ।

ਨਫ਼ਰਤ ਦੀ ਫ਼ਸਲ ਅਸੀਂ ਬਹੁਤ ਬੀਜ ਲਈ। ਕਦੇ ਧਰਮ ਦੇ ਨਾਂ ਉੱਤੇ, ਕਦੇ ਜਾਤ ਦੇ ਨਾਂ ਉੱਤੇ, ਕਦੇ ਸਿਆਸਤ ਦੇ ਨਾਂ ਉੱਤੇ। ਹੁਣ ਉਸਦੀ ਵਾਢੀ ਵੀ ਦੇਖ ਲਈ।

ਹੁਣ ਖੇਤ, ਬੀਜ ਤੇ ਸੋਚ ਬਦਲਣ ਦੀ ਲੋੜ ਹੈ।

ਆਓ ਡਰ ਦੀ ਥਾਂ ਭਰੋਸਾ ਬੀਜੀਏ।

ਆਓ ਵੰਡ ਦੀ ਥਾਂ ਸਾਂਝ ਬੀਜੀਏ।

ਆਓ ਹੰਕਾਰ ਦੀ ਥਾਂ ਬਰਾਬਰੀ ਬੀਜੀਏ।

ਆਓ ਜਾਤਾਂ ਵਿੱਚੋਂ ਨਿਕਲ ਕੇ ਜਮਾਤਾਂ ਨਾਲ ਜੁੜੀਏ।

ਆਓ ਮਨੁੱਖ ਨੂੰ ਮਨੁੱਖ ਨਾਲ ਮਿਲਾਈਏ।

ਕਿਉਂਕਿ ਜਦੋਂ ਖੇਤਾਂ ਵਿੱਚ ਕਣਕ ਨਹੀਂ ਉੱਗਦੀ ਤਾਂ ਭੁੱਖ ਪੈਂਦੀ ਹੈ, ਪਰ ਜਦੋਂ ਦਿਲਾਂ ਵਿੱਚ ਮੁਹੱਬਤ ਨਹੀਂ ਉੱਗਦੀ ਤਾਂ ਸਮਾਜ ਉਜੜ ਜਾਂਦੇ ਹਨ। ਉਜੜ ਗਿਆ ਦਾ ਕੋਈ ਬਾਲੀ ਵਾਰਿਸ ਨਹੀਂ ਹੁੰਦਾ। ਟੁੱਟਿਆ ਹੋਇਆ ਪੱਤਾ, ਮਨੁੱਖ ਤੇ ਨੀਰ ਕਦੇ ਨਹੀਂ ਮੁੜ ਕੇ ਮਿਲਦਾ।

ਸਮਾਂ ਅਜੇ ਵੀ ਹੱਥੋਂ ਨਹੀਂ ਨਿਕਲਿਆ। ਡੁੱਲ੍ਹੇ ਹੋਏ ਬੇਰਾਂ ਦਾ ਕੁੱਝ ਨਹੀਂ ਵਿਗੜਿਆ। ਜੇ ਵਿਗੜਿਆ ਹੈ ਤਾਂ ਮਨੁੱਖ ਦੀ ਸੋਚ ਵਿਗੜੀ ਹੈ। ਵਿਗੜੇ ਹੋਏ ਤੇ ਵਿੰਗੇ ਟੇਡੇ ਨੂੰ ਮੁਹੱਬਤ ਨਾਲ ਸੁਧਾਰਿਆ ਜਾ ਸਕਦਾ ਹੈ। ਇਸ ਸਮੇਂ ਸਾਨੂੰ ਖ਼ੁਦ ਸੁਧਰਨ ਦੀ ਲੋੜ ਹੈ। ਇਹ ਦੌਰ ਤੇ ਦੌੜ ਸਾਨੂੰ ਹਨੇਰੇ ਵੱਲ ਖਿਚਦੀ ਦਾ ਰਹੀ ਹੈ, ਇਸ ਲਈ ਇਹਨਾਂ ਸਮਿਆਂ ਵਿੱਚ ਪਿਆਰ, ਮੁਹੱਬਤ ਤੇ ਆਪਸੀ ਸਾਂਝ ਬਚਾਉਣ ਤੇ ਵਧਾਉਣ ਲਈ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਲੋੜ ਹੈ। ਆਓ... ਨਫ਼ਰਤ ਦੀ ਫ਼ਸਲ ਵੱਢ ਕੇ ਮੁਹੱਬਤ ਦੀ ਫ਼ਸਲ ਬੀਜੀਏ।

ਬੁੱਧ ਸਿੰਘ ਨੀਲੋਂ
9464370823



# ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ





ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪਰੈਲ 1563 ਈ. ਨੂੰ ਮਾਤਾ ਭਾਨੀ ਦੀ ਕੁੱਖੋਂ ਹੋਇਆ। ਉਹ ਚੌਥੇ ਗੁਰੂ ਰਾਮਦਾਸ ਜੀ ਦੇ ਤੀਸਰੇ ਪੁੱਤਰ ਸਨ। ਉਨ੍ਹਾਂ ਦੇ ਬਾਕੀ ਦੋ ਭਰਾਵਾਂ ਦਾ ਨਾਂ ਪ੍ਰਿਥੀ ਚੰਦ ਅਤੇ ਮਹਾਂਦੇਵ ਸੀ। ਚੌਥੇ ਪਾਤਸ਼ਾਹ ਨੇ ਆਪਣੀ ਗੱਦੀ ਦਾ ਵਾਰਿਸ (ਗੁਰੂ) ਅਰਜਨ ਦੇਵ ਜੀ ਨੂੰ ਥਾਪਿਆ। ਗੁਰੂ ਜੀ ਆਪਣੇ ਪਿਤਾ ਨਾਲ ਕੰਮ-ਕਾਜ ਵਿਚ ਪੂਰਾ ਹੱਥ ਵਟਾਉਂਦੇ। ਗੁਰੂ ਅਰਜਨ ਦੇਵ ਜੀ ਨੇ ਸਾਰੀ ਜਾਇਦਾਦ ਭਰਾਵਾਂ ਨੂੰ ਵੰਡ ਦਿੱਤੀ ਅਤੇ ਆਪ ਅੰਮ੍ਰਿਤਸਰ ਆ ਕੇ ਰਹਿਣ ਲੱਗ ਪਏ। ਲੰਗਰ ਦਾ ਖਰਚਾ ਸੰਗਤ ਵੱਲੋਂ ਦਿੱਤੀ ਮਾਇਆ ਨਾਲ ਚੱਲਣ ਲੱਗਾ। ਜਿਹੜੀ ਸੰਗਤ ਗੁਰੂ ਜੀ ਦੇ ਦਰਸ਼ਨ ਕਰਨ ਆਉਂਦੀ, ਪ੍ਰਿਥੀ ਚੰਦ ਉਨ੍ਹਾਂ ਨਾਲ ਦੁਰ-ਵਿਹਾਰ ਕਰਦਾ। ਇੱਕ ਦਿਨ ਭਾਈ ਗੁਰਦਾਸ ਜੀ (ਬੀਬੀ ਭਾਨੀ ਦੇ ਚਾਚੇ ਦੇ ਪੁੱਤਰ) ਜੋ ਕਿ ਧਰਮ ਪ੍ਰਚਾਰ ਲਈ ਆਗਰੇ ਕੰਮ ਕਰ ਰਹੇ ਸਨ, ਜਦੋਂ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨ ਆਏ ਤਾਂ ਇਸ ਤਰ੍ਹਾਂ ਦੇ ਹਾਲਾਤ ਵੇਖ ਕੇ ਉਥੇ ਹੀ ਰਹਿਣ ਲੱਗ ਪਏ। ਸਿੱਖੀ ਦਾ ਬੂਟਾ ਫੈਲ ਚੁੱਕਾ ਸੀ। ਦੇਸ਼ ਦੇ ਕੋਨੇ-ਕੋਨੇ ਵਿਚ ਸਿੱਖ ਵਸੇ ਹੋਏ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਹੁਕਮ ਕੀਤਾ ਕਿ ਉਹ ਦਸਵੰਧ ਕੱਢ ਕੇ ਪ੍ਰਮਾਣਿਤ ਮਸੰਦਾਂ ਰਾਹੀਂ ਗੁਰੂ ਘਰ ਭੇਜਿਆ ਕਰਨ ਅਤੇ ਉਹ ਮਸੰਦ ਹਰ ਵਿਸਾਖੀ ’ਤੇ ਹਾਜ਼ਰ ਹੋ ਕੇ ਗੁਰੂ ਸਾਹਮਣੇ ਪੈਸਾ ਹਾਜ਼ਰ ਕਰੇਗਾ। ਇਸ ਤਰ੍ਹਾਂ ਪ੍ਰਿਥੀ ਚੰਦ ਦਾ ਸੰਗਤ ਨੂੰ ਤੰਗ ਕਰਨਾ ਥੋੜ੍ਹਾ ਘਟਿਆ ਪਰ ਗੁਰੂ ਜੀ ਨਾਲ ਉਸ ਦੀ ਰੰਜਿਸ਼ ਹੋਰ ਵਧ ਗਈ।

1589 ਵਿਚ ਗੁਰੂ ਜੀ ਨੇ ਸਾਈਂ ਮੀਆਂ ਮੀਰ ਕੋਲੋਂ ਹਰਿਮੰਦਰ ਸਾਹਿਬ ਦੀ ਨੀਂਹ ਰਖਵਾਈ। ਗੁਰੂ ਅਰਜਨ ਦੇਵ ਜੀ ਨੇ ਸਖੀ ਸਰਵਰ ਦੇ ਵਧ ਰਹੇ ਪ੍ਰਭਾਵ ਨੂੰ ਠੱਲ੍ਹ ਪਾਉਣ ਦਾ ਯਤਨ ਕੀਤਾ। ਸਮਾਜ ਸੁਧਾਰ ਵਜੋਂ ਉਨ੍ਹਾਂ ਨੇ ਬਾਹੜਵਾਲ ਦੇ ਚੌਧਰੀ ਹੇਮਾ ਦਾ ਇੱਕ ਵਿਧਵਾ ਨਾਲ ਵਿਆਹ ਕੀਤਾ।

1590 ’ਚ ਤਰਨ ਤਾਰਨ ਅਤੇ 1594 ’ਚ ਕਰਤਾਰਪੁਰ ਸ਼ਹਿਰ ਵਸਾਇਆ। ਗੁਰੂ ਅਰਜਨ ਦੇਵ ਜੀ ਦਾ ਵਿਆਹ ਕਿਸ਼ਨ ਚੰਦ ਦੀ ਬੇਟੀ ਗੰਗਾ ਦੇਈ ਨਾਲ ਹੋਇਆ। ਗੰਗਾ ਦੇਈ ਦੇ ਕੁੱਖੋਂ (ਗੁਰੂ) ਹਰਿਗੋਬਿੰਦ ਸਾਹਿਬ ਦਾ ਜਨਮ ਹੋਇਆ। ਪ੍ਰਿਥੀ ਚੰਦ ਨੇ ਬਾਲ ਹਰਿਗੋਬਿੰਦ ਨੂੰ ਮੁਕਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਤਾਂ ਕਿ ਗੱਦੀ ਦਾ ਮਾਲਕ ਉਹ ਆਪ ਬਣੇ ਪਰ ਅਸਫ਼ਲ ਰਿਹਾ।

ਹੁਣ ਗੁਰੂ ਅਰਜਨ ਦੇਵ ਜੀ ਨੇ ਆਪਣਾ ਕੀਮਤੀ ਸਮਾਂ ਇੱਕ ਮਹਾਨ ਕਾਰਜ ਨੂੰ ਸੰਪੂਰਨ ਕਰਨ ਲਈ ਲਾ ਦਿੱਤਾ। ਇਹ ਕਾਰਜ ਸੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ। ਗੁਰੂ ਜੀ ਨੇ ਪਹਿਲੇ ਚਾਰ ਗੁਰੂ ਸਾਹਿਬਾਨ ਅਤੇ ਹੋਰ ਭਗਤਾਂ ਦੀ ਬਾਣੀ ਨੂੰ ਇਕੱਤਰ ਕੀਤਾ। ਪਹਿਲੇ, ਦੂਜੇ ਅਤੇ ਤੀਜੇ ਗੁਰੂ ਸਾਹਿਬਾਨ ਦੀਆਂ ਰਚਨਾਵਾਂ ਇਕੱਠੀਆਂ ਕੀਤੀਆਂ। ਗੁਰੂ ਜੀ ਨੂੰ ਕਾਨ੍ਹਾ, ਛੱਜੂ, ਸ਼ਾਹ ਹੁਸੈਨ ਅਤੇ ਪੀਲੂ ਵਰਗੇ ਬਹੁਤ ਸਾਰੇ ਲੇਖਕਾਂ ਦੀਆਂ ਲਿਖਤਾਂ ਵੱਖ-ਵੱਖ ਕਾਰਨਾਂ ਕਰਕੇ ਰੱਦ ਕਰਨੀਆਂ ਪਈਆਂ। ਇਸ ਤਰ੍ਹਾਂ ਬਾਣੀ ਇਕੱਠੀ ਕਰ ਕੇ ਭਾਈ ਗੁਰਦਾਸ ਜੀ ਕੋਲੋਂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਵਾਈ। 1604 ਈ. ਵਿਚ ਇਹ ਕਾਰਜ ਸੰਪੂਰਨ ਹੋ ਗਿਆ। ਗੁਰਬਾਣੀ 30 ਰਾਗਾਂ ਵਿਚ ਰਚੀ ਗਈ। ਇਕੱਤੀਵਾਂ ਰਾਗ ਜੈਜਾਵੰਤੀ ਨੌਵੇਂ ਗੁਰੂ ਸਾਹਿਬ ਨੇ ਜੋੜਿਆ।

ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕੰਮ ਚੱਲ ਰਿਹਾ ਸੀ ਕਿ ਗੁਰੂ ਘਰ ਦੇ ਦੁਸ਼ਮਣਾਂ ਨੇ ਉਸ ਵੇਲੇ ਦੇ ਬਾਦਸ਼ਾਹ ਅਕਬਰ ਕੋਲ ਸ਼ਿਕਾਇਤ ਕੀਤੀ ਕਿ ਸਿੱਖਾਂ ਦਾ ਗੁਰੂ ਇੱਕ ਅਜਿਹਾ ਗ੍ਰੰਥ ਲਿਖਵਾ ਰਿਹਾ ਹੈ, ਜੋ ਮੁਸਲਮਾਨ ਅਤੇ ਹਿੰਦੂ ਅਵਤਾਰਾਂ ਦੇ ਵਿਰੁੱਧ ਹੈ ਪਰ ਜਦੋਂ ਅਕਬਰ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹੀ ਤਾਂ ਉਸ ਨੂੰ ਅਜਿਹਾ ਕੁੱਝ ਨਾ ਲੱਗਿਆ, ਸਗੋਂ ਉਸ ਨੇ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕੀਤਾ। ਜਦੋਂ ਤੱਕ ਅਕਬਰ ਜਿਊਂਦਾ ਰਿਹਾ, ਉਦੋਂ ਤੱਕ ਗੁਰੂ ਘਰ ਦਾ ਸਤਿਕਾਰ ਚੰਗੀ ਤਰ੍ਹਾਂ ਹੁੰਦਾ ਰਿਹਾ।

ਅਕਬਰ ਦੀ ਮੌਤ ਤੋਂ ਪਿੱਛੋਂ ਉਸ ਦਾ ਪੁੱਤਰ ਜਹਾਂਗੀਰ ਗੱਦੀ ਦਾ ਵਾਰਿਸ ਬਣਿਆ। ਗੁਰੂ ਘਰ ਦੇ ਦੁਸ਼ਮਣਾਂ ਨੂੰ ਇਹ ਚੰਗਾ ਮੌਕਾ ਮਿਲ ਗਿਆ। ਜਦੋਂ ਉਸ ਦਾ ਪੁੱਤਰ ਖੁਸਰੋ ਬਗ਼ਾਵਤ ਕਰ ਗਿਆ ਤਾਂ ਗੁਰੂ ਦੋਖੀਆਂ ਨੇ ਉਸ ਨੂੰ ਚੁਗਲੀਆਂ ਕਰਕੇ ਇਹ ਗੱਲ ਪੱਕੀ ਕਰ ਦਿੱਤੀ ਕਿ ਖੁਸਰੋ ਦੀ ਬਗ਼ਾਵਤ ਕਰਨ ਵੇਲੇ ਗੁਰੂ ਅਰਜਨ ਦੇਵ ਜੀ ਨੇ ਉਸ ਦੀ ਮਦਦ ਕੀਤੀ। ਇਸ ’ਤੇ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ ਗਿਆ। ਗੁਰੂ ਅਰਜਨ ਦੇਵ ਜੀ ’ਤੇ ਹੋਰ ਦੋਸ਼ ਵੀ ਮੜ੍ਹੇ ਗਏ ਕਿ ਉਨ੍ਹਾਂ ਨੇ ਖੁਸਰੋ ਦੀ ਸਫ਼ਲਤਾ ਲਈ ਅਰਦਾਸ ਕੀਤੀ ਅਤੇ ਉਸ ਨੂੰ ਰਕਮ ਦਿੱਤੀ। ਇਨ੍ਹਾਂ ਕਾਰਨਾਂ ਕਰਕੇ ਗੁਰੂ ਜੀ ਨੂੰ ਚੰਦੂ ਸ਼ਾਹ ਕੋਲ ਪੇਸ਼ ਕੀਤਾ ਗਿਆ। ਸਿੱਖ ਲਿਖਤਾਂ ਅਨੁਸਾਰ ਚੰਦੂ ਦੀ ਗੁਰੂ ਘਰ ਨਾਲ ਪਹਿਲਾਂ ਕੋਈ ਨਿੱਜੀ ਦੁਸ਼ਮਣੀ ਸੀ। ਗੁਰੂ ਅਰਜਨ ਦੇਵ ਜੀ ਨੂੰ ਜੇਠ-ਹਾੜ੍ਹ ਦੀ ਤਪਦੀ ਦੁਪਹਿਰ ਵਿਚ ‘ਯਾਸ਼ਾ ਵਿਧੀ’ ਰਾਹੀਂ ਲਾਹੌਰ ਵਿੱਚ ਤੱਤੀ ਤਵੀ ’ਤੇ ਬਿਠਾਇਆ ਗਿਆ ਅਤੇ ਉੱਪਰੋਂ ਸੀਸ ਉੱਤੇ ਗਰਮ ਰੇਤਾ ਪਾਇਆ ਗਿਆ ਪਰ ਗੁਰੂ ਸਾਹਿਬ ਅਡੋਲ ਰਹੇ ਅਤੇ ਮੁੱਖੋਂ ਸਤਿਨਾਮ-ਵਾਹਿਗੁਰੂ ਦਾ ਜਾਪ ਕਰਦੇ ਰਹੇ। ਜਦੋਂ ਸਰੀਰ ਪੂਰੀ ਤਰ੍ਹਾਂ ਜ਼ਖ਼ਮਾਂ ਨਾਲ ਭਰ ਗਿਆ ਤਾਂ ਉਨ੍ਹਾਂ ਦੀਆਂ ਪੀੜਾਂ ਵਿਚ ਹੋਰ ਵਾਧਾ ਕਰਨ ਲਈ ਉਨ੍ਹਾਂ ਨੂੰ ਰਾਵੀ ਦੇ ਠੰਢੇ ਪਾਣੀ ਵਿਚ ਸੁੱਟ ਦਿੱਤਾ ਗਿਆ। ਇਹ ਘਟਨਾ 30 ਮਈ 1606 ਨੂੰ ਵਾਪਰੀ।

ਹਿੰਦੋਸਤਾਨ ਬਹੁ ਜਾਤੀ ਬਹੁ ਕੌਮੀ ਬਹੁ ਧਰਮੀ ਦੇਸ਼ ਹੈ। ਇੱਥੇ ਦਾ ਰਾਜ ਪ੍ਰਬੰਧ ਬਹੁ ਕੇਂਦਰਿਤ ਹੋਣਾ ਚਾਹੀਦਾ ਹੈ ਪਰ ਕੋਸ਼ਿਸ਼ ਹਮੇਸ਼ਾ ਏਕਾ ਕੇਂਦਰਿਤ ਰਾਜ ਸਥਾਪਿਤ ਕਰਨ ਦੀ ਰਹੀ ਹੈ ਪਰ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਏਕਾ ਕੇਂਦਰਤ ਦੀ ਥਾਂ ਬਹੁ ਕੇਂਦਰਤ ਸੀ, ਜੋ ਮਨੁੱਖ ਨੂੰ ਜਾਤਾਂ, ਕੌਮਾਂ ਤੇ ਮਜ਼ਹਬਾਂ ਵਿੱਚ ਵੰਡ ਕੇ ਨਹੀਂ ਵੇਖਦੀ ਸੀ, ਸਗੋਂ ਸਭ ਨੂੰ ਇੱਕ ਜੋਤ ਦਾ ਪਸਾਰਾ ਮੰਨਦੀ ਸੀ।

ਬੇਸ਼ੱਕ ਗੁਰੂ ਸਾਹਿਬ ਦੀ ਸ਼ਹੀਦੀ ਦੇ ਤਤਕਾਲੀ ਕਾਰਨ ਤਾਂ ਬਹੁਤ ਹੋ ਸਕਦੇ ਹਨ। ਇਨ੍ਹਾਂ ’ਚੋਂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਅਤੇ ਹਰਿਮੰਦਰ ਸਾਹਿਬ ਦੀ ਸਥਾਪਨਾ ਨੂੰ ਵੀ ਪ੍ਰਮੁੱਖ ਕਾਰਨ ਮੰਨਿਆ ਜਾ ਸਕਦਾਹੈ। ਉਸ ਸਮੇਂ ਜਦੋਂ ਸਮਾਜ ਵਰਨਾਂ ਅਤੇ ਜਾਤਾਂ ਵਿਚ ਵੰਡਿਆ ਹੋਇਆ ਸੀ, ਪੁਜਾਰੀਵਾਦ ਦਾ ਦਬਦਬਾ ਸੀ, ਉਸ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਰਾਬਰਤਾ ਦੇ ਸਿਧਾਂਤ ਦੀ ਗੱਲ ਅਤੇ ਬ੍ਰਾਹਮਣਵਾਦੀ ਵਿਚਾਰਧਾਰਾ ਉੱਪਰ ਕਰਾਰੀ ਚੋਟ, ਉਸ ਸਮੇਂ ਦੀ ਅਖੌਤੀ ਉੱਚ ਜਾਤੀ ਨੂੰ ਕਿਵੇਂ ਰਾਸ ਆ ਸਕਦੀ ਸੀ। ਦੂਸਰਾ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ, ਜਿਥੇ ਬਿਨਾਂ ਕਿਸੇ ਭੇਦ-ਭਾਵ, ਕੁਲ, ਜਾਤ ਦੇ ਸਾਰਿਆਂ ਨੂੰ ਜੀ ਆਇਆਂ ਕਹਿਣਾ, ਇਹ ਵੀ ਉਸ ਵੇਲੇ ਦੀ ਅਖੌਤੀ ਉੱਚ ਸ਼੍ਰੇਣੀ ਦੇ ਹਜ਼ਮ ਨਹੀਂ ਹੋਇਆ ਕਿਉਂਕਿ ਜਿਥੇ ਹਰਿਮੰਦਰ ਸਾਹਿਬ ਦੀ ਸਥਾਪਨਾ ਸਾਂਝੇ ਕੇਂਦਰੀ ਅਸਥਾਨ ਵਜੋਂ ਹੋਈ, ਉਥੇ ਪੁਜਾਰੀਵਾਦ ਦੀ ਆਰਥਿਕਤਾ ’ਤੇ ਸਿੱਧੀ ਸੱਟ ਵੱਜੀ। ਉਹ ਲੋਕ ਜੋ ਪਹਿਲਾਂ ਹੋਰ ਤੀਰਥਾਂ ’ਤੇ ਜਾਂਦੇ ਸਨ ਅਤੇ ਚੜ੍ਹਾਵੇ ਚੜ੍ਹਾਉਂਦੇ ਸਨ, ਉਹ ਚੜ੍ਹਾਵਾ ਹੁਣ ਸੰਗਤ ਵਿਚ ਵਰਤਣਾ ਸ਼ੁਰੂ ਹੋ ਗਿਆ, ਊਚ-ਨੀਚ ਦਾ ਭੇਦ-ਭਾਵ ਖ਼ਤਮ ਹੋ ਗਿਆ। ਅਖੌਤੀ ਨੀਵੀਂ ਜਾਤ ਵਾਲਾ ਬੰਦਾ ਆਪਣੇ ਆਪ ਨੂੰ ਮਾਣ ਭਰਿਆ ਮਹਿਸੂਸ ਕਰਨ ਲੱਗਿਆ। ਅਜਿਹਾ ਵੇਖ ਕੇ ਪੁਜਾਰੀਵਾਦ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ ਅਤੇ ਉਨ੍ਹਾਂ ਨੇ ਸਮੇਂ ਦੇ ਹਾਕਮ ਜਹਾਂਗੀਰ ਨੂੰ ਇਹ ਕਹਿ ਕੇ ਭੜਕਾਇਆ ਕਿ ਹੁਣ ਮੁਸਲਮਾਨ ਵੀ ਇਸ ਗੁਰੂ ਦੇ ਚੇਲੇ ਬਣਨ ਲੱਗ ਪੈਣੇ ਹਨ ਅਤੇ ਧਰਮ ਨੂੰ ਖ਼ਤਰਾ ਹੈ। ਜਦੋਂ ਜਹਾਂਗੀਰ ਨੂੰ ਇਹ ਵਾਸਤਾ ਪਾਇਆ ਤਾਂ ਇਹੀ ‘ਧਰਮ ਸੰਕਟ’ ਗੁਰੂ ਸਾਹਿਬ ਦੀ ਸ਼ਹੀਦੀ ਦਾ ਕਾਰਨ ਬਣਿਆ।




# ਸ੍ਰੀ ਹੇਮਕੁੰਟ ਸਾਹਿਬ ਯਾਤਰਾ

## ਇਤਿਹਾਸ, ਮਹੱਤਤਾ ਅਤੇ ਸਾਵਧਾਨੀਆਂ

ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਸਿੱਖ ਧਰਮ ਦੇ ਸਭ ਤੋਂ ਪਵਿੱਤਰ ਅਤੇ ਆਤਮਿਕ ਤੀਰਥ ਅਸਥਾਨਾਂ ਵਿੱਚੋਂ ਇੱਕ ਹੈ। ਹਿਮਾਲਿਆ ਦੀਆਂ ਉੱਚੀਆਂ ਚੋਟੀਆਂ ਵਿਚਾਲੇ ਤਕਰੀਬਨ 15,000 ਫੁੱਟ ਦੀ ਉੱਚਾਈ ’ਤੇ ਸਥਿਤ ਇਹ ਪਵਿੱਤਰ ਧਾਮ ਬਰਫ਼ੀਲੇ ਸਰੋਵਰ ਅਤੇ ਸੱਤ ਪਹਾੜਾਂ ਨਾਲ ਘਿਰਿਆ ਹੋਇਆ ਹੈ। ‘ਹੇਮਕੁੰਟ’ ਦਾ ਅਰਥ ਹੈ ‘ਬਰਫ਼ ਨਾਲ ਢਕਿਆ ਸਰੋਵਰ’। ਇੱਥੇ ਪਹੁੰਚਦਿਆਂ ਹੀ ਮਨੁੱਖ ਦਾ ਮਨ ਦੁਨਿਆਵੀ ਚਿੰਤਾਵਾਂ ਤੋਂ ਉੱਪਰ ਉੱਠ ਕੇ ਰੱਬੀ ਸ਼ਾਂਤੀ ਅਤੇ ਆਤਮਿਕ ਅਨੁਭਵ ਨਾਲ ਭਰ ਜਾਂਦਾ ਹੈ।



ਇਤਿਹਾਸ ਅਨੁਸਾਰ ਇਹ ਥਾਂ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਪਿਛਲੇ ਜਨਮ ਦੀ ਤਪੱਸਿਆ ਨਾਲ ਜੁੜੀ ਹੋਈ ਮੰਨੀ ਜਾਂਦੀ ਹੈ। ਗੁਰੂ ਸਾਹਿਬ ਨੇ ਆਪਣੀ ਆਤਮਿਕ ਜੀਵਨ ਕਥਾ ‘ਬਚਿੱਤਰ ਨਾਟਕ’ ਵਿੱਚ ਇਸ ਪਵਿੱਤਰ ਅਸਥਾਨ ਦਾ ਜ਼ਿਕਰ ਕਰਦਿਆਂ ਲਿਖਿਆ:

ਸਪਤ ਸ੍ਰਿੰਗ ਸੋਭਿਤ ਹੈ ਤਹਾਂ।’

ਭਾਵ, ਇੱਕ ਐਸਾ ਪਵਿੱਤਰ ਸਥਾਨ ਜਿੱਥੇ ਸੱਤ ਚੋਟੀਆਂ ਨਾਲ ਸਜਿਆ ਹੇਮਕੁੰਟ ਪਰਬਤ ਹੈ ਅਤੇ ਜਿੱਥੇ ਗੁਰੂ ਸਾਹਿਬ ਨੇ ਅਕਾਲ ਪੁਰਖ ਦੀ ਭਗਤੀ ਅਤੇ ਤਪੱਸਿਆ ਕੀਤੀ। ਸਿੱਖ ਇਤਿਹਾਸ ਵਿੱਚ ਲੰਮੇ ਸਮੇਂ ਤੱਕ ਇਸ ਅਸਥਾਨ ਦੀ ਸਥਿਤੀ ਗੁੰਮਨਾਮ ਰਹੀ। ਸੱਚਖੰਡ ਸ੍ਰੀ ਹੇਮਕੁੰਟ ਸਾਹਿਬ ਦੀ ਭੂਗੋਲਿਕ ਖੋਜ 1930 ਦੇ ਦਹਾਕੇ (1933–1934) ਵਿੱਚ ਸੰਤ ਸੋਹਣ ਸਿੰਘ (ਭਾਰਤੀ ਫੌਜ ਦੇ ਸੇਵਾਮੁਕਤ ਗ੍ਰੰਥੀ) ਅਤੇ ਹੌਲਦਾਰ ਮੋਹਨ ਸਿੰਘ ਵੱਲੋਂ ਕੀਤੀ ਗਈ ਸੀ। ਉਨ੍ਹਾਂ ਨੇ ਪੰਡਿਤ ਤਾਰਾ ਸਿੰਘ ਨਰੋਤਮ ਦੀ ਖੋਜ ਅਤੇ ਭਾਈ ਵੀਰ ਸਿੰਘ ਦੀਆਂ ਲਿਖਤਾਂ ਤੋਂ ਪ੍ਰੇਰਿਤ ਹੋ ਕੇ ਇਹ ਪਵਿੱਤਰ ਸਥਾਨ ਲੱਭਿਆ। ਬਾਅਦ ਵਿੱਚ ਸੰਤ ਸੋਹਣ ਸਿੰਘ ਜੀ (ਤੇਰਾਹ ਵਾਲੇ) ਅਤੇ ਹੋਰ ਸਿੱਖ ਸੰਗਤ ਦੇ ਉੱਦਮ ਸਦਕਾ, ਇੱਥੇ ਇੱਕ ਸ਼ਾਨਦਾਰ ਗੁਰਦੁਆਰੇ ਦੀ ਇਮਾਰਤ ਤਿਆਰ ਕੀਤੀ ਗਈ। ਅੱਜ ਇਹ ਧਾਮ ਸਿੱਖ ਕੌਮ ਲਈ ਡੂੰਘੀ ਸ਼ਰਧਾ ਅਤੇ ਆਤਮਿਕ ਖਿੱਚ ਦਾ ਕੇਂਦਰ ਬਣ ਚੁੱਕਾ ਹੈ। ਇਹ ਸਥਾਨ ਉਤਰਾਖੰਡ ਦੇ ਚਮੋਲੀ ਜ਼ਿਲ੍ਹੇ ਵਿੱਚ ਸਥਿਤ ਹੈ।

ਇਸ ਦੇ ਨੇੜੇ ਹੀ ‘ਲਕਸ਼ਮਣ ਮੰਦਰ’ ਵੀ ਸਥਿਤ ਹੈ। ਹਿੰਦੂ ਮਿਥਿਹਾਸ ਵਿੱਚ ਵੀ ਇਸ ਜਗ੍ਹਾ ਦਾ ਜ਼ਿਕਰ ਆਉਂਦਾ ਹੈ। ਮੰਨਿਆ ਜਾਂਦਾ ਹੈ ਕਿ ਭਗਵਾਨ ਸ੍ਰੀ ਰਾਮ ਦੇ ਛੋਟੇ ਭਰਾ ਲਕਸ਼ਮਣ ਨੇ ਇੱਥੇ ਹੀ ਤਪੱਸਿਆ ਕੀਤੀ ਸੀ।

ਹਰ ਸਾਲ ਮਈ–ਜੂਨ ਤੋਂ ਅਕਤੂਬਰ ਤੱਕ ਲੱਖਾਂ ਸ਼ਰਧਾਲੂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਕਰਦੇ ਹਨ। ਇਹ ਯਾਤਰਾ ਭਾਵੇਂ ਬਹੁਤ ਆਨੰਦ ਅਤੇ ਗੁਰੂ ਚਰਨਾਂ ਨਾਲ ਜੁੜਨ ਦਾ ਅਨੁਭਵ ਦਿੰਦੀ ਹੈ, ਪਰ ਕਠਿਨ ਪਹਾੜੀ ਰਸਤੇ, ਬਦਲਦਾ ਮੌਸਮ ਅਤੇ ਉੱਚਾਈ ਕਾਰਨ ਕਈ ਮੁਸ਼ਕਲਾਂ ਵੀ ਸਾਹਮਣੇ ਆਉਂਦੀਆਂ ਹਨ। ਇਸ ਲਈ ਯਾਤਰੀਆਂ ਨੂੰ ਪਹਿਲਾਂ ਤੋਂ ਪੂਰੀ ਤਿਆਰੀ ਅਤੇ ਸਾਵਧਾਨੀਆਂ ਬਾਰੇ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ।

ਸਾਲ 2026 ਦੀ ਪਵਿੱਤਰ ਯਾਤਰਾ 23 ਮਈ ਤੋਂ ਸ਼ੁਰੂ ਹੋ ਚੁੱਕੀ ਹੈ। ਆਓ, ਗੁਰੂ ਸਾਹਿਬ ਦੀ ਕਿਰਪਾ ਦਾ ਸਿਮਰਨ ਕਰਦਿਆਂ ਅਤੇ ਪੂਰੀ ਤਿਆਰੀ ਨਾਲ ਇਸ ਪਾਵਨ ਯਾਤਰਾ ਨੂੰ ਸੁਖਦ ਅਤੇ ਸਫਲ ਬਣਾਉਣ ਲਈ ਕੁਝ ਜ਼ਰੂਰੀ ਗੱਲਾਂ ਤੋਂ ਜਾਣੂ ਹੋਈਏ।

ਹੇਮਕੁੰਟ ਸਾਹਿਬ ਦੀ ਯਾਤਰਾ ਸਿਰਫ਼ ਸੈਰ ਜਾਂ ਧਾਰਮਿਕ ਰਸਮ ਨਹੀਂ, ਸਗੋਂ ਮਨੁੱਖ ਦੇ ਵਿਸ਼ਵਾਸ, ਧੀਰਜ ਅਤੇ ਆਤਮਿਕ ਤਾਕਤ ਦੀ ਪ੍ਰੀਖਿਆ ਹੈ। ਪਹਾੜਾਂ ਦੇ ਵਿਚਕਾਰ ਸ਼ਾਂਤ ਸਰੋਵਰ ਦੇ ਕੋਲ ਸਥਿਤ ਗੁਰਦੁਆਰੇ ਵਿੱਚ ਮੱਥਾ ਟੇਕਣ ਨਾਲ ਮਨੁੱਖ ਨੂੰ ਅੰਦਰੂਨੀ ਸ਼ਾਂਤੀ ਮਹਿਸੂਸ ਹੁੰਦੀ ਹੈ। ਇਸ ਯਾਤਰਾ ਦੌਰਾਨ ਮਨੁੱਖ ਕੁਦਰਤ ਦੇ ਬਹੁਤ ਨੇੜੇ ਆ ਜਾਂਦਾ ਹੈ ਅਤੇ ਉਸ ਨੂੰ ਜੀਵਨ ਦੀ ਸਾਦਗੀ ਅਤੇ ਰੱਬੀ ਕਿਰਪਾ ਦਾ ਅਹਿਸਾਸ ਹੁੰਦਾ ਹੈ।

ਪਰ ਇਸ ਆਤਮਿਕ ਅਨੁਭਵ ਨੂੰ ਸੁਖਦ ਅਤੇ ਸੁਰੱਖਿਅਤ ਬਣਾਉਣ ਲਈ ਕੁਝ ਮਹੱਤਵਪੂਰਨ ਸਾਵਧਾਨੀਆਂ ਰੱਖਣੀਆਂ ਲਾਜ਼ਮੀ ਹਨ।

ਗੁਰੂ ਸਾਹਿਬ ਦੇ ਦਰਸ਼ਨਾਂ ਲਈ ਸ੍ਰੀ ਹੇਮਕੁੰਟ ਸਾਹਿਬ ਦੀ ਚੜ੍ਹਾਈ ਕਰਨੀ ਸੌਖੀ ਨਹੀਂ ਹੈ। ਗੋਵਿੰਦਘਾਟ ਤੋਂ ਸ਼ੁਰੂ ਹੋ ਕੇ ਘਾਂਘਰੀਆ ਤੱਕ ਅਤੇ ਫਿਰ ਉੱਥੋਂ ਹੇਮਕੁੰਟ ਸਾਹਿਬ ਤੱਕ ਦੀ ਚੜ੍ਹਾਈ ਕਾਫ਼ੀ ਔਖੀ ਹੈ। ਇਹ ਸਰੀਰ ਵਾਹਿਗੁਰੂ ਦੀ ਦਾਤ ਹੈ, ਇਸ ਲਈ ਯਾਤਰਾ ਤੋਂ ਪਹਿਲਾਂ ਇਸ ਦੀ ਸੰਭਾਲ ਅਤੇ ਕਸਰਤ ਕਰਕੇ ਤਿਆਰੀ ਕਰਨਾ ਸਾਡਾ ਫ਼ਰਜ਼ ਹੈ। ਯਾਤਰੀਆਂ ਨੂੰ ਰੋਜ਼ਾਨਾ ਸਵੇਰੇ ਟਹਿਲਣ ਅਤੇ ਅਭਿਆਸ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ। ਸਰੀਰਕ ਤਾਕਤ ਦੇ ਨਾਲ–ਨਾਲ ਆਤਮਿਕ ਬਲ ਬਹੁਤ ਜ਼ਰੂਰੀ ਹੈ। ਜਦੋਂ ਰਸਤੇ ਵਿੱਚ ਥਕਾਵਟ ਜਾਂ ਔਕੜ ਮਹਿਸੂਸ ਹੋਵੇ, ਤਾਂ ਗੁਰਬਾਣੀ ਦੇ ਪਾਠ ਅਤੇ ‘ਵਾਹਿਗੁਰੂ’ ਦੇ ਸਿਮਰਨ ਨਾਲ ਮਨ ਨੂੰ ਢਹਿੰਦੀ ਕਲਾ ਵਿੱਚ ਜਾਣ ਤੋਂ ਬਚਾਉਣਾ ਚਾਹੀਦਾ ਹੈ।

ਗੁਰਮਤਿ ਅਨੁਸਾਰ ਦੁਆ (ਅਰਦਾਸ) ਦੇ ਨਾਲ–ਨਾਲ ਦਵਾ (ਦਵਾਈ) ਦਾ ਆਸਰਾ ਲੈਣਾ ਵੀ ਸਿਆਣਪ ਹੈ। ਉੱਚਾਈ ਵਾਲੇ ਇਲਾਕਿਆਂ ਵਿੱਚ ਆਕਸੀਜਨ ਦੀ ਘਾਟ ਕਾਰਨ ਸਾਹ ਚੜ੍ਹਨਾ ਜਾਂ ਚੱਕਰ ਆਉਣਾ ਸੁਭਾਵਿਕ ਹੈ। ਦਿਲ ਅਤੇ ਸਾਹ ਦੇ ਮਰੀਜ਼ਾਂ ਨੂੰ ਗੁਰੂ ਘਰ ਤੁਰਨ ਤੋਂ ਪਹਿਲਾਂ ਡਾਕਟਰ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ। ਆਪਣੀਆਂ ਦਵਾਈਆਂ ਅਤੇ ਫਸਟ–ਏਡ ਬਾਕਸ ਨਾਲ ਰੱਖਣਾ ਸਮਝਦਾਰੀ ਹੈ। ਸਰੀਰ ਨੂੰ ਤੰਦਰੁਸਤ ਰੱਖਣ ਲਈ ਜਲ (ਪਾਣੀ) ਛਕਦੇ ਰਹਿਣਾ ਚਾਹੀਦਾ ਹੈ ਕਿਉਂਕਿ ਸਰੀਰ ਵਿੱਚ ਪਾਣੀ ਦੀ ਘਾਟ ਨਾਲ ਕਮਜ਼ੋਰੀ ਆ ਸਕਦੀ ਹੈ।

ਹਿਮਾਲਿਆਈ ਇਲਾਕਿਆਂ ਵਿੱਚ ਮੌਸਮ ਕਾਦਰ ਦੀ ਕੁਦਰਤ ਵਾਂਗ ਬਹੁਤ ਤੇਜ਼ੀ ਨਾਲ ਬਦਲਦਾ ਹੈ। ਸਵੇਰੇ ਧੁੱਪ ਹੋ ਸਕਦੀ ਹੈ ਅਤੇ ਕੁਝ ਹੀ ਸਮੇਂ ਬਾਅਦ ਬਾਰਿਸ਼ ਜਾਂ ਬਰਫ਼ਬਾਰੀ ਸ਼ੁਰੂ ਹੋ ਸਕਦੀ ਹੈ। ਇਸ ਲਈ ਗਰਮ ਕੱਪੜੇ, ਜੈਕੇਟ, ਦਸਤਾਨੇ, ਟੋਪੀ ਅਤੇ ਰੇਨਕੋਟ ਨਾਲ ਲਿਜਾਣੇ ਬਹੁਤ ਜ਼ਰੂਰੀ ਹਨ। ਕਈ ਵਾਰ ਰਸਤੇ ਤਿਲਕਣ ਵਾਲੇ ਹੋ ਜਾਂਦੇ ਹਨ, ਇਸ ਲਈ ਮਜ਼ਬੂਤ ਅਤੇ ਤਿਲਕਣ–ਰੋਧਕ ਜੁੱਤੇ ਪਹਿਨ ਕੇ, ਪੂਰੀ ਤਿਆਰੀ ਨਾਲ ਹੀ ਗੁਰੂ ਚਰਨਾਂ ਵੱਲ ਚਾਲੇ ਪਾਉਣੇ ਚਾਹੀਦੇ ਹਨ।

ਸਿੱਖੀ ਵਿੱਚ ‘ਸਹਿਜ’ (ਟਿਕਾਅ) ਦਾ ਬਹੁਤ ਮਹੱਤਵ ਹੈ। ਕਈ ਯਾਤਰੀ ਜਲਦੀ ਦਰਸ਼ਨ ਕਰਨ ਦੀ ਕਾਹਲੀ ਵਿੱਚ ਤੇਜ਼ ਚੜ੍ਹਾਈ ਕਰਦੇ ਹਨ, ਜਿਸ ਨਾਲ ਉਹ ਜਲਦੀ ਥੱਕ ਜਾਂਦੇ ਹਨ। ਪਹਾੜੀ ਰਸਤੇ ’ਤੇ ਹਮੇਸ਼ਾ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਹੌਲੀ–ਹੌਲੀ ਚੱਲਣਾ ਚਾਹੀਦਾ ਹੈ। ਜਿੱਥੇ ਲੋੜ ਮਹਿਸੂਸ ਹੋਵੇ, ਉੱਥੇ ਕੁਝ ਸਮੇਂ ਲਈ ਵਿਸ਼ਰਾਮ ਕਰਨਾ ਚਾਹੀਦਾ ਹੈ। ਜੇ ਸਾਹ ਚੜ੍ਹੇ ਜਾਂ ਚੱਕਰ ਆਉਣ, ਤਾਂ ਤੁਰੰਤ ਆਰਾਮ ਕਰਨਾ ਚਾਹੀਦਾ ਹੈ। ਰਾਤ ਸਮੇਂ ਯਾਤਰਾ ਕਰਨ ਤੋਂ ਬਚਣਾ ਚਾਹੀਦਾ ਹੈ ਅਤੇ ਦਿਨ ਦੇ ਚਾਨਣ ਵਿੱਚ ਹੀ ਵਾਹਿਗੁਰੂ ਦੀ ਓਟ ਆਸਰਾ ਲੈ ਕੇ ਅੱਗੇ ਵਧਣਾ ਚਾਹੀਦਾ ਹੈ।

ਯਾਤਰਾ ਦੌਰਾਨ ਸਾਧਾਰਾਨ ਅਤੇ ਹਲਕਾ ਭੋਜਨ ਛਕਣਾ ਚਾਹੀਦਾ ਹੈ। ਬਹੁਤ ਜ਼ਿਆਦਾ ਤੇਲ ਵਾਲੀਆਂ ਚੀਜ਼ਾਂ ਖਾਣ ਨਾਲ ਸਰੀਰ ਭਾਰੀ ਮਹਿਸੂਸ ਕਰਦਾ ਹੈ। ਸੁੱਕੇ ਫਲ, ਬਿਸਕੁਟ, ਚਾਕਲੇਟ ਅਤੇ ਗੁੜ ਵਰਗੀਆਂ ਚੀਜ਼ਾਂ ਨਾਲ ਰੱਖਣੀਆਂ ਲਾਭਦਾਇਕ ਰਹਿੰਦੀਆਂ ਹਨ। ਸ਼ਰਾਬ ਜਾਂ ਨਸ਼ੇ ਵਾਲੀਆਂ ਚੀਜ਼ਾਂ ਤੋਂ ਪੂਰੀ ਤਰ੍ਹਾਂ ਦੂਰ ਰਹਿਣਾ ਚਾਹੀਦਾ ਹੈ। ਪਵਿੱਤਰ ਅਸਥਾਨਾਂ ਦੀ ਯਾਤਰਾ ’ਤੇ ਜਾਂਦਿਆਂ ਬਜਰ ਕੁਰਹਿਤਾਂ ਕਰਨੀਆਂ ਧਾਰਮਿਕ ਪੱਖੋਂ ਵੱਡਾ ਗੁਨਾਹ ਹਨ ਅਤੇ ਇਹ ਸਿਹਤ ਲਈ ਵੀ ਖ਼ਤਰਨਾਕ ਸਾਬਤ ਹੋ ਸਕਦੀਆਂ ਹਨ।

ਗੁਰਬਾਣੀ ਦਾ ਫੁਰਮਾਨ ਹੈ— ‘ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥’ ਸ੍ਰੀ ਹੇਮਕੁੰਟ ਸਾਹਿਬ ਸਿਰਫ਼ ਧਾਰਮਿਕ ਹੀ ਨਹੀਂ, ਸਗੋਂ ਕੁਦਰਤੀ ਵਿਰਾਸਤ ਵਾਲਾ ਪਵਿੱਤਰ ਸਥਾਨ ਵੀ ਹੈ। ਯਾਤਰੀਆਂ ਨੂੰ ਇੱਥੇ ਸਫ਼ਾਈ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ। ਪਲਾਸਟਿਕ ਦੀਆਂ ਬੋਤਲਾਂ ਜਾਂ ਕੂੜਾ–ਕਰਕਟ ਇੱਧਰ–ਉੱਧਰ ਸੁੱਟ ਕੇ ਇਸ ਧਰਤੀ ਨੂੰ ਪਲੀਤ ਨਹੀਂ ਕਰਨਾ ਚਾਹੀਦਾ। ਕੁਦਰਤ ਦੀ ਸੁੰਦਰਤਾ ਅਤੇ ਪਵਿੱਤਰਤਾ ਨੂੰ ਕਾਇਮ ਰੱਖਣਾ ਹਰ ਗੁਰਸਿੱਖ ਅਤੇ ਯਾਤਰੀ ਦੀ ਧਾਰਮਿਕ ਜ਼ਿੰਮੇਵਾਰੀ ਹੈ।

ਇੱਕ ਚੰਗਾ ਸ਼ਰਧਾਲੂ ਉਹ ਹੈ ਜੋ ਮਰਿਆਦਾ ਅਤੇ ਅਨੁਸ਼ਾਸਨ ਵਿੱਚ ਰਹਿੰਦਾ ਹੈ। ਸਰਕਾਰ ਅਤੇ ਯਾਤਰਾ ਪ੍ਰਬੰਧਕ ਕਮੇਟੀਆਂ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਕਰਨੀ ਬਹੁਤ ਜ਼ਰੂਰੀ ਹੈ। ਰਜਿਸਟ੍ਰੇਸ਼ਨ, ਪਛਾਣ ਪੱਤਰ ਅਤੇ ਸੁਰੱਖਿਆ ਸਬੰਧੀ ਨਿਯਮਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਜੇ ਮੌਸਮ ਖ਼ਰਾਬ ਹੋਵੇ ਜਾਂ ਪ੍ਰਸ਼ਾਸਨ ਯਾਤਰਾ ਰੋਕ ਦੇਵੇ, ਤਾਂ ਭਾਣਾ ਮੰਨ ਕੇ ਬਿਨਾਂ ਜ਼ਿੱਦ ਕੀਤੇ ਸੁਰੱਖਿਆ ਨੂੰ ਪਹਿਲ ਦੇਣੀ ਚਾਹੀਦੀ ਹੈ, ਇਹ ਵੀ ਸਮੂਹ ਸੰਗਤ ਦੀ ਭਲਾਈ ਦਾ ਹਿੱਸਾ ਹੈ।

ਸੰਖੇਪ ਵਿੱਚ ਆਪਾਂ ਕਹਿ ਸਕਦੇ ਹਾਂ ਕਿ ਹੇਮਕੁੰਟ ਸਾਹਿਬ ਦੀ ਯਾਤਰਾ ਮਨੁੱਖ ਨੂੰ ਆਤਮਿਕ ਤਾਕਤ, ਧੀਰਜ ਅਤੇ ਕੁਦਰਤ ਨਾਲ ਜੁੜਨ ਦਾ ਅਨੋਖਾ ਅਨੁਭਵ ਦਿੰਦੀ ਹੈ। ਇਹ ਯਾਤਰਾ ਸਾਨੂੰ ਸਿਖਾਉਂਦੀ ਹੈ ਕਿ ਵਿਸ਼ਵਾਸ ਅਤੇ ਹੌਸਲੇ ਨਾਲ ਹਰ ਮੁਸ਼ਕਲ ਨੂੰ ਪਾਰ ਕੀਤਾ ਜਾ ਸਕਦਾ ਹੈ। ਪਰ ਇਸ ਯਾਤਰਾ ਦੀ ਕਠਿਨਾਈ ਨੂੰ ਦੇਖਦੇ ਹੋਏ ਸਹੀ ਤਿਆਰੀ ਅਤੇ ਸਾਵਧਾਨੀਆਂ ਬਹੁਤ ਜ਼ਰੂਰੀ ਹਨ। ਜੇ ਯਾਤਰੀ ਸਿਹਤ, ਮੌਸਮ, ਸੁਰੱਖਿਆ ਅਤੇ ਸਫ਼ਾਈ ਦਾ ਧਿਆਨ ਰੱਖਣ, ਤਾਂ ਇਹ ਯਾਤਰਾ ਨਾ ਸਿਰਫ਼ ਸੁਰੱਖਿਅਤ ਸਗੋਂ ਜੀਵਨ ਦੀਆਂ ਸਭ ਤੋਂ ਯਾਦਗਾਰ ਅਤੇ ਪਵਿੱਤਰ ਯਾਤਰਾਵਾਂ ਵਿੱਚੋਂ ਇੱਕ ਬਣ ਸਕਦੀ ਹੈ।





Virsa Foundation Presents
Eknoor Dhaliwal
Anmol Ratan Group
Raman Sandhu
Aman Rozi
Gurdev Kaur
Jinder Saini
10th Annual
Mela Virse Da 2026
10ਵਾਂ ਸਾਲਾਨਾ ਮੇਲਾ ਵਿਰਸੇ ਦਾ 2026
Spl. Guest
Dr. Balwinder Kaur Brar Calgary
Divdeep Kaur Brar UK
Date -: 4 JULY 2026
Venue -: AG-REC CENTRE
32470 Haida Dr, Abbotsford, BC V2T 5A6
Tickets available at Abbotsford
Prince video
New Abby Indian Cuisine
High & Fassion, Linkin Studio
Tickets available at Surrey
B4U
Payal Business Centre
Time 12:30 pm to 6:30 pm
Multiple Food Stall available
Ticket is -- $20 | Kids free under 5 years
Tickets include exhibitions & entertainment
Ladies event only
Stage not open for advertisement
The Patrika ਪੰਜਾਬੀ ਪੱਤ੍ਰਿਕਾ "BRIDGING COMMUNITIES"
ਅਜੀਤ ਵੈੱਬ ਟੀਵੀ
Fundraiser For Hospices and Grief Society
GKM MEDIA & PRODUCTION TV
SANJHA TV WORLD WIDE
ਸਿੱਧੀ ਗੱਲ
SWIFT
ਹਮਦਰਦ HAMDARD MEDIA GROUP
SADDA TV
SPICE TV
SHARMA PHOTOGRAPHY
BC PUNJABI NEWS
NATIONAL TIMES
sher punjab
The TIMES Of Canada
For More Info Virsa Team -: 604-765-0151 VirsaFoundation@outlook.com

# ਗੁਰਦੁਆਰਾ ਨਾਨਕ ਨਿਵਾਸ ਰਿਚਮੰਡ ਵੱਲੋਂ ਥੌਂਪਸਨ (ਮੈਨੀਟੋਬਾ) ਦੀ ਸਿੱਖ ਸੋਸਾਇਟੀ ਲਈ 25,000 ਡਾਲਰ ਦੀ ਵਿੱਤੀ ਸਹਾਇਤਾ

**ਰਿਚਮੰਡ, (ਹਰਦਮ ਮਾਨ)–** ਇੰਡੀਆ ਕਲਚਰਲ ਸੈਂਟਰ ਆਫ਼ ਕੈਨੇਡਾ ਗੁਰਦੁਆਰਾ ਨਾਨਕ ਨਿਵਾਸ (8600 ਨੰਬਰ 5 ਰੋਡ, ਰਿਚਮੰਡ, ਬੀ.ਸੀ.) ਦੀ ਪ੍ਰਬੰਧਕ ਕਮੇਟੀ ਵੱਲੋਂ 'ਸਿੱਖ ਸੋਸਾਇਟੀ ਆਫ਼ ਥੌਂਪਸਨ, ਮੈਨੀਟੋਬਾ' ਨੂੰ ਗੁਰਦੁਆਰਾ ਸਾਹਿਬ ਦੀ ਨਵੀਂ ਰਸੋਈ (ਕਮਿਊਨਿਟੀ ਕਿਚਨ) ਦੇ ਨਿਰਮਾਣ ਲਈ 25,000 ਡਾਲਰ ਦੀ ਵਿੱਤੀ ਸਹਾਇਤਾ ਦਿੱਤੀ ਗਈ ਹੈ। ਬੀਤੇ ਦਿਨੀਂ ਥੌਂਪਸਨ ਗੁਰਦੁਆਰਾ ਸਾਹਿਬ ਦੇ ਇੱਕ ਵਫ਼ਦ ਨੇ ਰਿਚਮੰਡ ਦੇ ਇਸ ਇਤਿਹਾਸਕ ਗੁਰੂ ਘਰ ਦਾ ਦੌਰਾ ਕਰਕੇ ਪ੍ਰਬੰਧਕਾਂ ਸਾਹਮਣੇ ਆਪਣੀ ਵਿੱਤੀ ਲੋੜ ਦਾ ਪੱਖ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਰੱਖਿਆ ਸੀ, ਜਿਸ 'ਤੇ ਹਮਦਰਦੀ ਨਾਲ ਵਿਚਾਰ ਕਰਦਿਆਂ ਕਮੇਟੀ ਨੇ ਤੁਰੰਤ ਇਹ ਮਦਦ ਦੇਣ ਦਾ ਫੈਸਲਾ ਕੀਤਾ।



ਬੀਤੇ ਐਤਵਾਰ ਗੁਰਦੁਆਰਾ ਸਾਹਿਬ ਵਿੱਚ ਇੱਕ ਸਾਦੇ ਪਰ ਪ੍ਰਭਾਵਸ਼ਾਲੀ ਪ੍ਰੋਗਰਾਮ ਦੌਰਾਨ ਕਮੇਟੀ ਦੀ ਚੇਅਰਪਰਸਨ ਬੀਬੀ ਕਸ਼ਮੀਰ ਕੌਰ ਜੋਹਲ ਨੇ 25,000 ਡਾਲਰ ਦਾ ਚੈੱਕ ਸਿੱਖ ਸੋਸਾਇਟੀ ਆਫ਼ ਥੌਂਪਸਨ ਦੇ ਸੈਕਟਰੀ ਕੁਲਵੰਤ ਸਿੰਘ ਅਤੇ ਖਜ਼ਾਨਚੀ ਇੰਦਰਜੀਤ ਸਿੰਘ ਨੂੰ ਸੌਂਪਿਆ। ਇਸ ਮੌਕੇ ਗੁਰਦੁਆਰਾ ਨਾਨਕ ਨਿਵਾਸ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮੋਹਨ ਸਿੰਘ ਸੰਧੂ, ਉਪ-ਪ੍ਰਧਾਨ ਉਬੇਦ ਸਿੰਘ ਸਿੱਧੂ, ਸੈਕਟਰੀ ਬਲਵੰਤ ਸਿੰਘ ਸੰਘੇੜਾ, ਖਜ਼ਾਨਚੀ ਕਮਲਜੀਤ ਸਿੰਘ ਦੁਸਾਂਝ, ਸਹਾਇਕ ਸੈਕਟਰੀ ਕੰਵਰਜੀਤ ਸਿੰਘ ਸਿਹੋਤਾ ਅਤੇ ਡਾਇਰੈਕਟਰ ਸਤਵੰਤ ਕੌਰ ਜਰਮਨ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇੰਡੀਆ ਕਲਚਰਲ ਸੈਂਟਰ ਆਫ਼ ਕੈਨੇਡਾ ਗੁਰਦੁਆਰਾ ਨਾਨਕ ਨਿਵਾਸ ਸੋਸਾਇਟੀ ਨੇ ਇਸ ਗੱਲ 'ਤੇ ਗਹਿਰੀ ਖੁਸ਼ੀ ਪ੍ਰਗਟਾਈ ਹੈ ਕਿ ਉਨ੍ਹਾਂ ਨੂੰ ਮੈਨੀਟੋਬਾ ਦੀ ਦੂਰ-ਦੁਰਾਡੇ ਦੀ ਸੰਗਤ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਸਾਂਝੀ ਕਰਦਿਆਂ ਗੁਰਦੁਆਰਾ ਨਾਨਕ ਨਿਵਾਸ ਦੇ ਸੈਕਟਰੀ ਸ. ਬਲਵੰਤ ਸਿੰਘ ਸੰਘੇੜਾ ਨੇ ਦੱਸਿਆ ਕਿ ਕੈਨੇਡਾ ਵਿੱਚ ਪੰਜਾਬੀ ਭਾਈਚਾਰੇ ਦਾ ਇਤਿਹਾਸ 130 ਸਾਲ ਤੋਂ ਵੀ ਵੱਧ ਪੁਰਾਣਾ ਹੈ। ਅੱਜ ਦੇ ਸਮੇਂ ਵਿੱਚ ਲਗਭਗ 20 ਲੱਖ ਪੰਜਾਬੀ, ਜਿਨ੍ਹਾਂ ਵਿੱਚ ਵੱਡੀ ਗਿਣਤੀ ਸਿੱਖਾਂ ਦੀ ਹੈ, ਕੈਨੇਡਾ ਦੇ ਕੋਨੇ-ਕੋਨੇ ਵਿੱਚ ਵੱਸੇ ਹੋਏ ਹਨ। ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ ਜਿੱਥੇ ਵੀ ਪੈਰ ਜਮਾਏ, ਉੱਥੇ ਸਭ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੀ ਸਥਾਪਨਾ ਨੂੰ ਤਰਜੀਹ ਦਿੱਤੀ। ਅਜਿਹੀ ਹੀ ਇੱਕ ਮਿਸਾਲ ਮੈਨੀਟੋਬਾ ਦੀ ਰਾਜਧਾਨੀ ਵਿੰਨੀਪੈਗ ਤੋਂ ਲਗਭਗ 750 ਕਿਲੋਮੀਟਰ ਉੱਤਰ ਵੱਲ ਸਥਿਤ ਇੱਕ ਛੋਟੇ ਅਤੇ ਦੂਰ-ਦੁਰਾਡੇ ਦੇ ਮਾਈਨਿੰਗ ਕਸਬੇ 'ਥੌਂਪਸਨ' ਤੋਂ ਮਿਲਦੀ ਹੈ। ਇੱਥੇ ਸਾਲ 1974 ਵਿੱਚ ਸਥਾਪਿਤ ਹੋਈ ਇੱਕ ਰਜਿਸਟਰਡ ਚੈਰਿਟੀ 'ਸਿੱਖ ਸੋਸਾਇਟੀ ਆਫ਼ ਥੌਂਪਸਨ' ਪਿਛਲੇ 52 ਸਾਲਾਂ ਤੋਂ ਸਥਾਨਕ ਸਾਊਥ ਏਸ਼ੀਅਨ ਭਾਈਚਾਰੇ ਦੀ ਨਿਰੰਤਰ ਸੇਵਾ ਕਰ ਰਹੀ ਹੈ।

ਸ. ਸੰਘੇੜਾ ਨੇ ਅੱਗੇ ਦੱਸਿਆ ਕਿ ਥੌਂਪਸਨ ਵਿਖੇ ਇੱਕ ਪੁਰਾਣੀ ਚਰਚ ਦੀ ਇਮਾਰਤ ਨੂੰ ਗੁਰਦੁਆਰਾ ਸਾਹਿਬ ਦਾ ਰੂਪ ਦਿੱਤਾ ਗਿਆ ਸੀ, ਪਰ ਸਮਾਂ ਬੀਤਣ ਨਾਲ ਉੱਥੋਂ ਦੀ ਛੋਟੀ ਰਸੋਈ ਹੁਣ ਸਿਟੀ ਦੇ ਪਬਲਿਕ ਹੈਲਥ (ਜਨਤਕ ਸਿਹਤ) ਦੇ ਨਿਯਮਾਂ ਅਤੇ ਲੋੜਾਂ 'ਤੇ ਪੂਰੀ ਨਹੀਂ ਉਤਰਦੀ। ਸਿਟੀ ਦੀਆਂ ਸ਼ਰਤਾਂ ਮੁਤਾਬਕ 111 ਗੋਲਡਆਈ ਕ੍ਰੈਸੈਂਟ ਸਥਿਤ ਗੁਰਦੁਆਰਾ ਸਾਹਿਬ ਵਿਖੇ ਇੱਕ ਨਵੀਂ ਅਤੇ ਕੋਡ-ਕੰਪਲਾਇੰਟ ਕਮਿਊਨਿਟੀ ਕਿਚਨ ਤਿਆਰ ਕਰਨ 'ਤੇ ਕਾਫੀ ਵੱਡਾ ਖਰਚਾ ਆ ਰਿਹਾ ਹੈ। ਕਿਉਂਕਿ ਇਸ ਦੂਰ-ਦੁਰਾਡੇ ਇਲਾਕੇ ਵਿੱਚ ਸੰਗਤ ਦੀ ਗਿਣਤੀ ਅਤੇ ਸਾਧਨ ਬਹੁਤ ਸੀਮਤ ਹਨ, ਇਸ ਲਈ ਸੋਸਾਇਟੀ ਵੱਲੋਂ ਦੂਜੇ ਗੁਰੂ ਘਰਾਂ, ਕਾਰੋਬਾਰੀਆਂ ਅਤੇ ਦਾਨੀ ਸੱਜਣਾਂ ਪਾਸੋਂ ਵਿੱਤੀ ਸਹਾਇਤਾ ਦੀ ਮੰਗ ਕੀਤੀ ਜਾ ਰਹੀ ਹੈ। ਇਸੇ ਸਿਲਸਿਲੇ ਵਿੱਚ ਥੌਂਪਸਨ ਸੋਸਾਇਟੀ ਦਾ ਇੱਕ ਵਫ਼ਦ ਅੱਜਕੱਲ੍ਹ ਮੈਟਰੋ ਵੈਨਕੂਵਰ ਦੇ ਦੌਰੇ 'ਤੇ ਹੈ, ਜਿਸ ਦੀ ਮਦਦ ਲਈ ਗੁਰਦੁਆਰਾ ਨਾਨਕ ਨਿਵਾਸ ਰਿਚਮੰਡ ਨੇ ਇਹ ਸਹਿਯੋਗ ਦਿੱਤਾ ਹੈ।

# .ਗ਼ਜ਼ਲ ਮੰਚ ਸਰੀ ਵੱਲੋਂ ਪ੍ਰੀਤ ਮਨਪ੍ਰੀਤ ਦਾ .ਗ਼ਜ਼ਲ ਸੰਗ੍ਰਹਿ 'ਧੁੱਪ ਛਾਂ ਦਾ ਅਨੁਪਾਤ' ਲੋਕ ਅਰਪਣ

**ਸਰੀ, (ਹਰਦਮ ਮਾਨ)–** ਗ਼ਜ਼ਲ ਮੰਚ ਸਰੀ ਵੱਲੋਂ ਨੌਜਵਾਨ ਸ਼ਾਇਰ ਪ੍ਰੀਤ ਮਨਪ੍ਰੀਤ ਦੇ ਨਵ-ਪ੍ਰਕਾਸ਼ਿਤ ਗ਼ਜ਼ਲ ਸੰਗ੍ਰਹਿ 'ਧੁੱਪ ਛਾਂ ਦਾ ਅਨੁਪਾਤ' ਦੇ ਲੋਕ ਅਰਪਣ ਲਈ ਬੀਤੇ ਦਿਨੀਂ ਗਿਲਫੋਰਡ ਲਾਇਬ੍ਰੇਰੀ, ਸਰੀ ਵਿਖੇ ਇਕ ਯਾਦਗਾਰੀ ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਵਿਚ ਸ਼ਹਿਰ ਦੀਆਂ ਪ੍ਰਮੁੱਖ ਸਾਹਿਤਕ ਸ਼ਖ਼ਸੀਅਤਾਂ, ਕਵੀਆਂ, ਲੇਖਕਾਂ ਅਤੇ ਸਾਹਿਤ-ਪ੍ਰੇਮੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਸਮਾਗਮ ਦੀ ਪ੍ਰਧਾਨਗੀ ਗ਼ਜ਼ਲ ਮੰਚ ਸਰੀ ਦੇ ਪ੍ਰਧਾਨ ਜਸਵਿੰਦਰ, ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਪ੍ਰਸਿੱਧ ਸਾਹਿਤਕਾਰ ਅਤੇ ਪੱਤਰਕਾਰ ਸੁਸ਼ੀਲ ਦੁਸਾਂਝ, ਪ੍ਰਸਿੱਧ ਸ਼ਾਇਰ ਨਿਰੰਜਨ ਸੂਖਮ, ਪ੍ਰਭਜੋਤ ਸੋਹੀ ਅਤੇ ਪੁਸਤਕ ਦੇ ਰਚਨਾਕਾਰ ਪ੍ਰੀਤ ਮਨਪ੍ਰੀਤ ਨੇ ਸਾਂਝੇ ਤੌਰ 'ਤੇ ਕੀਤੀ।

ਸਮਾਗਮ ਦਾ ਆਗਾਜ਼ ਗ਼ਜ਼ਲ ਮੰਚ ਦੇ ਸਕੱਤਰ ਦਵਿੰਦਰ ਗੌਤਮ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਇਸ ਤੋਂ ਬਾਅਦ ਡਾ. ਰਣਦੀਪ ਮਲਹੋਤਰਾ ਨੇ ਪ੍ਰੀਤ ਮਨਪ੍ਰੀਤ ਦੀਆਂ ਗ਼ਜ਼ਲਾਂ ਨੂੰ ਆਪਣੇ ਸੁਰੀਲੇ ਸੁਰਾਂ ਨਾਲ ਪੇਸ਼ ਕਰਕੇ ਮਾਹੌਲ ਨੂੰ ਕਾਵਿਕ ਰੰਗਾਂ ਨਾਲ ਭਰ ਦਿੱਤਾ। ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਰਾਜਵੰਤ ਰਾਜ ਨੇ ਪ੍ਰੀਤ ਮਨਪ੍ਰੀਤ ਦੇ ਸ਼ਿਅਰਾਂ ਦੀਆਂ ਉਦਾਹਰਣਾਂ ਦੇ ਕੇ ਉਸ ਦੀ ਸ਼ਾਇਰੀ ਦੀ ਵਿਲੱਖਣਤਾ, ਗਹਿਰਾਈ ਅਤੇ ਬਹੁ-ਰੰਗੀ ਸੰਵੇਦਨਾ ਨੂੰ ਰੌਸ਼ਨ ਕੀਤਾ। ਉਨ੍ਹਾਂ ਕਿਹਾ ਕਿ 'ਧੁੱਪ ਛਾਂ ਦਾ ਅਨੁਪਾਤ' ਦਰਅਸਲ ਜੀਵਨ ਦੇ ਸੁਖ-ਦੁੱਖ, ਹਾਸੇ-ਰੋਣੇ ਅਤੇ ਆਸ-ਨਿਰਾਸ਼ਾ ਵਰਗੀਆਂ ਵਿਰੋਧੀ ਹਾਲਤਾਂ ਦੇ ਨਾਜ਼ੁਕ ਸੰਤੁਲਨ ਦੀ ਕਾਵਿਕ ਪੜਚੋਲ ਹੈ। ਮਨਪ੍ਰੀਤ ਦੀ ਸ਼ਾਇਰੀ ਵਿੱਚ ਕਦੇ ਉਦਾਸੀ ਦੀ ਧੁੰਦ ਹੈ, ਕਦੇ ਖ਼ੁਸ਼ੀ ਦੀ ਚਮਕ, ਕਦੇ ਅੰਬਰ ਤੋਂ ਧਰਤੀ ਵੱਲ




ਤੱਕਣ ਦਾ ਵਿਸ਼ਾਲ ਦ੍ਰਿਸ਼ਟੀਕੋਣ ਅਤੇ ਕਦੇ ਆਲੇ-ਦੁਆਲੇ ਦੇ ਸਮਾਜਕ ਦਰਦ ਦੀ ਗਹਿਰੀ ਪੇਸ਼ਕਾਰੀ। ਇਹ ਸ਼ਾਇਰੀ ਸਰਲ ਭਾਸ਼ਾ ਵਿੱਚ ਡੂੰਘੇ ਅਰਥਾਂ ਨੂੰ ਪ੍ਰਗਟ ਕਰਨ ਦੀ ਸਮਰੱਥਾ ਰੱਖਦੀ ਹੈ।

ਇੰਦਰਜੀਤ ਧਾਮੀ ਨੇ ਆਪਣੇ ਵਿਸ਼ਲੇਸ਼ਣਾਤਮਕ ਪਰਚੇ ਵਿੱਚ ਰਚਨਾ ਦੇ ਨਾਲ-ਨਾਲ ਪ੍ਰੀਤ ਮਨਪ੍ਰੀਤ ਦੀ ਸ਼ਖ਼ਸੀਅਤ ਨੂੰ ਵੀ ਬਹੁਤ ਹੀ ਕਾਵਿਕ ਅਤੇ ਪ੍ਰਭਾਵਸ਼ਾਲੀ ਭਾਸ਼ਾ ਵਿੱਚ ਪੇਸ਼ ਕੀਤਾ। ਉਨ੍ਹਾਂ ਨੇ ਕਵੀ ਦੀ ਸੰਵੇਦਨਸ਼ੀਲ ਸੋਚ ਅਤੇ ਮਨੁੱਖੀ ਸਰੋਕਾਰਾਂ ਨਾਲ ਉਸ ਦੀ ਗਹਿਰੀ ਸਾਂਝ ਦੀ ਚਰਚਾ ਕੀਤੀ। ਮਾਨਵੀ ਸੰਵੇਦਨਾਵਾਂ ਦੀ ਗੱਲ ਕਰਦਿਆਂ ਕਮਲਜੀਤ ਕੌਰ ਨੇ ਆਪਣੇ ਪਰਚੇ ਵਿੱਚ ਵਿਸ਼ੇਸ਼ ਤੌਰ 'ਤੇ ਰੇਖਾਂਕਿਤ ਕੀਤਾ ਕਿ ਮਨਪ੍ਰੀਤ ਦੀ ਸ਼ਾਇਰੀ ਅਜੋਕੇ ਦੌਰ ਦੇ ਮਨੁੱਖ ਦੇ ਅੰਦਰੂਨੀ ਦਵੰਦ ਅਤੇ ਰਿਸ਼ਤਿਆਂ ਦੀ ਟੁੱਟ-ਭੱਜ ਨੂੰ ਬਹੁਤ ਬਾਰੀਕੀ ਨਾਲ ਬਿਆਨ ਕਰਦੀ ਹੈ। ਪੰਜਾਬ ਤੋਂ ਆਏ ਵਿਸ਼ੇਸ਼ ਮਹਿਮਾਨ ਸੁਸ਼ੀਲ ਦੁਸਾਂਝ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪ੍ਰੀਤ ਮਨਪ੍ਰੀਤ ਇੱਕ ਬਹੁਤ ਹੀ ਸੁਚੇਤ ਅਤੇ ਜਾਗਰੂਕ ਸ਼ਾਇਰ ਹੈ। ਭਾਵੇਂ ਉਸ ਦੀ ਸ਼ਾਇਰੀ ਵਿੱਚ ਸਿੱਧੇ ਰਾਜਨੀਤਕ ਨਾਅਰੇ ਨਹੀਂ ਮਿਲਦੇ, ਪਰ ਉਹ ਸਮਾਜਿਕ ਅਤੇ ਰਾਜਨੀਤਕ ਵਰਤਾਰਿਆਂ ਦੀ ਬਾਰੀਕੀ ਨਾਲ ਪੜਤਾਲ ਕਰਦਿਆਂ ਸਮੇਂ ਦੇ ਰੋਗ ਦੀ ਪਛਾਣ ਕਰਦੀ ਹੈ। ਉਨ੍ਹਾਂ ਕਿਹਾ ਕਿ ਮਨਪ੍ਰੀਤ ਦੀ ਕਵਿਤਾ ਬਹੁ-ਅਰਥੀ ਸੰਭਾਵਨਾਵਾਂ ਨਾਲ ਭਰਪੂਰ ਹੈ ਅਤੇ ਇਹੀ ਕਿਸੇ ਵੀ ਸਫ਼ਲ ਸ਼ਾਇਰੀ ਦੀ ਅਸਲ ਪਹਿਚਾਣ ਹੁੰਦੀ ਹੈ।

ਇਸ ਮੌਕੇ ਪ੍ਰਧਾਨਗੀ ਮੰਡਲ, ਗ਼ਜ਼ਲ ਮੰਚ ਦੇ ਮੈਂਬਰਾਂ ਅਤੇ ਹਾਜ਼ਰ ਸਾਹਿਤ-ਪ੍ਰੇਮੀਆਂ ਵੱਲੋਂ 'ਧੁੱਪ ਛਾਂ ਦਾ ਅਨੁਪਾਤ' ਦੇ ਲੋਕ ਅਰਪਣ ਦੀ ਰਸਮ ਅਦਾ ਕੀਤੀ ਗਈ। ਪੁਸਤਕ ਅਤੇ ਕਵੀ ਦੀ ਸ਼ਖ਼ਸੀਅਤ ਬਾਰੇ ਦਵਿੰਦਰ ਗੌਤਮ, ਪ੍ਰਭਜੋਤ ਸੋਹੀ, ਸੁਖਜੀਤ ਹੁੰਦਲ, ਹਰਦਮ ਮਾਨ, ਬਲਬੀਰ ਕੌਰ ਢਿੱਲੋਂ, ਜਰਨੈਲ ਸਿੰਘ ਸੇਖਾ, ਮੋਹਨ ਗਿੱਲ, ਅੰਗਰੇਜ਼ ਬਰਾੜ, ਬਲਤੇਜ ਬਰਾੜ, ਨਰਿੰਦਰ ਬਾਈਆ, ਪਾਲ ਢਿੱਲੋਂ, ਕ੍ਰਿਸ਼ਨ ਬੈਕਟਰ, ਭੁਪਿੰਦਰ ਮੱਲ੍ਹੀ, ਸ਼ਬਨਮ ਮੱਲ੍ਹੀ ਨਿਰੰਜਨ ਸੂਖਮ ਅਤੇ ਅੰਸ਼ੁਕਰ ਮਹੇਸ਼ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪੁਸਤਕ ਨੂੰ ਸਮਕਾਲੀ ਪੰਜਾਬੀ ਗ਼ਜ਼ਲ ਦੀ ਇੱਕ ਮਹੱਤਵਪੂਰਨ ਪ੍ਰਾਪਤੀ ਕਰਾਰ ਦਿੱਤਾ।

ਸਮਾਗਮ ਦੇ ਅੰਤ ਵਿੱਚ ਗ਼ਜ਼ਲ ਮੰਚ ਸਰੀ ਦੇ ਪ੍ਰਧਾਨ ਜਸਵਿੰਦਰ ਨੇ ਹਾਜ਼ਰ ਸਭਨਾਂ ਰੂਹਾਨੀ ਸ਼ਖ਼ਸੀਅਤਾਂ, ਕਲਮਕਾਰਾਂ ਅਤੇ ਦਾਨਿਸ਼ਵਰਾਂ ਦਾ ਦਿਲ ਦੀਆਂ ਅਥਾਹ ਗਹਿਰਾਈਆਂ ਵਿੱਚੋਂ ਸ਼ੁਕਰਾਨਾ ਅਦਾ ਕੀਤਾ। ਉਨ੍ਹਾਂ ਪ੍ਰੀਤ ਮਨਪ੍ਰੀਤ ਨੂੰ ਇਸ ਮੁਬਾਰਕ ਕਦਮ 'ਤੇ ਵਧਾਈ ਦਿੰਦਿਆਂ ਆਖਿਆ ਕਿ 'ਧੁੱਪ ਛਾਂ ਦਾ ਅਨੁਪਾਤ' ਮਹਿਜ਼ ਇਕ ਕਿਤਾਬ ਨਹੀਂ, ਬਲਕਿ ਸਮਕਾਲੀ ਪੰਜਾਬੀ ਗ਼ਜ਼ਲ ਦੇ ਮੁਹਾਂਦਰੇ ਨੂੰ ਹੋਰ ਨਿਖਾਰਨ ਵਾਲੀ ਇਕ ਵਡਮੁੱਲੀ ਅਤੇ ਹਾਸਲ-ਪ੍ਰਾਪਤੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਸਿਰਜਣਾ ਦੇ ਪਿੱਛੇ ਸ਼ਾਇਰ ਦੀ ਵਰ੍ਹਿਆਂ ਦੀ ਅਣਥੱਕ ਘਾਲਣਾ, ਸਾਹਿਤਕ ਸਿਦਕ, ਗ਼ਜ਼ਲ ਦੀ ਸੂਖਮ ਤਕਨੀਕੀ ਸਮਝ ਅਤੇ ਜ਼ਿੰਦਗੀ ਦੇ ਫ਼ਲਸਫ਼ੇ ਨੂੰ ਫੜਨ ਦੀ ਡੂੰਘੀ ਸੂਝ ਸਾਫ਼ ਨਜ਼ਰ ਆਉਂਦੀ ਹੈ, ਜੋ ਪੰਜਾਬੀ ਸ਼ਾਇਰੀ ਦੇ ਸੁਨਹਿਰੀ ਭਵਿੱਖ ਦਾ ਇੱਕ ਸ਼ੁਭ ਸ਼ਗਨ ਹੈ। ਸਮੁੱਚੇ ਸਮਾਗਮ ਦਾ ਸੰਚਾਲਨ ਦਵਿੰਦਰ ਗੌਤਮ ਨੇ ਬੇਹੱਦ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ।

# ਕੈਨੇਡਾ ਦੌਰੇ 'ਤੇ ਬੀ ਜੇ ਪੀ ਪੰਜਾਬ ਦੇ ਸੀਨੀਅਰ ਆਗੂ ਪਵਨ ਕੁਮਾਰ ਟਿੰਕੂ ਨੇ ਸਰੀ ਵਿਖੇ ਸਾਹਨੇਵਾਲ ਵਾਸੀਆਂ ਨਾਲ ਕੀਤੀ ਮੁਲਾਕਾਤ



**ਸਰੀ (ਮਹੇਸ਼ਇੰਦਰ ਸਿੰਘ ਮਾਂਗਟ),** 13 ਜੂਨ – ਭਾਜਪਾ ਪੰਜਾਬ ਐਗਜ਼ੈਕਟਿਵ ਮੈਂਬਰ ਪਵਨ ਕੁਮਾਰ ਟਿੰਕੂ ਇਨ੍ਹੀਂ ਦਿਨੀਂ ਆਪਣੇ ਕੈਨੇਡਾ ਦੌਰੇ 'ਤੇ ਹਨ। ਉਹ ਪਿਛਲੇ ਮਹੀਨੇ ਆਪਣੇ ਬੱਚਿਆਂ ਨੂੰ ਮਿਲਣ ਲਈ ਕੈਨੇਡਾ ਪਹੁੰਚੇ ਸਨ ਅਤੇ ਅੱਜਕੱਲ੍ਹ ਸਰੀ ਵਿਖੇ ਰਹਿ ਰਹੇ ਆਪਣੇ ਜੱਦੀ ਪਿੰਡ ਸਾਹਨੇਵਾਲ ਦੇ ਨਿਵਾਸੀਆਂ ਨਾਲ ਮੁਲਾਕਾਤਾਂ ਕਰ ਰਹੇ ਹਨ।

ਸਰੀ ਵਿੱਚ ਵੱਸਦੇ ਸਾਹਨੇਵਾਲ ਨਿਵਾਸੀਆਂ ਵੱਲੋਂ ਹਰ ਸਾਲ ਸਰਬੱਤ ਦੇ ਭਲੇ ਅਤੇ ਚੜ੍ਹਦੀ ਕਲਾ ਦੀ ਅਰਦਾਸ ਲਈ ਅਖੰਡ ਪਾਠ ਸਾਹਿਬ ਕਰਵਾਏ ਜਾਂਦੇ ਹਨ। ਇਸ ਸਾਲ ਵੀ 12 ਜੂਨ ਨੂੰ ਅਖੰਡ ਪਾਠ ਸਾਹਿਬ ਆਰੰਭ ਹੋਏ, ਜਿਨ੍ਹਾਂ ਦੇ ਭੋਗ 14 ਜੂਨ ਦਿਨ ਐਤਵਾਰ ਨੂੰ ਪਾਏ ਜਾਣਗੇ।

ਪਵਨ ਕੁਮਾਰ ਟਿੰਕੂ ਇਸ ਧਾਰਮਿਕ ਸਮਾਗਮ ਵਿੱਚ ਸ਼ਾਮਲ ਹੋ ਕੇ ਸਾਹਨੇਵਾਲ ਨਾਲ ਸਬੰਧਤ ਪਰਿਵਾਰਾਂ ਅਤੇ ਇਲਾਕਾ ਨਿਵਾਸੀਆਂ ਨਾਲ ਮਿਲਣਗੇ। ਬੀਤੇ ਦਿਨੀਂ ਗੁਰਦੁਆਰਾ ਸਾਹਿਬ ਵਿਖੇ ਪਹੁੰਚਣ ਮੌਕੇ ਉਨ੍ਹਾਂ ਨੇ ਸੰਗਤ ਅਤੇ ਆਪਣੇ ਨਗਰ ਵਾਸੀਆਂ ਨਾਲ ਖੁੱਲ੍ਹ ਕੇ ਗੱਲਬਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਸਾਹਨੇਵਾਲ ਅਤੇ ਪੰਜਾਬ ਦੇ ਤਾਜ਼ਾ ਹਾਲਾਤਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਨਾਲ ਆਪਣੇ ਪਿੰਡ ਦੀਆਂ ਯਾਦਾਂ ਅਤੇ ਵਿਕਾਸ ਨਾਲ ਜੁੜੇ ਮਸਲਿਆਂ 'ਤੇ ਵਿਚਾਰ ਵਟਾਂਦਰਾ ਕੀਤਾ।

ਸਮਾਗਮ ਦੇ ਪ੍ਰਬੰਧਕਾਂ ਅਨੁਸਾਰ ਹਰ ਸਾਲ ਹੋਣ ਵਾਲਾ ਇਹ ਧਾਰਮਿਕ ਇਕੱਠ ਸਾਹਨੇਵਾਲ ਨਾਲ ਸਬੰਧਤ ਪਰਿਵਾਰਾਂ ਨੂੰ ਇੱਕ ਮੰਚ 'ਤੇ ਇਕੱਠਾ ਕਰਦਾ ਹੈ ਅਤੇ ਆਪਸੀ ਭਾਈਚਾਰੇ, ਸਾਂਝ ਅਤੇ ਸੱਭਿਆਚਾਰਕ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਬਣਾਉਂਦਾ ਹੈ। ਪਵਨ ਕੁਮਾਰ ਟਿੰਕੂ ਦੀ ਆਮਦ ਨਾਲ ਇਸ ਸਾਲ ਦੇ ਸਮਾਗਮ ਵਿਚ ਸ਼ਾਮਿਲ ਹੋ ਕੇ ਭਾਈਚਾਰੇ ਦੇ ਲੋਕ ਉਨ੍ਹਾਂ ਨਾਲ ਮਿਲ ਕੇ ਖੁਸ਼ੀ ਮਹਿਸੂਸ ਕਰ ਰਹੇ ਹਨ। ਇਸ ਮੌਕੇ ਤਾਰਾ ਸਿੰਘ ਸੰਧੂ ਸਾਬਕਾ ਡਿਪਟੀ ਕੰਟਰੋਲਰ ਆਡਿਟ, ਸਾਬਕਾ ਚੇਅਰਮੈਨ ਅਜਮੇਰ ਸਿੰਘ ਭਾਗਪੁਰ, ਮਨਦੀਪ ਸਿੰਘ ਸੰਧੂ,ਅਜੀਤਪਾਲ ਸਿੰਘ ਸੰਧੂ, ਨਿਰੰਜਨ ਲਹਿਲ, ਰਵੀਕਾਂਤ ਸ਼ਰਮਾ ਹਾਜ਼ਰ ਸਨ।

# ਸ਼ਾਬਾਸ਼! ਨਜ਼ਰ ਤੋਂ ਵਾਂਝੇ ਦੌੜਾਕ ਨੇ ਅੱਧੀ ਮੈਰਾਥਨ ਪੂਰੀ ਕਰਕੇ ਰਚਿਆ ਇਤਿਹਾਸ!



**ਵੈਨਕੂਵਰ, (ਮਲਕੀਤ ਸਿੰਘ) –** ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਨੈਨਾਈਮੋ ਸ਼ਹਿਰ ਨਾਲ ਸੰਬੰਧਿਤ ਅਤੇ ਅੱਖਾਂ ਦੀ ਰੌਸ਼ਨੀ ਤੋਂ ਵਾਂਝੇ ਇੱਕ ਦੌੜਾਕ ਨੇ ਆਪਣੇ ਹੌਸਲੇ, ਦ੍ਰਿੜ੍ਹ ਇਰਾਦੇ ਅਤੇ ਆਤਮਵਿਸ਼ਵਾਸ ਦੀ ਵਿਲੱਖਣ ਮਿਸਾਲ ਪੇਸ਼ ਕਰਦਿਆਂ ਰਨ ਸੇਸੁਤਸ਼ੁਨ ਹਾਫ਼ ਮੈਰਾਥਨ ਸਫ਼ਲਤਾਪੂਰਵਕ ਪੂਰੀ ਕਰਕੇ ਇਤਿਹਾਸ ਰਚ ਦਿੱਤਾ ਹੈ।

37 ਸਾਲਾਂ ਰਿਚਰਡ ਹਾਰਲੋ ਨਾਂ ਦੇ ਇਸ ਦੌੜਾਕ ਨੇ ਕਿਹਾ ਕਿ ਉਸ ਦਾ ਮਕਸਦ ਸਿਰਫ਼ ਦੌੜ ਪੂਰੀ ਕਰਨਾ ਨਹੀਂ ਸੀ, ਸਗੋਂ ਸਮਾਜ ਵਿੱਚ ਮੌਜੂਦ ਰੁਕਾਵਟਾਂ ਅਤੇ ਧਾਰਨਾਵਾਂ ਨੂੰ ਤੋੜਦਿਆਂ ਇਹ ਸੰਦੇਸ਼ ਦੇਣਾ ਵੀ ਸੀ ਕਿ ਸਰੀਰਕ ਅਸਮਰੱਥਾ ਕਿਸੇ ਵੀ ਵਿਅਕਤੀ ਦੇ ਸੁਪਨਿਆਂ ਦੇ ਰਾਹ ਵਿੱਚ ਰੁਕਾਵਟ ਨਹੀਂ ਬਣ ਸਕਦੀ। ਖੇਡ ਜਗਤ ਨਾਲ ਜੁੜੇ ਖੇਡ ਪ੍ਰੇਮੀਆਂ ਵੱਲੋਂ ਉਸ ਦੀ ਇਸ ਪ੍ਰਾਪਤੀ ਦੀ ਸਲਾਘਾ ਕੀਤੀ ਜਾ ਰਹੀ ਹੈ।

# ਸਰੀ ਵਿਚ 'ਹੁਣ' ਮੈਗਜ਼ੀਨ ਦੇ ਮੁੱਖ ਸੰਪਾਦਕ ਸੁਸ਼ੀਲ ਦੁਸਾਂਝ ਦਾ ਗਜ਼ਲ ਮੰਚ ਸਰੀ ਦੇ ਮੈਂਬਰਾਂ ਵੱਲੋਂ ਨਿੱਘਾ ਸਵਾਗਤ

**ਸਰੀ, (ਹਰਦਮ ਮਾਨ)–**ਬੀਤੇ ਦਿਨ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੇ ਜਨਰਲ ਸਕੱਤਰ ਅਤੇ ਪੰਜਾਬੀ ਸਾਹਿਤ ਜਗਤ ਦੇ ਵੱਕਾਰੀ ਮੈਗਜ਼ੀਨ 'ਹੁਣ' ਦੇ ਮੁੱਖ ਸੰਪਾਦਕ ਸੁਸ਼ੀਲ ਦੁਸਾਂਝ ਦੇ ਸਰੀ ਪਹੁੰਚਣ 'ਤੇ 'ਗਜ਼ਲ ਮੰਚ ਸਰੀ' ਦੇ ਮੈਂਬਰਾਂ ਵੱਲੋਂ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਉਪਰੰਤ 'ਗੁਲਾਟੀ ਪਬਲਿਸ਼ਰਜ਼ ਲਿਮਿਟਡ' ਦੇ ਵਿਹੜੇ ਵਿੱਚ ਉਨ੍ਹਾਂ ਨਾਲ਼ ਸਾਹਿਤਕ ਸੰਵਾਦ ਰਚਾਇਆ ਗਿਆ। ਗੱਲਬਾਤ ਦੌਰਾਨ ਸੁਸ਼ੀਲ ਦੁਸਾਂਝ ਨੇ ਪੰਜਾਬ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਪਿਛਲੇ ਸਮੇਂ ਦੌਰਾਨ ਮਾਂ-ਬੋਲੀ ਅਤੇ ਸਾਹਿਤ ਦੇ ਲੇਖੇ ਲਾਏ ਕਾਰਜਾਂ ਅਤੇ ਮੌਜੂਦਾ ਸਰਗਰਮੀਆਂ ਬਾਰੇ ਵਿਸਥਾਰ ਵਿੱਚ ਚਾਨਣਾ ਪਾਇਆ। ਉਹਨਾਂ ਨੇ ਪੰਜਾਬ ਦੇ ਮੌਜੂਦਾ ਸਾਹਿਤਕ ਦ੍ਰਿਸ਼ ਅਤੇ ਲੇਖਕਾਂ ਨੂੰ ਦਰਪੇਸ਼ ਚੁਣੌਤੀਆਂ ਬਾਰੇ ਵੀ ਆਪਣੇ ਵਿਚਾਰ ਸਾਂਝੇ ਕੀਤੇ।



ਇਸ ਮੌਕੇ ਵਿਸ਼ੇਸ਼ ਤੌਰ 'ਤੇ ਮੌਜੂਦਾ ਦੌਰ ਵਿੱਚ ਸੋਸ਼ਲ ਮੀਡੀਆ ਦੇ ਪੰਜਾਬੀ ਰਚਨਾਤਮਕ ਕਾਰਜਾਂ ਉੱਪਰ ਪੈ ਰਹੇ ਹਾਂ-ਪੱਖੀ ਅਤੇ ਨਾਂ-ਪੱਖੀ ਪ੍ਰਭਾਵਾਂ ਬਾਰੇ ਗੰਭੀਰ ਚਰਚਾ ਕਰਦਿਆਂ ਸੁਸ਼ੀਲ ਦੁਸਾਂਝ ਨੇ ਬੜੇ ਬੇਬਾਕ ਸ਼ਬਦਾਂ ਵਿੱਚ ਕਿਹਾ ਕਿ ਬੇਸ਼ੱਕ ਸੋਸ਼ਲ ਮੀਡੀਆ ਦੇ ਆਉਣ ਨਾਲ ਬਹੁਤ ਸਾਰੇ ਨਵੇਂ ਲੇਖਕ ਸਾਹਮਣੇ ਆਏ ਹਨ, ਲਿਖਣ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਹੋਈਆਂ ਹਨ ਅਤੇ ਰਚਨਾਵਾਂ ਤੁਰੰਤ ਪਾਠਕਾਂ ਤੱਕ ਪਹੁੰਚ ਰਹੀਆਂ ਹਨ। ਪਰ ਇਸ ਦੇ ਨਾਲ ਹੀ ਇੱਕ ਵੱਡਾ ਸੰਕਟ ਇਹ ਖੜ੍ਹਾ ਹੋ ਗਿਆ ਹੈ ਕਿ ਇਸ ਮਾਧਿਅਮ ਰਾਹੀਂ ਜੋ ਸਾਹਿਤ, ਰਚਿਆ ਜਾਂ ਪਰੋਸਿਆ ਜਾ ਰਿਹਾ ਹੈ, ਉਸ ਵਿੱਚ ਸਾਹਿਤਕ ਗੁਣਵੱਤਾ, ਭਾਸ਼ਾਈ ਮਰਿਆਦਾ ਅਤੇ ਗੰਭੀਰ ਅਧਿਐਨ ਦੀ ਵੱਡੀ ਘਾਟ ਰੜਕਦੀ ਹੈ। ਲਾਈਕਸ ਅਤੇ ਕੁਮੈਂਟਸ ਦੀ ਦੌੜ ਨੇ ਸਾਹਿਤ ਵਿੱਚੋਂ ਸਬਰ ਅਤੇ ਸਾਧਨਾ ਨੂੰ ਮਨਫ਼ੀ ਕਰ ਦਿੱਤਾ ਹੈ।

ਉਹਨਾਂ ਨੇ ਆਖਿਆ ਕਿ ਸਿਰਫ਼ ਭਾਵੁਕ ਹੋ ਕੇ ਲਿਖ ਦੇਣਾ ਹੀ ਉੱਤਮ ਸਾਹਿਤ ਨਹੀਂ ਹੋ ਸਕਦਾ। ਜੇਕਰ ਇੱਕ ਨਿਰੋਆ, ਅਗਾਂਹਵਧੂ ਅਤੇ ਲੰਮੇਰੀ ਉਮਰ ਵਾਲਾ ਸਾਹਿਤ ਰਚਣਾ ਹੈ, ਤਾਂ ਲੇਖਕਾਂ ਲਈ ਆਪਣੇ ਆਲੇ-ਦੁਆਲੇ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਵਰਤਾਰੇ ਦੀ ਡੂੰਘੀ ਸੋਝੀ ਹੋਣੀ ਬੇਹੱਦ ਲਾਜ਼ਮੀ ਹੈ। ਜਦੋਂ ਤੱਕ ਕੋਈ ਰਚਨਾਕਾਰ ਇਤਿਹਾਸ ਅਤੇ ਮੌਜੂਦਾ ਦੌਰ ਦੇ ਦਵੰਦ ਨੂੰ ਨਹੀਂ ਸਮਝਦਾ, ਉਦੋਂ ਤੱਕ ਉਹ ਲੋਕ-ਮਨਾਂ ਵਿੱਚ ਉਕਰਿਆ ਜਾਣ ਵਾਲਾ ਸਾਹਿਤ ਨਹੀਂ ਸਿਰਜ ਸਕਦਾ। ਸੋਸ਼ਲ ਮੀਡੀਆ ਦੇ ਇਸ ਦੌਰ ਵਿੱਚ ਲੇਖਕਾਂ ਨੂੰ ਸਸਤੀ ਪ੍ਰਸਿੱਧੀ ਤੋਂ ਬਚ ਕੇ ਗੰਭੀਰ ਚਿੰਤਨ ਵੱਲ ਮੁੜਨਾ ਪਵੇਗਾ।

ਇਸ ਸਾਹਿਤਕ ਮਿਲਣੀ ਦੌਰਾਨ ਸੁਸ਼ੀਲ ਦੁਸਾਂਝ ਨੇ ਗਜ਼ਲ ਮੰਚ ਦੇ ਮੈਂਬਰਾਂ ਨੂੰ ਆਪਣੀ ਗਜ਼ਲ ਪੁਸਤਕ 'ਪੀਲੀ ਧਰਤੀ ਕਾਲ਼ਾ ਅੰਬਰ' ਭੇਟ ਕੀਤੀ ਅਤੇ ਨਾਲ ਹੀ ਉਹਨਾਂ ਨੇ ਮੈਗਜ਼ੀਨ 'ਹੁਣ' ਦਾ ਤਾਜ਼ਾ ਅੰਕ ਅਤੇ ਕਮਲ ਦੁਸਾਂਝ ਵੱਲੋਂ ਅਨੁਵਾਦ ਕੀਤੀ ਗਈ ਪੁਸਤਕ 'ਜਲਾਵਤਨ' ਵੀ ਮੰਚ ਦੇ ਮੈਂਬਰਾਂ ਨੂੰ ਸੌਂਪੀ।

ਅਖੀਰ ਵਿੱਚ ਗਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ ਨੇ ਸੁਸ਼ੀਲ ਦੁਸਾਂਝ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ 'ਹੁਣ' ਰਸਾਲੇ ਨੂੰ ਨਿਰੰਤਰ ਚਲਾਉਣ ਲਈ ਕੀਤੇ ਜਾ ਰਹੇ ਵੱਡੇ ਸਾਹਿਤਕ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਉਹਨਾਂ ਨੇ ਸੁਸ਼ੀਲ ਦੁਸਾਂਝ ਦਾ ਸਰੀ (ਕੈਨੇਡਾ) ਦੀ ਧਰਤੀ 'ਤੇ ਪਹੁੰਚਣ ਲਈ ਸਮੁੱਚੇ ਮੰਚ ਵੱਲੋਂ ਤਹਿ ਦਿਲੋਂ ਸਵਾਗਤ ਅਤੇ ਧੰਨਵਾਦ ਕੀਤਾ। ਇਸ ਮੌਕੇ ਗ਼ਜ਼ਲ ਮੰਚ ਦੇ ਸ਼ਾਇਰ ਰਾਜਵੰਤ ਰਾਜ, ਹਰਦਮ ਮਾਨ, ਦਵਿੰਦਰ ਗੌਤਮ ਅਤੇ ਪ੍ਰੀਤ ਮਨਪ੍ਰੀਤ ਨੇ ਵੀ ਸੁਸ਼ੀਲ ਦੁਸਾਂਝ ਨੂੰ ਜੀ ਆਇਆਂ ਕਿਹਾ।

# ਸਾਹਨੇਵਾਲ ਨਗਰ ਨਿਵਾਸੀਆਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਬਹੁਤ ਸ਼ਰਧਾ ਭਾਵਨਾ ਨਾਲ ਪਾਏ ਗਏ







**ਸਰੀ (ਮਹੇਸ਼ਇੰਦਰ ਸਿੰਘ ਮਾਂਗਟ)–** ਸਾਹਨੇਵਾਲ ਨਗਰ ਨਿਵਾਸੀਆਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਰ੍ਹੇ ਵੀ ਸਰਬੱਤ ਦੇ ਭਲੇ, ਚੜ੍ਹਦੀ ਕਲਾ ਅਤੇ ਸਮੂਹ ਮਨੁੱਖਤਾ ਦੀ ਭਲਾਈ ਲਈ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਗੁਰਦੁਆਰਾ ਸਿੰਘ ਸਭਾ ਸਰੀ ਵਿਖੇ ਬਹੁਤ ਹੀ ਸ਼ਰਧਾ, ਭਾਵਨਾ ਨਾਲ ਪਾਏ ਗਏ।

ਇਹ ਧਾਰਮਿਕ ਸਮਾਗਮ 12 ਜੂਨ ਤੋਂ ਆਰੰਭ ਹੋਇਆ ਅਤੇ 14 ਜੂਨ, ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।

ਇਸ ਮੌਕੇ ਸਰੀ ਅਤੇ ਆਲੇ-ਦੁਆਲੇ ਦੇ ਸ਼ਹਿਰਾਂ ਵਿੱਚ ਵੱਸਦੇ ਸਾਹਨੇਵਾਲ ਨਗਰ ਨਾਲ ਸਬੰਧਤ ਪਰਿਵਾਰਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਸਮਾਗਮ ਦੌਰਾਨ ਸੰਗਤਾਂ ਨੇ ਗੁਰਬਾਣੀ ਕੀਰਤਨ ਅਤੇ ਨਾਮ ਸਿਮਰਨ ਰਾਹੀਂ ਗੁਰੂ ਚਰਨਾਂ ਵਿੱਚ ਆਪਣੀ ਸ਼ਰਧਾ ਪ੍ਰਗਟ ਕੀਤੀ।

ਪ੍ਰਬੰਧਕਾਂ ਨੇ ਦੱਸਿਆ ਕਿ ਅਜਿਹੇ ਧਾਰਮਿਕ ਇਕੱਠਾਂ ਦਾ ਮੁੱਖ ਉਦੇਸ਼ ਸਿਰਫ਼ ਧਾਰਮਿਕ ਮਰਿਆਦਾ ਨੂੰ ਕਾਇਮ ਰੱਖਣਾ ਹੀ ਨਹੀਂ, ਸਗੋਂ ਵਿਦੇਸ਼ਾਂ ਵਿੱਚ ਵੱਸਦੇ ਪਰਿਵਾਰਾਂ ਨੂੰ ਇੱਕ ਮੰਚ 'ਤੇ ਇਕੱਠਾ ਕਰਕੇ ਆਪਸੀ ਪਿਆਰ, ਭਾਈਚਾਰਕ ਸਾਂਝ ਅਤੇ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕਰਨਾ ਵੀ ਹੈ।

ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮਾਂ ਰਾਹੀਂ ਨਵੀਂ ਪੀੜ੍ਹੀ ਨੂੰ ਆਪਣੇ ਧਾਰਮਿਕ ਅਤੇ ਸੱਭਿਆਚਾਰਕ ਵਿਰਸੇ ਨਾਲ ਜੋੜਨ ਦਾ ਮੌਕਾ ਮਿਲਦਾ ਹੈ, ਜਦਕਿ ਪਰਿਵਾਰਿਕ ਮੈਂਬਰ ਆਪਸ ਵਿੱਚ ਮਿਲ ਬੈਠ ਕੇ ਸਾਂਝਾਂ ਨੂੰ ਹੋਰ ਗੂੜ੍ਹਾ ਬਣਾਉਂਦੇ ਹਨ।

ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਅਰਦਾਸ ਕੀਤੀ ਗਈ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਗਈ। ਇਸ ਤੋਂ ਬਾਅਦ ਗੁਰੂ ਕੇ ਅਤੁੱਟ ਲੰਗਰ ਵਰਤਾਏ ਗਏ, ਜਿਨ੍ਹਾਂ ਵਿੱਚ ਸੰਗਤਾਂ ਨੇ ਬੜੀ ਸ਼ਰਧਾ ਨਾਲ ਹਿੱਸਾ ਲਿਆ।

ਸਮਾਗਮ ਦੇ ਸਫਲ ਆਯੋਜਨ ਲਈ ਪ੍ਰਬੰਧਕਾਂ ਨੇ ਸਮੂਹ ਸੰਗਤਾਂ, ਸੇਵਾਦਾਰਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਨਾਲ ਇਹ ਧਾਰਮਿਕ ਸਮਾਗਮ ਚੜ੍ਹਦੀ ਕਲਾ ਨਾਲ ਸਮਾਪਤ ਹੋਏ ।

# ਸਰੀ ਵਿੱਚ ਪਹਿਲਾ 'ਟੇਸਟ ਆਫ ਇੰਡੀਆ' ਫੈਸਟੀਵਲ ਸ਼ਾਨਦਾਰ ਰਿਹਾ

## ਭਾਰਤੀ ਸਭਿਆਚਾਰ, ਵਿਭਿੰਨਤਾ ਅਤੇ ਭਾਈਚਾਰਕ ਏਕਤਾ ਦਾ ਬਣਿਆ ਪ੍ਰਤੀਕ





**ਸਰੀ ( ਮਹੇਸ਼ਇੰਦਰ ਸਿੰਘ ਮਾਂਗਟ) –** ਸਰੀ ਸ਼ਹਿਰ ਵਿੱਚ ਪਹਿਲੀ ਵਾਰ ਆਯੋਜਿਤ ਕੀਤਾ ਗਿਆ 'ਟੇਸਟ ਆਫ ਇੰਡੀਆ' ਫੈਸਟੀਵਲ ਭਾਰਤੀ ਸਭਿਆਚਾਰ, ਵਿਭਿੰਨਤਾ ਅਤੇ ਭਾਈਚਾਰਕ ਏਕਤਾ ਦਾ ਸ਼ਾਨਦਾਰ ਪ੍ਰਤੀਕ ਬਣ ਕੇ ਉਭਰਿਆ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸਥਾਨਕ ਵਸਨੀਕਾਂ ਅਤੇ ਵੱਖ-ਵੱਖ ਭਾਈਚਾਰਿਆਂ ਦੇ ਲੋਕਾਂ ਨੇ ਸ਼ਮੂਲੀਅਤ ਕਰਦਿਆਂ ਭਾਰਤੀ ਖਾਣਿਆਂ, ਸੰਗੀਤ, ਕਲਾ ਰੰਗਾਰੰਗ ਸੱਭਿਆਚਾਰਕ ਪੇਸ਼ਕਾਰੀਆਂ ਦਾ ਭਰਪੂਰ ਆਨੰਦ ਮਾਣਿਆ।

ਸਮਾਗਮ ਵਿੱਚ ਸਰੀ ਦੀ ਮੇਅਰ ਬਰੈਂਡਾਂ ਲੌਕ, ਕੌਂਸਲਰ ਲਿੰਡਾ ਅਨਿਸ,ਨੋਏਮੀ ਵਿਕਟੋਰੀਆ, ਸੀਨੇ ਵਰਮਾਨੀ ਅਤੇ ਸ਼ਹਿਰ ਦੇ ਹੋਰ ਚੁਣੇ ਹੋਏ ਨੁਮਾਇੰਦਿਆਂ ਨੇ ਹਾਜ਼ਰੀ ਲਗਾ ਕੇ ਇਸ ਨਵੇਂ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

ਆਪਣੇ ਸੰਬੋਧਨ ਦੌਰਾਨ ਮੇਅਰ ਬ੍ਰੈਂਡਾ ਲੌਕ ਨੇ ਕਿਹਾ ਕਿ ਇਹ ਫੈਸਟੀਵਲ ਸਿਰਫ਼ ਭਾਰਤੀ ਭਾਈਚਾਰੇ ਦਾ ਹੀ ਨਹੀਂ, ਸਗੋਂ ਪੂਰੇ ਸਰੀ ਸ਼ਹਿਰ ਦੀ ਬਹੁ-ਸੱਭਿਆਚਾਰਕ ਪਛਾਣ ਅਤੇ ਸਾਂਝੀ ਵਿਰਾਸਤ ਦਾ ਜਸ਼ਨ ਹੈ।

ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਵੱਖ-ਵੱਖ ਸਭਿਆਚਾਰਾਂ ਅਤੇ ਭਾਈਚਾਰਿਆਂ ਨੂੰ ਇੱਕ-ਦੂਜੇ ਦੇ ਨੇੜੇ ਲਿਆਉਣ, ਆਪਸੀ ਸਮਝ ਨੂੰ ਮਜ਼ਬੂਤ ਕਰਨ ਅਤੇ ਸਮਾਜਿਕ ਸਾਂਝ ਨੂੰ ਉਤਸ਼ਾਹਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਉਨ੍ਹਾਂ ਨੇ ਕਿਹਾ ਕਿ ਸਰੀ ਦੀ ਤਾਕਤ ਇਸ ਦੀ ਵਿਭਿੰਨਤਾ ਵਿੱਚ ਵਸਦੀ ਹੈ ਅਤੇ ਇਸ ਤਰ੍ਹਾਂ ਦੇ ਪ੍ਰੋਗਰਾਮ ਸ਼ਹਿਰ ਦੀ ਸਮਾਵੇਸ਼ੀ ਸੋਚ ਨੂੰ ਹੋਰ ਮਜ਼ਬੂਤ ਕਰਦੇ ਹਨ। ਮੇਅਰ ਨੇ ਇਸ ਮੌਕੇ ਫੈਸਟੀਵਲ ਦੇ ਮੁੱਖ ਆਯੋਜਕ ਅਮ੍ਰਿਤ ਢੋਟ, ਸਮੂਹ ਵਲੰਟੀਅਰਾਂ ਅਤੇ ਕਮਿਊਨਿਟੀ ਭਾਈਵਾਲਾਂ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਮਿਹਨਤ, ਸਮਰਪਣ ਅਤੇ ਸਹਿਯੋਗ ਸਦਕਾ ਇਹ ਨਵਾਂ ਉਪਰਾਲਾ ਬਹੁਤ ਸਫਲ ਰਿਹਾ ਹੈ।

ਫੈਸਟੀਵਲ ਦੌਰਾਨ ਸੈਂਕੜੇ ਪਰਿਵਾਰਾਂ ਨੇ ਵੱਖ-ਵੱਖ ਭਾਰਤੀ ਪਕਵਾਨਾਂ ਦਾ ਸਵਾਦ ਚੱਖਿਆ, ਸੱਭਿਆਚਾਰਕ ਪ੍ਰੋਗਰਾਮਾਂ ਦਾ ਆਨੰਦ ਮਾਣਿਆ ਅਤੇ ਭਾਈਚਾਰਕ ਜਸ਼ਨ ਵਿੱਚ ਸ਼ਾਮਲ ਹੋ ਕੇ ਏਕਤਾ ਅਤੇ ਸਾਂਝ ਦਾ ਸੰਦੇਸ਼ ਦਿੱਤਾ। ਸਮਾਗਮ ਵਿੱਚ ਸ਼ਾਮਲ ਹੋਏ ਲੋਕਾਂ ਨੇ ਆਸ ਪ੍ਰਗਟਾਈ ਕਿ 'ਟੇਸਟ ਆਫ ਇੰਡੀਆ' ਆਉਣ ਵਾਲੇ ਸਾਲਾਂ ਵਿੱਚ ਸਰੀ ਦੇ ਪ੍ਰਮੁੱਖ ਸੱਭਿਆਚਾਰਕ ਸਮਾਗਮਾਂ ਵਿੱਚ ਆਪਣੀ ਵਿਸ਼ੇਸ਼ ਪਛਾਣ ਬਣਾਏਗਾ ਅਤੇ ਭਾਰਤੀ ਵਿਰਾਸਤ ਨੂੰ ਉਜਾਗਰ ਕਰਨ ਲਈ ਇੱਕ ਮਹੱਤਵਪੂਰਨ ਮੰਚ ਵਜੋਂ ਸਥਾਪਿਤ ਹੋਵੇਗਾ।

ਇਸ ਪਹਿਲੇ ਆਯੋਜਨ ਦੀ ਸਫਲਤਾ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸਰੀ ਵਿੱਚ ਬਹੁ-ਸੱਭਿਆਚਾਰਕ ਸਮਾਗਮਾਂ ਲਈ ਲੋਕਾਂ ਦਾ ਉਤਸ਼ਾਹ ਅਤੇ ਸਮਰਥਨ ਲਗਾਤਾਰ ਵਧ ਰਿਹਾ ਹੈ, ਜੋ ਸ਼ਹਿਰ ਦੀ ਸਮਾਜਿਕ ਅਤੇ ਸੱਭਿਆਚਾਰਕ ਮਜ਼ਬੂਤੀ ਨੂੰ ਹੋਰ ਪ੍ਰਫੁੱਲਤ ਕਰਦਾ ਹੈ।

# ਗਦਰ ਪਾਰਟੀ ਦੇ ਮਹਾਨ ਯੋਧੇ ਸ਼ਹੀਦ ਭਾਈ ਕਰਮ ਸਿੰਘ ਬੱਬਰ ਦੀ ਯਾਦ ਵਿੱਚ ਦੂਜਾ ਮੈਮੋਰੀਅਲ ਟੂਰਨਾਮੈਂਟ 28 ਤੋਂ 30 ਅਗਸਤ ਤੱਕ



**ਐਬਟਸਫੋਰਡ (ਮਹੇਸ਼ਇੰਦਰ ਸਿੰਘ ਮਾਂਗਟ)** – ਖਾਲਸਾ ਦੀਵਾਨ ਸੁਸਾਇਟੀ ਅੱਬੋਟਸਫੋਰਡ ਵੱਲੋਂ ਗਦਰ ਪਾਰਟੀ ਦੇ ਮਹਾਨ ਯੋਧੇ ਸ਼ਹੀਦ ਭਾਈ ਕਰਮ ਸਿੰਘ ਬੱਬਰ ਦੀ ਯਾਦ ਨੂੰ ਸਮਰਪਿਤ ਦੂਜਾ ਮੈਮੋਰੀਅਲ ਟੂਰਨਾਮੈਂਟ 28, 29 ਅਤੇ 30 ਅਗਸਤ 2026 (ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ) ਨੂੰ ਕਰਵਾਇਆ ਜਾ ਰਿਹਾ ਹੈ।

ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਰਜਿੰਦਰ ਸਿੰਘ ਢਿੱਲੋ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਤਿੰਨ ਦਿਨਾਂ ਖੇਡ ਸਮਾਗਮ ਦੌਰਾਨ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਜਾਣਗੇ, ਜਿਨ੍ਹਾਂ ਵਿੱਚ ਫੀਲਡ ਹਾਕੀ, ਸਾਕਰ (ਫੁੱਟਬਾਲ), ਬਾਸਕੇਟਬਾਲ, ਕੁਸ਼ਤੀ, ਸ਼ੂਟਿੰਗ, ਵਾਲੀਬਾਲ, ਸਮੈਸ਼ਿੰਗ ਵਾਲੀਬਾਲ, ਸੀਨੀਅਰ ਦੌੜ ਅਤੇ ਟੱਗ ਆਫ ਵਾਰ (ਰੱਸਾਕਸ਼ੀ) ਸ਼ਾਮਲ ਹਨ।ਪ੍ਰਬੰਧਕਾਂ ਨੇ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਨੂੰ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕਰਦਿਆਂ ਕਿਹਾ ਹੈ ਕਿ ਇਹ ਟੂਰਨਾਮੈਂਟ ਨਾ ਸਿਰਫ਼ ਖੇਡਾਂ ਨੂੰ ਉਤਸ਼ਾਹਿਤ ਕਰੇਗਾ, ਸਗੋਂ ਗਦਰ ਲਹਿਰ ਦੇ ਮਹਾਨ ਸ਼ਹੀਦਾਂ ਦੀ ਕੁਰਬਾਨੀ ਨੂੰ ਵੀ ਯਾਦ ਕਰਨ ਦਾ ਮੌਕਾ ਪ੍ਰਦਾਨ ਕਰੇਗਾ।ਇਹ ਟੂਰਨਾਮੈਂਟ W. J. Mouat Secondary School, 32355 Mouat Drive, ਅੱਬੋਟਸਫੋਰਡ ਵਿਖੇ ਆਯੋਜਿਤ ਕੀਤਾ ਜਾਵੇਗਾ। ਵਧੇਰੇ ਜਾਣਕਾਰੀ ਲਈ 778-552-8484 ਜਾਂ 604-850-7338 'ਤੇ ਸੰਪਰਕ ਕੀਤਾ ਜਾ ਸਕਦਾ।

# ਅਮਰੀਕਾ 'ਚ ਪੰਜਾਬੀ ਨੌਜਵਾਨ ਵੱਲੋਂ ਨਾਨੀ, ਮਾਂ ਤੇ ਪਿਤਾ ਦੀ ਗੋਲੀਆਂ ਮਾਰ ਕੇ ਹੱਤਿਆ!



ਅਮਰੀਕਾ ਤੋਂ ਇੱਕ ਬੇਹੱਦ ਦੁਖਦਾਈ ਅਤੇ ਹੈਰਾਨ ਕਰਨ ਵਾਲੀ ਖ਼ਬਰ ਸਾਹਮਣੇ ਆਈ ਹੈ, ਜਿੱਥੇ ਇੱਕ 19 ਸਾਲਾ ਨੌਜਵਾਨ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਆਪਣੀ ਨਾਨੀ, ਮਾਂ ਅਤੇ ਪਿਤਾ ਦਾ ਕਤਲ ਕਰ ਦਿੱਤਾ।

ਮ੍ਰਿਤਕ ਨਾਨੀ ਮਹਿੰਦਰ ਕੌਰ (73) ਦਾ ਪਿੰਡ ਮੁਠੱਡਾ ਕਲਾਂ (ਫਿਲੌਰ) ਸੀ ਅਤੇ ਉਹ ਪਿਛਲੇ ਕਰੀਬ 10 ਸਾਲਾਂ ਤੋਂ ਅਮਰੀਕਾ ਵਿੱਚ ਆਪਣੀ ਧੀ-ਜਵਾਈ ਕੋਲ ਰਹਿ ਰਹੀ ਸੀ।

ਇਹ ਖ਼ੌਫ਼ਨਾਕ ਘਟਨਾ 17 ਜੂਨ ਦੀ ਰਾਤ ਨੂੰ ਅਮਰੀਕਾ ਦੇ ਵਰਜੀਨੀਆ ਸੂਬੇ ਦੇ 'ਸਕੈਨਨ' ਪਿੰਡ ਵਿੱਚ ਵਾਪਰੀ, ਜਿੱਥੇ ਭਾਰਤੀ ਮੂਲ ਦੇ 19 ਸਾਲਾ ਨੌਜਵਾਨ ਗੌਰਵ ਚੋਪੜਾ ਨੇ ਆਪਣੇ ਹੀ ਪਰਿਵਾਰ 'ਤੇ ਗੋਲੀਬਾਰੀ ਕਰ ਦਿੱਤੀ।

ਇਸ ਹਮਲੇ ਵਿੱਚ ਉਸ ਦੇ ਪਿਤਾ ਸਵੀਤਾ ਰਾਮ (56), ਮਾਂ ਕਮਲੇਸ਼ ਰਾਣੀ (46) ਅਤੇ ਨਾਨੀ ਮਹਿੰਦਰ ਕੌਰ (73) ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਉਸ ਦਾ 21 ਸਾਲਾ ਵੱਡਾ ਭਰਾ ਸਾਜਨ ਚੋਪੜਾ ਕਿਸੇ ਤਰ੍ਹਾਂ ਇਸ ਹਮਲੇ ਵਿੱਚ ਬਚ ਗਿਆ।

ਮੂਲ ਰੂਪ ਵਿੱਚ ਇਹ ਪਰਿਵਾਰ ਨਵਾਂਸ਼ਹਿਰ ਦੇ ਪਿੰਡ ਲੱਖਪੁਰ ਨਾਲ ਸਬੰਧਤ ਹੈ ਅਤੇ ਉਨ੍ਹਾਂ ਨੇ ਹਾਲ ਹੀ ਵਿੱਚ ਪਲਾਹੀ ਰੋਡ, ਫਗਵਾੜਾ ਵਿਖੇ ਵੀ ਆਪਣੀ ਰਿਹਾਇਸ਼ ਬਣਾਈ ਹੋਈ ਸੀ। ਇਹ ਪਰਿਵਾਰ ਪਿਛਲੇ ਕਰੀਬ 30 ਸਾਲਾਂ ਤੋਂ ਅਮਰੀਕਾ ਵਿੱਚ ਰਹਿ ਰਿਹਾ ਸੀ ਅਤੇ ਸਵੀਤਾ ਰਾਮ ਉੱਥੇ ਇੱਕ ਹੋਟਲ ਚਲਾਉਂਦੇ ਸਨ, ਜਿਸ ਕਾਰਨ ਪਰਿਵਾਰ ਦੀ ਆਰਥਿਕ ਸਥਿਤੀ ਕਾਫ਼ੀ ਮਜ਼ਬੂਤ ਸੀ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਗੌਰਵ ਚੋਪੜਾ ਮੌਕੇ ਤੋਂ ਫ਼ਰਾਰ ਹੋ ਗਿਆ ਸੀ, ਪਰ ਭੱਜਣ ਦੌਰਾਨ ਉਸ ਦੀ ਕਾਰ ਹਾਦਸਾਗ੍ਰਸਤ ਹੋ ਗਈ ਅਤੇ ਉੱਥੋਂ ਦੀ ਪੁਲੀਸ ਨੇ ਉਸ ਨੂੰ ਕਾਬੂ ਕਰ ਲਿਆ।

ਇਸ ਹਮਲੇ ਵਿੱਚ ਬਚੇ ਵੱਡੇ ਭਰਾ ਸਾਜਨ ਨੇ ਪੰਜਾਬ ਰਹਿੰਦੇ ਆਪਣੇ ਮਾਮੇ ਨੂੰ ਫ਼ੋਨ 'ਤੇ ਦੱਸਿਆ ਕਿ ਜਦੋਂ ਉਹ ਪੌੜੀਆਂ ਚੜ੍ਹ ਰਿਹਾ ਸੀ, ਤਾਂ ਉਸ ਨੇ ਜ਼ਮੀਨ 'ਤੇ ਮਾਪਿਆਂ ਅਤੇ ਨਾਨੀ ਦੀਆਂ ਲਾਸ਼ਾਂ ਪਈਆਂ ਵੇਖੀਆਂ। ਉਹ ਅਜੇ ਸਦਮੇ ਵਿੱਚ ਹੀ ਸੀ ਕਿ ਉਸ ਦਾ ਛੋਟਾ ਭਰਾ ਗੌਰਵ ਬੰਦੂਕ ਤਾਣ ਕੇ ਉਸ ਵੱਲ ਆਇਆ ਅਤੇ ਸਿੱਧੀ ਉਸ ਦੇ ਸਿਰ ਵੱਲ ਗੋਲੀ ਚਲਾ ਦਿੱਤੀ। ਗੋਲੀ ਉਸ ਦੇ ਕੰਨ ਦੇ ਬਿਲਕੁਲ ਕੋਲ ਦੀ ਛੂਹ ਕੇ ਲੰਘ ਗਈ, ਜਿਸ ਕਾਰਨ ਉਸ ਨੂੰ ਇੱਕ ਕੰਨ ਤੋਂ ਸੁਣਾਈ ਦੇਣਾ ਬੰਦ ਹੋ ਗਿਆ ਹੈ। ਸਾਜਨ ਨੇ ਭੱਜ ਕੇ ਆਪਣੀ ਜਾਨ ਬਚਾਈ।

ਦੱਸਣਯੋਗ ਹੈ ਕਿ ਇਨ੍ਹਾਂ ਬੱਚਿਆਂ ਦੇ ਨਾਨੇ ਦਾ ਕਰੀਬ ਚਾਰ ਸਾਲ ਪਹਿਲਾਂ ਦੇਹਾਂਤ ਹੋ ਗਿਆ ਸੀ, ਜਿਸ ਤੋਂ ਬਾਅਦ ਨਾਨੀ ਬੱਚਿਆਂ ਦੀ ਸਾਂਭ-ਸੰਭਾਲ ਲਈ ਆਪਣੀ ਧੀ ਕੋਲ ਅਮਰੀਕਾ ਚਲੀ ਗਈ ਸੀ।

# ਪ੍ਰਵਾਸੀ ਪੰਜਾਬੀ ਲੇਖਿਕਾ ਪਰਵੇਜ਼ ਸੰਧੂ ਦਾ ਸੱਜਰਾ ਕਹਾਣੀ ਸੰਗ੍ਰਹਿ "ਪਰ - ਹੀਣ ਪਰਿੰਦੇ" ਪ੍ਰਦੇਸ਼ਾਂ ਵਿੱਚ ਬੁਢਾਪੇ ਦਾ ਸ਼ੀਸ਼ਾ: ਪ੍ਰੋ. ਗੁਰਭਜਨ ਸਿੰਘ ਗਿੱਲ



ਲੁਧਿਆਣਾ ਵੈਲਹਿੰਗਮ (ਅਮਰੀਕਾ) ਵੱਸਦੀ ਸਮਰੱਥ ਕਹਾਣੀ ਲੇਖਿਕਾ ਪਰਵੇਜ਼ ਸੰਧੂ ਦਾ ਸਵੀਨਾ ਪ੍ਰਕਾਸ਼ਨ ਕੈਲੇਫੋਰਨੀਆ(ਅਮਰੀਕਾ) ਤੇ ਚੇਤਨਾ ਪ੍ਰਕਾਸ਼ਨ ਲੁਧਿਆਣਾ ਵੱਲੋਂ ਛਾਪੇ ਸੱਜਰੇ ਕਹਾਣੀ ਸੰਗ੍ਰਹਿ "ਪਰ -ਹੀਣ ਪਰਿੰਦੇ " ਨੂੰ ਲੋਕ ਅਰਪਣ ਕਰਦਿਆਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਪਰਵੇਜ਼ ਦਾ ਇਹ ਸੱਜਰਾ ਕਹਾਣੀ ਸੰਗ੍ਰਹਿ ਸਾਨੂੰ ਪ੍ਰਦੇਸ਼ਾਂ ਵਿੱਚ ਜੀਅ ਰਹੇ ਬਜ਼ੁਰਗਾਂ ਦੀ ਪਿਛਲੀ ਉਮਰ ਦੇ ਸੰਘਰਸ਼ ਦਾ ਸ਼ੀਸ਼ਾ ਵਿਖਾਉਂਦਾ ਹੈ। ਉਨ੍ਹਾਂ ਕਿਹਾ ਕਿ ਪਰਵੇਜ਼ ਇਸ ਤੋਂ ਪਹਿਲਾਂ ਛਪੇ ਕਹਾਣੀ ਸੰਗ੍ਰਹਿ "ਮੁੱਠੀ ਭਰ ਸੁਪਨੇ," "ਟਾਹਣੀਆਂ ਟੁੱਟੇ", "ਕੋਡ ਬਲੂ" "ਬਲੌਰੀ ਅੱਖ ਵਾਲਾ ਮੁੰਡਾ"ਤੇ ਵਾਰਤਕ ਪੁਸਤਕ "ਕੰਡਣੀ" ਰਾਹੀਂ ਸਾਹਿੱਤ ਜਗਤ ਵਿੱਚ ਆਪਣਾ ਗਹਿਰ ਗੰਭੀਰਾ ਅਕਸ ਬਣਾ ਚੁੱਕੀ ਹੈ। ਪ੍ਰੋ. ਗੁਰਭਜਨ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਵਿਸ਼ਵ ਪੰਜਾਬ ਭਵਨ ਦੇ ਵਿਹੜੇ ਵਿੱਚ ਹੋਈ ਇੱਕ ਪ੍ਰਭਾਵਸ਼ਾਲੀ ਇਕੱਤਰਤਾ ਵਿੱਚ ਪਰਵਾਸੀ ਪੰਜਾਬੀ ਕਹਾਣੀ ਦੇ ਸਥਾਪਿਤ ਨਾਮ ਪਰਵੇਜ਼ ਸੰਧੂ ਦੇ ਨਵਾਂ ਕਹਾਣੀ ਸੰਗ੍ਰਹਿ 'ਪਰਹੀਣ ਪਰਿੰਦੇ' ਬਾਰੇ ਪੰਜਾਬੀ ਕਵੀ ਤੇ ਪੁਸਤਕ ਦੇ ਪ੍ਰਕਾਸ਼ਕ ਸਤੀਸ਼ ਗੁਲਾਟੀ ਨੇ ਦੱਸਿਆ ਕਿ ਸੰਵੇਦਨਾ ਦਾ ਮਨੁੱਖੀ ਸਰੂਪ ਵੇਖਣਾ ਹੋਵੇ ਤਾਂ ਇਹ ਪੁਸਤਕ ਪੜ੍ਹਨੀ ਚਾਹੀਦੀ ਹੈ। ਪੁਸਤਕ ਲੋਕ ਅਰਪਣ ਕਰਨ ਦੀ ਰਸਮ ਪੰਜਾਬੀ ਕਵੀ ਮਨਜਿੰਦਰ ਧਨੋਆ ,ਤਰਲੋਚਨ ਲੋਚੀ, ਗੁਰਬੀਰ ਸਿੰਘ ਬਰਾੜ ਅਤੇ ਵਿਸ਼ਵ ਪੰਜਾਬੀ ਸਭਾ ਦੇ ਭਾਰਤੀ ਇਕਾਈ ਪ੍ਰਧਾਨ ਸਿਫ਼ਰ ਸਤਬੀਰ ਸਿੰਘ ਨੇ ਸਾਂਝੇ ਤੌਰ 'ਤੇ ਨਿਭਾਈ।

ਸੁਰਤਿ ਮੈਗਜ਼ੀਨ ਦੇ ਸੰਪਾਦਕ ਅਤੇ ਗੁਰੂ ਨਾਨਕ ਕਾਲਿਜ ਬਟਾਲਾ ਦੇ ਪੰਜਾਬੀ ਵਿਭਾਗ ਦੇ ਅਸੋਸੀਏਟ ਪ੍ਰੋਫੈਸਰ ਡਾ. ਗੁਰਬੀਰ ਸਿੰਘ ਬਰਾੜ ਨੇ ਦੱਸਿਆ ਕਿ ਪਰਵੇਜ਼ ਸੰਧੂ ਦੀਆਂ ਕਹਾਣੀਆਂ ਸਰਲ ਤੇ ਤਾਜ਼ਾ ਸ਼ੈਲੀ ਛੋਟੀਆਂ-ਛੋਟੀਆਂ ਘਟਨਾਵਾਂ ਵਿੱਚੋਂ ਵੱਡੀਆਂ ਭਾਵਨਾਤਮਕ ਸੱਚਾਈਆਂ ਸਿਰਜਦੀਆਂ ਹਨ। ਉਨ੍ਹਾਂ ਦੀ ਰੌਚਿਕ ਤੇ ਬਿਹਤਰੀਨ ਪਾਤਰ-ਸਿਰਜਣਾ ਪਾਠਕ ਨੂੰ ਉਂਗਲ ਲਾ ਕੇ ਆਪਣੇ ਨਾਲ ਤੋਰ ਲੈਂਦੀ ਹੈ। ਤ੍ਰੈਲੋਚਨ ਲੋਚੀ ਨੇ ਵਿਸ਼ੇਸ਼ ਤੌਰ 'ਤੇ ਰੇਖਾਂਕਿਤ ਕੀਤਾ ਕਿ ਇਹ ਪੁਸਤਕ ਔਰਤ ਦ੍ਰਿਸ਼ਟੀਕੋਣ ਤੋਂ ਅਮਰੀਕਾ ਵੱਸਦੇ ਪੰਜਾਬੀਆਂ ਦੇ ਸੱਭਿਆਚਾਰਕ ਟਕਰਾਅ, ਨਰਸਿੰਗ ਹੋਮਜ਼ ਦੀ ਇਕੱਲਤਾ, ਬੁਢਾਪੇ ਦੀ ਬੇਵੱਸੀ, ਜਾਅਲੀ ਚਿੱਠੀਆਂ ਦੇ ਪ੍ਰਸੰਗ, ਰਿਸ਼ਤਿਆਂ ਦੇ ਨਿਘਾਰ ਅਤੇ ਸਮਾਜ ਦੀ ਦੋਹਰੀ ਸੋਚ ਵਰਗੇ ਮਾਨਸਿਕ ਦਵੰਦਾਂ ਨੂੰ ਬੇਹੱਦ ਸੰਵੇਦਨਸ਼ੀਲਤਾ ਨਾਲ ਬੇਨਕਾਬ ਕਰਦੀ ਹੈ, ਜਦਕਿ 'ਗੌਡੈੱਸ' ਅਤੇ 'ਸ਼ਹਿਨਸ਼ਾਹ' (ਡਾਊਨ ਸਿੰਡਰੋਮ ਪੀੜਤ ਬੱਚੇ ਦੇ ਪ੍ਰਸੰਗ) ਵਰਗੀਆਂ ਕਹਾਣੀਆਂ ਰਾਹੀਂ ਦੌਲਤ ਨਾਲੋਂ ਸੱਚੇ ਤੇ ਨਿਰਸਵਾਰਥ ਰੂਹਾਨੀ ਪਿਆਰ ਦੀ ਸਰਵਉੱਚਤਾ ਨੂੰ ਬਾਖ਼ੂਬੀ ਉਭਾਰਿਆ ਗਿਆ ਹੈ।

ਵਿਸ਼ਵ ਪੰਜਾਬੀ ਸਭਾ ਦੇ ਕੌਮੀ ਪ੍ਰਧਾਨ ਸਿਫਰ ਸਤਬੀਰ ਸਿੰਘ ਨੇ ਸਭ ਲੇਖਕਾਂ ਦਾ ਧੰਨਵਾਦ ਕੀਤਾ ਜਿੰਨ੍ਹਾਂ ਨੇ ਵਿਸ਼ਵ ਪੰਜਾਬੀ ਭਵਨ ਅੰਮ੍ਰਿਤਸਰ ਦੇ ਵਿਹੜੇ ਚਰਨ ਪਾਏ। ਉਨ੍ਹਾਂ ਕਿਹਾ ਕਿ ਵਿਸ਼ਵ ਪੰਜਾਬੀ ਸਭਾ ਦੇ ਸਰਪ੍ਰਸਤ ਪ੍ਰੋ. ਗੁਰਭਜਨ ਸਿੰਘ ਗਿੱਲ ਦੀ ਇਹ ਫੇਰੀ ਸਾਡੇ ਲਈ ਇਸ ਕਰਕੇ ਉਤਸ਼ਾਹ ਵਧਾਉਣ ਵਾਲੀ ਹੈ ਕਿਉਂਕਿ ਉਨ੍ਹਾਂ ਦੀ ਪ੍ਰੇਰਨਾ ਤੇ ਡਾ. ਦਲਬੀਰ ਸਿੰਘ ਕਥੂਰੀਆ ਜੀ ਦੀ ਅਗਵਾਈ ਹੇਠ ਹੀ ਇਸ ਭਵਨ ਦੀ ਉਸਾਰੀ ਕੀਤੀ ਗਈ ਹੋ। ਵਿਸ਼ਵ ਪੰਜਾਬੀ ਸਭਾ ਵੱਲੋਂ ਆਏ ਮਹਿਮਾਨ ਲੇਖਕਾਂ ਨੂੰ ਸਨਮਾਨਿਤ ਕੀਤਾ ਗਿਆ।




ARMAAN
ENTERPRISES INC
PATIO COVERS | RAILING | GATES
INSTALLATION & MAINTENANCE
RESIDENTIAL & COMMERCIAL
PATIO COVERS
RAILING & GATES
INSTALLATION, REPAIR & CLEANING
SERVING ALL LOWER
MAINLAND / ISLAND
SPECIALIST IN:
ALUMINUM PANELS AND
CLEAR GLASS OR LIGHT TINTED GLASS
WE INSTALLED PATIO COVERS AND
RAILING, GATES IN REASONABLE PRICE
QUALITY WORKMANSHIP,
BUILT TO LAST
QUALITY | RELIABILITY | SATISFACTION
BUILT FOR YOUR COMFORT. BUILT TO LAST.
M.S. MANGAT
604 710 1197
ARMAAN MANGAT
778 930 7500
armaanenterprisesinc7@gmail.com